@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily
Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 24 June 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 24 ਜੂਨ 2026, 10 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 230, qpatrika@gmail.com ਫੋਨ : 9971359517 www.qaumipatrika.org

## ਬੰਗਾਲ ਦੀ ਰਾਜਨੀਤੀ 'ਚ ਵੱਡਾ ਧਮਾਕਾ ! ਮਮਤਾ ਬੈਨਰਜੀ ਦੀ ਪਾਰਟੀ ਪ੍ਰਧਾਨਗੀ ਤੋਂ ਛੁੱਟੀ, ਭਤੀਜਾ ਵੀ ਸਸਪੈਂਡ

ਨੈਸ਼ਨਲ ਡੈਸਕ 23 ਜੂਨ। ਬੰਗਾਲ 'ਚ ਇੱਕ ਵੱਡਾ ਸਿਆਸੀ ਧਮਾਕਾ ਹੋ ਗਿਆ ਹੈ। ਅੱਜ ਸ਼ਾਮ ਨਿਊਟਾਊਨ 'ਚ ਹੋਈ ਇੱਕ ਮੀਟਿੰਗ ਤੋਂ ਬਾਅਦ ਤ੍ਰਿਣਮੂਲ ਕਾਂਗਰਸ ਦੇ ਬਾਗ਼ੀ ਧੜੇ ਨੇ ਮਮਤਾ ਬੈਨਰਜੀ ਨੂੰ ਤ੍ਰਿਣਮੂਲ ਚੇਅਰਪਰਸਨ ਦੇ ਅਹੁਦੇ ਤੋਂ ਹਟਾ ਦਿੱਤਾ। ਹਾਵੜਾ ਸੈਂਟਰਲ ਦੇ ਵਿਧਾਇਕ ਅਰੂਪ ਰਾਏ ਨੂੰ ਨਵਾਂ ਚੇਅਰਪਰਸਨ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਰਿਤਾਬ੍ਰਤ ਬੈਨਰਜੀ ਤੇ ਹੋਰਾਂ ਦੀ ਅਗਵਾਈ ਵਾਲੇ ਅਸਲੀ ਤ੍ਰਿਣਮੂਲ ਧੜੇ ਨੇ ਅਭਿਸ਼ੇਕ ਬੈਨਰਜੀ ਨੂੰ ਪਾਰਟੀ ਦੇ ਆਲ ਇੰਡੀਆ ਜਨਰਲ ਸਕੱਤਰ ਦੇ ਅਹੁਦੇ ਤੋਂ ਮੁਅੱਤਲ ਕਰ ਦਿੱਤਾ। ਪੱਛਮੀ ਬੰਗਾਲ ਵਿਧਾਨ ਸਭਾ ਦਾ ਬਜਟ ਸੈਸ਼ਨ ਸੋਮਵਾਰ ਨੂੰ ਹੋਇਆ। ਸੈਸ਼ਨ ਤੋਂ ਬਾਅਦ ਬਾਗ਼ੀ ਤ੍ਰਿਣਮੂਲ ਵਿਧਾਇਕਾਂ ਨੇ ਨਿਊਟਾਊਨ ਦੇ ਇੱਕ ਹੋਟਲ 'ਚ ਇੱਕ ਮੀਟਿੰਗ ਕੀਤੀ। ਕੋਲਕਾਤਾ ਦੇ ਲਗਭਗ 70 ਸਾਬਕਾ ਕੌਂਸਲਰਾਂ ਦੇ ਨਾਲ ਤ੍ਰਿਣਮੂਲ ਕਾਂਗਰਸ ਦੇ 60 ਵਿਧਾਇਕ ਮੀਟਿੰਗ 'ਚ ਸ਼ਾਮਲ ਹੋਏ। ਇਸ ਮੀਟਿੰਗ 'ਚ30 ਮੈਂਬਰੀ ਤ੍ਰਿਣਮੂਲ ਕਮੇਟੀ ਦੇ ਗਠਨ ਦਾ ਐਲਾਨ ਕੀਤਾ ਗਿਆ। ਜ਼ਿਲ੍ਹਾ ਪੱਧਰ ਤੋਂ ਲੈ ਕੇ ਵਿਧਾਇਕ ਪੱਧਰ ਤੱਕ ਦੇ 500 ਤ੍ਰਿਣਮੂਲ ਕਾਂਗਰਸ ਦੇ ਆਗੂ ਏਆਈਟੀਸੀ ਦੇ ਇੱਕ ਵਿਸ਼ੇਸ਼ ਸੈਸ਼ਨ ਵਿੱਚ ਹਿੱਸਾ ਲੈਣ ਲਈ ਸ਼ਹਿਰ ਦੇ ਇੱਕ ਹੋਟਲ ਵਿੱਚ ਇਕੱਠੇ ਹੋਏ। ਘੱਟੋ-ਘੱਟ 16 ਜ਼ਿਲ੍ਹਾ ਪ੍ਰਧਾਨ, ਸਾਬਕਾ ਵਿਧਾਇਕ, 60-70 ਕੌਂਸਲਰ ਅਤੇ ਬਾਗ਼ੀ ਵਿਧਾਇਕ ਮੌਜੂਦ ਸਨ। ਉੱਥੇ ਰਾਸ਼ਟਰੀ ਕਾਰਜ ਕਮੇਟੀ ਬਣਾਈ ਗਈ। ਬਾਗ਼ੀ ਧੜੇ ਨੇ ਸ਼ਹਿਰ ਦੇ ਇੱਕ ਹੋਟਲ ਵਿੱਚ ਤ੍ਰਿਣਮੂਲ ਕਾਂਗਰਸ ਦਾ ਇੱਕ ਵਿਸ਼ੇਸ਼ ਸੈਸ਼ਨ ਕੀਤਾ। ਟੀਐਮਸੀ ਦੇ ਸੰਵਿਧਾਨ ਦਾ ਹਵਾਲਾ ਦਿੰਦੇ ਹੋਏ ਮੌਜੂਦਾ ਅਤੇ ਸਾਬਕਾ ਵਿਧਾਇਕ, ਜ਼ਿਲ੍ਹਾ ਪ੍ਰਧਾਨ ਅਤੇ ਕੌਂਸਲਰ ਇੱਕ ਰਾਸ਼ਟਰੀ ਕਾਰਜ ਕਮੇਟੀ ਬਣਾਉਣ ਲਈ ਇਕੱਠੇ ਹੋਏ ਅਤੇ ਮਮਤਾ ਬੈਨਰਜੀ ਦੀ ਥਾਂ ਵਿਧਾਇਕ ਅਰੂਪ ਰਾਏ ਨੂੰ ਚੇਅਰਮੈਨ ਬਣਾਇਆ। ਉਹ ਅਗਲੇ 21 ਦਿਨਾਂ ਦੇ ਅੰਦਰ ਫਰੰਟਲ ਸੰਗਠਨ ਵੀ ਬਣਾਉਣਗੇ। ਤ੍ਰਿਣਮੂਲ ਦੇ ਬੈਂਕ ਖਾਤਿਆਂ ਨੂੰ ਕਿਵੇਂ ਬਰਕਰਾਰ ਰੱਖਣਾ ਹੈ ਇਸ ਬਾਰੇ ਕਾਨੂੰਨੀ ਸਲਾਹ ਲਈ ਜਾ ਰਹੀ ਹੈ।



# ਭਾਰਤ ਕੋਈ 'ਧਰਮਸ਼ਾਲਾ' ਨਹੀਂ, ਘੁਸਪੈਠੀਆਂ ਨੂੰ ਬਾਹਰ ਕੱਢਾਂਗੇ : ਸ਼ਾਹ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਕੋਲ੍ਹਾਪੁਰ, 23 ਜੂਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਾਂਗਰਸ 'ਤੇ ਘੁਸਪੈਠੀਆਂ ਨੂੰ ਪਨਾਹ ਦੇ ਕੇ 'ਵੋਟ ਬੈਂਕ ਦੀ ਸਿਆਸਤ' ਨੂੰ ਉਤਸ਼ਾਹ ਦੇਣ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਭਾਰਤ ਕੋਈ 'ਧਰਮਸ਼ਾਲਾ' ਨਹੀਂ ਹੈ ਅਤੇ ਇੱਥੇ ਘੁਸਪੈਠੀਆਂ ਲਈ ਕੋਈ ਥਾਂ ਨਹੀਂ ਹੈ। ਸ਼ਾਹ ਨੇ ਇਕ ਸਭਾ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕਿਸੇ ਵੀ ਘੁਸਪੈਠੀਏ ਨੂੰ ਦੇਸ਼ ਵਿਚ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਾਂਗਰਸ 'ਤੇ ਨਿਸ਼ਾਨਾ ਲਾਉਂਦੇ ਹੋਏ ਊਧਵ ਠਾਕਰੇ 'ਤੇ ਕਾਂਗਰਸ ਦੀ ਗੋਦ ਵਿਚ ਜਾ ਕੇ ਬੈਠ ਜਾਣ ਦਾ ਦੋਸ਼ ਲਾਇਆ ਅਤੇ ਉਸ 'ਤੇ ਘੁਸਪੈਠੀਆਂ ਦਾ ਸਮਰਥਨ ਕਰਨ ਦਾ ਦਾਅਵਾ ਕੀਤਾ। ਇਸ ਦੌਰਾਨ ਅਮਿਤ ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 12 ਸਾਲਾਂ ਦੇ ਕਾਰਜਕਾਲ ਨੂੰ ਸੁਤੰਤਰ ਭਾਰਤ ਦੇ ਇਤਿਹਾਸ ਵਿਚ ਅਹਿਮ ਸਥਾਨ ਮਿਲੇਗਾ ਅਤੇ ਉਨ੍ਹਾਂ ਦੇ ਕਾਰਜਕਾਲ ਨੂੰ ਇਕ ਮੁੜ-ਸੁਰਜੀਤ ਰਾਸ਼ਟਰ ਦੇ ਨਿਰਮਾਣ ਅਤੇ ਦੁਨੀਆ ਭਰ ਵਿਚ ਦੇਸ਼ ਦਾ ਵੱਕਾਰ ਵਧਾਉਣ ਲਈ ਯਾਦ ਕੀਤਾ ਜਾਵੇਗਾ। ਸ਼ਾਹ ਨੇ ਮਹਾਰਾਸ਼ਟਰ ਦੇ ਕੋਲ੍ਹਾਪੁਰ ਵਿਚ ਦੇਵੀ ਅੰਬਾਬਾਈ ਮੰਦਰ ਕਾਰੀਡੋਰ ਪ੍ਰਾਜੈਕਟ ਦੀ ਸ਼ੁਰੂਆਤ ਕਰਨ ਤੋਂ ਬਾਅਦ ਸਭਾ ਨੂੰ ਸੰਬੋਧਨ ਕਰਦੇ ਹੋਏ ਕਿਹਾ,"ਮੋਦੀ ਦੀ ਅਗਵਾਈ 'ਚ ਪਿਛਲੇ 12 ਸਾਲਾਂ ਵਿਚ ਅਜਿਹੇ ਕਈ ਕੰਮ ਪੂਰੇ ਹੋਏ, ਜਿਨ੍ਹਾਂ ਨੂੰ ਕਦੇ ਅਸੰਭਵ ਮੰਨਿਆ ਜਾਂਦਾ ਸੀ।" ਉਨ੍ਹਾਂ ਇਸ ਸੰਦਰਭ ਵਿਚ ਅਯੁੱਧਿਆ 'ਚ ਰਾਮ ਮੰਦਰ ਦੇ ਨਿਰਮਾਣ, ਕਾਸ਼ੀ ਵਿਸ਼ਵਨਾਥ ਕਾਰੀਡੋਰ ਦੇ ਮੁੜ-ਵਿਕਾਸ, ਕੇਦਾਰਨਾਥ ਤੇ ਬਦਰੀਨਾਥ ਧਾਮਾਂ ਵਿਚ ਕੀਤੇ ਗਏ ਕਾਰਜਾਂ ਅਤੇ ਸੋਮਨਾਥ ਤੇ ਕਾਮਾਖਿਆ ਮੰਦਰਾਂ ਨਾਲ ਜੁੜੇ ਪ੍ਰਾਜੈਕਟਾਂ ਦਾ ਜ਼ਿਕਰ ਕੀਤਾ। ਸ਼ਾਹ ਨੇ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਜਿੱਤ ਦਾ ਜ਼ਿਕਰ ਕਰਦੇ ਹੋਏ ਕਿਹਾ,"ਕੋਲ੍ਹਾਪੁਰ ਦੀ ਇਸ ਪਵਿੱਤਰ ਧਰਤੀ ਤੋਂ ਮੈਂ ਪੂਰੇ ਵਿਸ਼ਵਾਸ ਨਾਲ ਦੇਸ਼ਵਾਸੀਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਬੰਗਾਲ ਦੇ ਲੋਕਾਂ ਨੇ ਸਾਨੂੰ ਆਸ਼ੀਰਵਾਦ ਦਿੱਤਾ ਹੈ।" ਉਨ੍ਹਾਂ ਕਿਹਾ,"ਅਸੀਂ ਉਨ੍ਹਾਂ ਦੇ ਵਿਸ਼ਵਾਸ ਦੇ ਕਰਜ਼ਦਾਰ ਹਾਂ ਅਤੇ ਇਕ-ਇਕ ਘੁਸਪੈਠੀਏ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਦੇਸ਼ ਵਿਚੋਂ ਬਾਹਰ ਕੱਢ ਕੇ ਇਸ ਕਰਜ਼ੇ ਨੂੰ ਚੁਕਾਵਾਂਗੇ।" ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਊਧਵ ਠਾਕਰੇ ਦੀ ਅਗਵਾਈ ਵਾਲੀ ਸ਼ਿਵ ਸੈਨਾ (ਯੂ. ਬੀ. ਟੀ.) ਵਿਚ ਸੰਭਾਵਤ ਬਗਾਵਤ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਪਹਿਲਾਂ ਲੋਕਾਂ ਨੂੰ ਸ਼ਿੰਦੇ ਦੀ ਅਗਵਾਈ ਵਾਲੇ ਧੜੇ ਦਾ ਵੱਖਰੇ ਤੌਰ 'ਤੇ ਜ਼ਿਕਰ ਕਰਨਾ ਪੈਂਦਾ ਸੀ ਪਰ ਹੁਣ ਕੋਈ ਧੜਾ ਨਹੀਂ ਬਚਿਆ ਅਤੇ ਸਿਰਫ਼ ਇਕੋ ਸ਼ਿਵ ਸੈਨਾ ਹੈ ਜਿਸ ਦੀ ਕਮਾਨ ਏਕਨਾਥ ਸ਼ਿੰਦੇ ਦੇ ਹੱਥ ਵਿਚ ਹੈ। ਮੰਨਿਆ ਜਾ ਰਿਹਾ ਹੈ ਕਿ ਸ਼ਿਵ ਸੈਨਾ (ਯੂ. ਬੀ. ਟੀ.) ਸੰਕਟ ਦਾ ਸਾਹਮਣਾ ਕਰ ਰਹੀ ਹੈ ਕਿਉਂਕਿ ਘੱਟੋ-ਘੱਟ 6 ਲੋਕ ਸਭਾ ਮੈਂਬਰਾਂ ਨੇ ਠਾਕਰੇ ਖ਼?ਲਾਫ਼ ਬਗਾਵਤ ਕਰ ਦਿੱਤੀ ਹੈ ਅਤੇ ਉਨ੍ਹਾਂ ਦੇ ਸੱਤਾਧਾਰੀ ਸ਼ਿਵ ਸੈਨਾ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਹੈ।



## ਸ਼ਿਵ ਸੈਨਾ ਦੇ 6 ਬਾਗ਼ੀ ਸੰਸਦ ਮੈਂਬਰ ਸ਼ਿਵ ਸੈਨਾ 'ਚ ਸ਼ਾਮਲ, ਸ਼ਿੰਦੇ ਨੇ 'ਆਪ੍ਰੇਸ਼ਨ ਟਾਈਗਰ' ਨੂੰ ਸਫ਼ਲ ਦੱਸਿਆ

ਨੈਸ਼ਨਲ ਡੈਸਕ 23 ਜੂਨ। ਸ਼ਿਵ ਸੈਨਾ (ਉਬਾਥਾ) ਦੇ ਸਾਰੇ ਛੇ ਬਾਗੀ ਲੋਕ ਸਭਾ ਮੈਂਬਰ ਮੁੰਬਈ ਵਿੱਚ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਸੱਤਾਧਾਰੀ ਸ਼ਿਵ ਸੈਨਾ ਵਿੱਚ ਸ਼ਾਮਲ ਹੋ ਗਏ ਅਤੇ ਊਧਵ ਠਾਕਰੇ ਦੀ ਅਗਵਾਈ ਵਾਲੀ ਪਾਰਟੀ ਨੂੰ ਰਸਮੀ ਤੌਰ 'ਤੇ ਵੱਖ ਕਰ ਦਿੱਤਾ। ਨਵੀਂ ਦਿੱਲੀ ਵਿੱਚ ਸ਼ਿਵ ਸੈਨਾ (ਊਧਵ ਬਾਲਾਸਾਹਿਬ ਠਾਕਰੇ) ਦੀ ਸੰਸਦੀ ਪਾਰਟੀ ਦੀ ਇੱਕ ਅਹਿਮ ਮੀਟਿੰਗ ਨੂੰ ਛੱਡਣ ਤੋਂ ਪੰਜ ਦਿਨ ਬਾਅਦ ਸ਼ਿੰਦੇ ਅਤੇ ਪਾਰਟੀ ਦੇ ਹੋਰ ਸੀਨੀਅਰ ਨੇਤਾਵਾਂ ਦੀ ਹਾਜ਼ਰੀ ਵਿੱਚ ਇੱਕ ਸਮਾਗਮ ਵਿੱਚ ਬਾਗੀ ਸੰਸਦ ਮੈਂਬਰ ਸ਼ਿਵ ਸੈਨਾ ਵਿੱਚ ਸ਼ਾਮਲ ਹੋ ਗਏ। ਸ਼ਿਵ ਸੈਨਾ (ਉਬਾਥਾ) ਦੀ ਸੰਸਦੀ ਦਲ ਦੀ ਮੀਟਿੰਗ ਵਿੱਚ ਸਿਰਫ਼ ਤਿੰਨ ਲੋਕ ਸਭਾ ਮੈਂਬਰ ਸ਼ਾਮਲ ਹੋਏ। ਸ਼ਿਵ ਸੈਨਾ (ਉਬਾਥਾ) ਦੇ ਲੋਕ ਸਭਾ ਮੈਂਬਰ ਜਿਨ੍ਹਾਂ ਨੇ ਪੱਖ ਬਦਲਿਆ, ਉਹ ਹਨ: ਸੰਜੇ ਦੇਸ਼ਮੁਖ (ਯਵਤਮਾਲ), ਸੰਜੇ ਜਾਧਵ (ਪਰਭਨੀ), ਸੰਜੇ ਦੀਨਾ ਪਾਟਿਲ (ਮੁੰਬਈ ਉੱਤਰ ਪੂਰਬ), ਨਾਗੇਸ਼ ਪਾਟਿਲ-ਅਸ਼ਟੀਕਰ (ਹਿੰਗੋਲੀ), ਓਮਪ੍ਰਕਾਸ਼ ਰਾਜੇ ਨਿੰਬਲਕਰ (ਧਾਰਸ਼ਿਵ), ਅਤੇ ਭੌਸਹਿਰਚਾਦੀ ਵਾਕ)। ਉਨ੍ਹਾਂ ਨੇ 2024 ਦੀਆਂ ਆਮ ਚੋਣਾਂ ਵਿੱਚ ਭਾਜਪਾ ਅਤੇ ਸ਼ਿਵ ਸੈਨਾ ਦੇ ਉਮੀਦਵਾਰਾਂ ਨੂੰ ਹਰਾਇਆ। ਸ਼ਿਵ ਸੈਨਾ (ਉਬਾਥਾ) ਨੇ 2024 ਦੀਆਂ ਆਮ ਚੋਣਾਂ ਵਿੱਚ ਮਹਾਰਾਸ਼ਟਰ ਵਿੱਚ ਨੌਂ ਲੋਕ ਸਭਾ ਸੀਟਾਂ ਜਿੱਤੀਆਂ। ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਸ਼ਿੰਦੇ ਨੇ ਕਿਹਾ, ਇਹ ਲੋਕ ਸਭਾ ਮੈਂਬਰ ਹੁਣ ਅਸਲੀ ਸ਼ਿਵ ਸੈਨਾ ਵਿੱਚ ਸ਼ਾਮਲ ਹੋ ਗਏ ਹਨ, ਜੋ ਸਵਰਗੀ ਬਾਲਾ ਸਾਹਿਬ ਠਾਕਰੇ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਦੀ ਹੈ। ਚਾਰ ਸਾਲ ਪਹਿਲਾਂ, ਮੈਂ ਇੱਕ ਸਖ਼ਤ ਕਦਮ ਚੁੱਕਿਆ ਸੀ ਅਤੇ ਹੁਣ ਮੈਂ ਛੱਕਾ ਮਾਰਿਆ ਹੈ (ਪਾਸ ਬਦਲਣ ਵਾਲੇ ਸੰਸਦ ਮੈਂਬਰਾਂ ਦੀ ਗਿਣਤੀ ਦਾ ਹਵਾਲਾ ਦਿੰਦੇ ਹੋਏ)। ਸ਼ਿੰਦੇ ਨੇ ਜ਼ੋਰ ਦੇ ਕੇ ਕਿਹਾ, ਮੈਂ ਇਹ ਪਹਿਲਾਂ ਕੀਤਾ ਸੀ (ਜੂਨ 2022 ਵਿੱਚ ਸ਼ਿਵ ਸੈਨਾ ਵਿੱਚ ਫੁੱਟ) ਸਵਰਗੀ ਬਾਲਾ ਸਾਹਿਬ ਠਾਕਰੇ ਦੇ ਸਿਧਾਂਤਾਂ ਦੀ ਰੱਖਿਆ ਕਰਨ ਅਤੇ ਸ਼ਿਵ ਸੈਨਾ ਨੂੰ ਬਚਾਉਣ ਲਈ। ਹੁਣ, ਇਹ ਕਦਮ (ਸ਼ਿਵ ਸੈਨਾ ਉਬਾਥਾ ਦੇ ਲੋਕ ਸਭਾ ਮੈਂਬਰਾਂ ਵਿੱਚ ਬਗਾਵਤ) ਸ਼ਿਵ ਸੈਨਾ ਦੇ ਵਿਸਥਾਰ ਦਾ ਦੂਜਾ ਪੜਾਅ ਹੈ। ਉਪ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਆਪ੍ਰੇਸ਼ਨ ਟਾਈਗਰ ਹੁਣ ਪੂਰਾ ਅਤੇ ਸਫਲ ਹੋ ਗਿਆ ਹੈ।

## ਰਾਮ ਮੰਦਰ ਦੇ ਦਾਨ ਦੇ ਵਿੱਤੀ ਪ੍ਰਬੰਧਨ ਮਾਮਲੇ 'ਚ ਤੁਰੰਤ ਸੁਣਵਾਈ ਤੋਂ ਹਾਈ ਕੋਰਟ ਦੀ ਨਾਂਹ

ਲਖਨਊ 23 ਜੂਨ। ਇਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਨੇ ਰਾਮ ਮੰਦਰ 'ਚ ਸ਼ਰਧਾਲੂਆਂ ਵਲੋਂ ਦਿੱਤੇ ਗਏ ਦਾਨ ਦੇ ਵਿੱਤੀ ਪ੍ਰਬੰਧਨ 'ਚ ਬੇਨਿਯਮੀਆਂ ਦੀ ਜਾਂਚ ਦੀ ਮੰਗ ਵਾਲੀ ਪਟੀਸ਼ਨ 'ਤੇ ਤੁਰੰਤ ਸੁਣਵਾਈ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਸਪੱਸ਼ਟ ਕੀਤਾ ਕਿ ਮਾਮਲੇ 'ਚ ਅਜਿਹੀ ਕੋਈ ਸਥਿਤੀ ਨਹੀਂ ਹੈ, ਜਿਸ ਕਾਰਨ ਇਸ ਨੂੰ ਆਮ ਪ੍ਰਕਿਰਿਆ ਤੋਂ ਹਟ ਕੇ ਪਹਿਲ ਦਿੱਤੀ ਜਾਵੇ। ਹਾਈ ਕੋਰਟ ਜਸਟਿਸ ਜੱਜ ਪੰਕਜ ਭਾਟੀਆ ਅਤੇ ਜੱਜ ਅਮਿਤਾਭ ਕੁਮਾਰ ਰਾਏ ਦੀ ਬੈਂਚ ਨੇ ਇਹ ਟਿੱਪਣੀ ਉਸ਼ ਸ਼ਣਏਂ ਕੀਤੀ, ਜਦੋਂ ਪਟੀਸ਼ਨਕਰਤਾ ਮੋਹਿਤ ਅਸ਼ੋਕ ਨੇ ਮਾਮਲੇ ਦੀ ਗੰਭੀਰਤਾ ਦਾ ਹਵਾਲਾ ਦਿੰਦੇ ਹੋਏ ਜਲਦ ਸੁਣਵਾਈ ਦੀ ਮੰਗ ਕੀਤੀ। ਹਾਲਾਂਕਿ ਬੈਂਚ ਨੇ ਕਿਹਾ ਕਿ ਉਸ ਦੇ ਸਾਹਮਣੇ ਪਹਿਲਾਂ ਤੋਂ ਕਈ ਮਾਮਲੇ ਪੈਂਡਿੰਗ ਹਨ ਅਤੇ ਇਸ ਪਟੀਸ਼ਨ ਨੂੰ ਵਿਸ਼ੇਸ਼ ਪਹਿਲ ਦੇਣ ਦਾ ਕੋਈ ਆਧਾਰ ਨਹੀਂ ਬਣਦਾ। ਕੋਰਟ ਨੇ ਮੌਖਿਕ ਰੂਪ ਨਾਲ ਇਹ ਵੀ ਕਿਹਾ ਕਿ ਸੂਬਾ ਸਰਕਾਰ ਇਸ ਮੁੱਦੇ ਦਾ ਨੋਟਿਸ ਲੈ ਚੁੱਕੀ ਹੈ, ਇਸ ਲਈ ਤੁਰੰਤ ਦਖ਼ਲਅੰਦਾਜ਼ੀ ਦੀ ਲੋੜ ਨਹੀਂ ਦਿਖਾਈ ਦਿੰਦੀ। ਦੱਸਣਯੋਗ ਹੈ ਕਿ ਸੋਮਵਾਰ ਨੂੰ ਬੈਂਚ ਦੇ ਸਾਹਮਣੇ ਸੂਚੀਬੱਧ 529 ਨਵੇਂ ਮਾਮਲਿਆਂ 'ਚ ਇਹ ਪਟੀਸ਼ਨ 392ਵੇਂ ਸਥਾਨ 'ਤੇ ਸੀ। ਪਟੀਸ਼ਨਕਰਤਾ ਨੇ ਆਪਣੀ ਪਟੀਸ਼ਨ 'ਚ ਰਾਮ ਮੰਦਰ 'ਚ ਪ੍ਰਾਪਤ ਦਾਨ ਰਾਸ਼ੀ ਦੀ ਗਲਤ ਵਰਤੋਂ ਦੀ ਸੁਤੰਤਰ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਨਾਲ ਹੀ, ਉਨ੍ਹਾਂ ਨੇ ਭਾਰਤ ਦੇ ਕੰਟਰੋਲਰ ਅਤੇ ਆਡੀਟਰ ਜਨਰਲ (ਸੀਏਜੀ) ਤੋਂ ਇਸ ਮਾਮਲੇ ਦਾ ਇਡਟ ਕਰਵਾਉਣ ਦੇ ਨਿਰਦੇਸ਼ ਦੇਣ ਦੀ ਵੀ ਅਪੀਲ ਕੀਤੀ ਹੈ।

# ਕਾਲੇਜੀਅਮ ਦੇ ਕੰਮ 'ਚ ਦਖ਼ਲ ਦੇ ਕੇ 'ਵਿਵਾਦਾਂ ਦਾ ਪਿਟਾਰਾ' ਨਹੀਂ ਖੋਲ੍ਹਣਾ ਚਾਹੁੰਦੇ : ਸੁਪਰੀਮ ਕੋਰਟ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 23 ਜੂਨ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਹਿਮਾਚਲ ਪ੍ਰਦੇਸ਼ ਦੇ ਇਕ ਨਿਆਂਇਕ ਅਧਿਕਾਰੀ ਵਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰਦੇ ਹੋਏ ਕਿਹਾ,ਅਸੀਂ ਕਾਲੇਜੀਅਮ ਦੀ ਕਾਰਵਾਈ ਸਬੰਧੀ ਕੋਈ ਨਵਾਂ 'ਭਾਨੁਮਤੀ ਦਾ ਪਿਟਾਰਾ' ਯਾਨੀ ਵਿਵਾਦਾਂ ਦਾ ਪਿਟਾਰਾ ਨਹੀਂ ਖੋਲ੍ਹਣਾ ਚਾਹੁੰਦੇ। ਪਟੀਸ਼ਨਕਰਤਾ ਨੇ ਦੋਸ਼ ਲਗਾਇਆ ਸੀ ਕਿ ਹਿਮਾਚਲ ਪ੍ਰਦੇਸ਼ ਹਾਈ ਕੋਰਟ 'ਚ ਜੱਜਾਂ ਵਜੋਂ ਨਿਯੁਕਤੀ ਲਈ ਉਸ ਤੋਂ ਜੂਨੀਅਰ ਅਧਿਕਾਰੀਆਂ ਦੇ ਨਾਵਾਂ ਦੀ ਸਿਫਾਰਸ਼ ਕੀਤੀ ਗਈ ਹੈ। ਜਸਟਿਸ ਬੀ.ਵੀ. ਨਾਗਰਥਨਾ ਅਤੇ ਜੋਇਮਲਿਆ ਬਾਗਚੀ ਦੇ ਬੈਂਚ ਨੇ ਕਿਹਾ ਕਿ ਇਹ ਅਜਿਹੇ ਮਾਮਲੇ ਹਨ ਜਿਨਾਂ 'ਚ ਆਖ਼ਰਕਾਰ ਹਾਈ ਕੋਰਟ ਦੇ ਕਾਲੇਜੀਅਮ ਦੀ ਆਪਣੀ ਸੰਤੁਸ਼ਟੀ ਹੀ ਖੁਦ ਮਾਇਨੇ ਰੱਖਦੀ ਹੈ। ਬੈਂਚ ਨੇ ਸਵਾਲ ਪੁੱਛਿਆ,ਕੀ ਨਿਆਂਇਕ ਤੌਰ 'ਤੇ, ਸੁਪਰੀਮ ਕੋਰਟ ਕਾਲੇਜੀਅਮ ਨੂੰ ਇਹ ਕਹਿ ਸਕਦਾ ਹੈ ਕਿ ਤੁਸੀਂ ਇਹ ਕਰੋ ਜਾਂ ਉਹ ਕਰੋ ਅਤੇ ਕਿਸੇ ਨਾਂ 'ਤੇ ਵਿਚਾਰ ਕਰੋ? ਅਜਿਹਾ ਨਹੀਂ ਕੀਤਾ ਜਾ ਸਕਦਾ।" ਸੁਪਰੀਮ ਕੋਰਟ ਨੇ ਕਿਹਾ, ਨਿਆਂਇਕ ਤੌਰ 'ਤੇ, ਅਸੀਂ ਹਾਈ ਕੋਰਟ ਕਾਲੇਜੀਅਮ ਜਾਂ ਸੁਪਰੀਮ ਕੋਰਟ ਕਾਲੇਜੀਅਮ ਦੀ ਕਾਰਵਾਈ ਨੂੰ ਲੈ ਕੇ ਕੋਈ ਅਜਿਹੀ ਸਥਿਤੀ ਪੈਦਾ ਨਹੀਂ ਕਰਨਾ ਚਾਹੁੰਦੇ, ਜਿਸ ਨਾਲ ਨਵੀਆਂ ਅਤੇ ਜਟਿਲ ਸਮੱਸਿਆਵਾਂ ਖੜ੍ਹੀ ਹੋ ਜਾਣ। ਪਟੀਸ਼ਨਕਰਤਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਬਲਬੀਰ ਸਿੰਘ ਨੇ ਕਿਹਾ ਕਿ ਪਟੀਸ਼ਨਕਰਤਾ ਸੂਬੇ ਦਾ ਸਭ ਤੋਂ ਸੀਨੀਅਰ ਨਿਆਂਇਕ ਅਧਿਕਾਰੀ ਹੈ ਅਤੇ ਉਸ ਦੀ ਸੇਵਾ 'ਚ ਲਗਭਗ 10 ਸਾਲ ਬਾਕੀ ਹਨ। ਬੈਂਚ ਨੇ ਟਿੱਪਣੀ ਕੀਤੀ ਕਿ ਸਿਰਫ਼ ਇਸ ਲਈ ਕਿ ਕੋਈ ਵਿਅਕਤੀ ਸੀਨੀਅਰ ਹੈ, ਉਸ ਨੂੰ ਤਰੱਕੀ ਲਈ ਸਿਫਾਰਸ਼ ਕਰਨ ਦਾ ਹੱਕਦਾਰ ਨਹੀਂ ਬਣਾਉਂਦਾ। ਸੁਪਰੀਮ ਕੋਰਟ ਵੱਲੋਂ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰਨ ਤੋਂ ਬਾਅਦ, ਪਟੀਸ਼ਨਕਰਤਾ ਨੇ ਕਿਹਾ ਕਿ ਉਹ ਆਪਣੀ ਪਟੀਸ਼ਨ ਵਾਪਸ ਲੈ ਲਵੇਗਾ। ਨਾਲ ਹੀ ਉਨ੍ਹਾਂ ਨੇ ਹਾਈ ਕੋਰਟ ਦੇ ਸਮਰੱਥ ਅਧਿਕਾਰੀ ਤੋਂ ਪ੍ਰਸ਼ਾਸਨਿਕ ਪੱਧਰ 'ਤੇ ਉੱਚਿਤ ਰਾਹਤ ਮੰਗਣ ਜਾਂ ਨਿਆਇਕ ਪੱਧਰ 'ਤੇ ਉਪਾਅ ਲੱਭਣ ਦੀ ਛੋਟ ਵੀ ਦੇਣ ਦੀ ਅਪੀਲ ਕੀਤੀ। ਬੈਂਚ ਨੇ ਪਟੀਸ਼ਨਕਰਤਾ ਦੀ ਅਪੀਲ 'ਤੇ ਸਵੀਕਾਰ ਕਰਦੇ ਹੋਏ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ। ਸੁਪਰੀਮ ਕੋਰਟ ਕਾਲੇਜੀਅਮ ਨੇ 2 ਜੂਨ ਨੂੰ ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਜੱਜ ਵਜੋਂ ਤਿੰਨ ਨਿਆਇਕ ਅਧਿਕਾਰੀਆਂ- ਚਿਰਾਗ ਭਾਨੂ ਸਿੰਘ, ਭੂਪੇਸ਼ ਸ਼ਰਮਾ ਅਤੇ ਯੋਗੇਸ਼ ਜਾਇਸਵਾਲ ਦੀ ਨਿਯੁਕਤੀ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਸੀ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਸੁਣਵਾਈ ਦੌਰਾਨ ਟਿੱਪਣੀ ਕੀਤੀ ਕਿ ਰਿਕਾਰਡ 'ਚ ਅਜਿਹਾ ਕੁਝ ਵੀ ਨਹੀਂ ਹੈ, ਜਿਸ ਤੋਂ ਇਹ ਸੰਕੇਤ ਮਿਲੇ ਕਿ ਹਾਈ ਕੋਰਟ ਕਾਲੇਜੀਅਮ ਨੇ ਪਟੀਸ਼ਨਕਰਤਾ ਦਾ ਨਾਂ ਖਾਰਜ ਕਰ ਦਿੱਤਾ ਸੀ। ਬੈਂਚ ਨੇ ਕਿਹਾ,"ਇਸ ਪੜਾਅ 'ਚ ਤੁਹਾਡੀ ਉਮੀਦਵਾਰੀ ਨੂੰ ਅਸਵੀਕਾਰ ਨਹੀਂ ਕੀਤਾ ਗਿਆ ਹੈ। ਕਿਰਪਾ ਕੁਝ ਸਮੇਂ ਉਡੀਕ ਕਰੋ।"



# ਜੈਰਾਮ ਰਮੇਸ਼ ਨੇ ਗ੍ਰੇਟ ਇੰਡੀਅਨ ਬਸਟਾਰਡ ਸੰਭਾਲ ਪ੍ਰੋਗਰਾਮ ਦੀ ਸ਼ੁਰੂਆਤ ਨਾਲ ਸਬੰਧਿਤ ਘਟਨਾ ਨੂੰ ਕੀਤਾ ਯਾਦ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਦਿੱਲੀ 23 ਜੂਨ। ਸਾਬਕਾ ਵਾਤਾਵਰਣ ਮੰਤਰੀ ਜੈਰਾਮ ਰਮੇਸ਼ ਨੇ ਯਾਦ ਕੀਤਾ ਕਿ ਲਗਭਗ 50 ਸਾਲ ਪਹਿਲਾਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇੱਕ ਅਖ਼ਬਾਰ ਦੇ ਪਹਿਲੇ ਪੰਨੇ 'ਤੇ ਗ੍ਰੇਟ ਇੰਡੀਅਨ ਬਸਟਾਰਡ ਦੀ ਤਸਵੀਰ ਦੇਖੀ ਸੀ, ਜੋ ਅਲੋਪ ਹੋਣ ਦੇ ਕੰਢੇ 'ਤੇ ਸੀ। ਘਟਨਾਵਾਂ ਦੀ ਇੱਕ ਲੜੀ ਨੇ ਇਸ ਪੰਛੀ ਲਈ ਇੱਕ ਸੰਭਾਲ ਪ੍ਰੋਗਰਾਮ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ। ਰਮੇਸ਼ ਨੇ ਯਾਦ ਕੀਤਾ ਕਿ 50 ਸਾਲ ਪਹਿਲਾਂ, ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਹਲਦੀਘਾਟੀ ਦੀ ਲੜਾਈ ਦੀ 400ਵੀਂ ਵਰ੍ਹੇਗੰਢ ਮਨਾਉਣ ਲਈ ਇਸ ਸਥਾਨ ਦਾ ਦੌਰਾ ਕੀਤਾ ਸੀ। ਗਾਂਧੀ ਨੇ ਉੱਥੇ ਇੱਕ ਵੱਡੇ ਜਨਤਕ ਇਕੱਠ ਨੂੰ ਵੀ ਸੰਬੋਧਨ ਕੀਤਾ। ਰਮੇਸ਼ ਨੇ ✓ 'ਤੇ ਕਿਹਾ, ਉਦੈਪੁਰ ਜਾਣ ਵਾਲੀ ਸਵੇਰ ਦੀ ਉਡਾਣ ਵਿਚ ਉਨ੍ਹਾਂ ਨੇ ਇਤਫ਼ਾਕ ਨਾਲ ਹਿੰਦੁਸਤਾਨ ਟਾਈਮਜ਼ ਦਾ ਉਸ ਦਿਨ ਦਾ ਐਡੀਸ਼ਨ ਦੇਖਿਆ। ਪਹਿਲੇ ਪੰਨੇ 'ਤੇ ਗ੍ਰੇਟ ਇੰਡੀਅਨ ਬਸਟਾਰਡ ਦੀ ਤਸਵੀਰ ਛੱਪੀ ਹੋਈ ਸੀ, ਜੋ ਕਿ ਅਲੋਪ ਹੋਣ ਦੇ ਕੰਢੇ 'ਤੇ ਸੀ। ਉਸਨੇ ਅਖਬਾਰ ਦੇ ਪੰਨਾ ਚੌਥੇ 'ਤੇ ਇੱਕ ਖ਼ਬਰ ਵੀ ਪੜ੍ਹੀ। ਉਨ੍ਹਾਂ ਨੇ ਇਹ ਗੱਲ ਸਾਂਝਾ ਕੀਤੀ ਅਤੇ ਇੱਕ 50 ਸਾਲ ਪੁਰਾਣੇ ਅਖ਼ਬਾਰ ਦੇ ਪਹਿਲੇ ਪੰਨੇ ਦੀ ਫੋਟੋ ਪੋਸਟ ਕੀਤੀ। ਜੈਰਾਮ ਰਮੇਸ਼ ਨੇ ਕਿਹਾ, ਉਦੈਪੁਰ ਪਹੁੰਚਣ 'ਤੇ ਉਨ੍ਹਾਂ ਨੇ ਹਰਸ਼ਵਰਧਨ ਦੀ ਅਗਵਾਈ ਵਿੱਚ ਪੰਛੀ ਨਿਗਰਾਨਾਂ ਦੇ ਇੱਕ ਸਮੂਹ ਨਾਲ ਮੁਲਾਕਾਤ ਕੀਤੀ, ਜੋ ਉਸ ਸਮੇਂ ਰਾਜਸਥਾਨ ਵਾਈਲਡਲਾਈਫ ਬੋਰਡ ਦੇ ਮੈਂਬਰ ਸਨ। ਕਾਂਗਰਸ ਨੇਤਾ ਨੇ ਯਾਦ ਕੀਤਾ ਕਿ ਘਟਨਾਵਾਂ ਦੀ ਇਸ ਲੜੀ ਨੇ ਗ੍ਰੇਟ ਇੰਡੀਅਨ ਬਸਟਾਰਡ ਲਈ ਇੱਕ ਸੰਭਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ, ਨਾਲ ਹੀ ਜੈਸਲਮੇਰ ਅਤੇ ਬਾੜਮੇਰ ਦੇ ਨੇੜੇ ਵਿਸ਼ਾਲ ਮਾਰੂਥਲ ਰਾਸ਼ਟਰੀ ਪਾਰਕ ਸਥਾਪਤ ਕਰਨ ਲਈ ਕਦਮ ਚੁੱਕੇ। ਉਨ੍ਹਾਂ ਕਿਹਾ ਕਿ ਗ੍ਰੇਟ ਇੰਡੀਅਨ ਬਸਟਾਰਡ ਅਜੇ ਵੀ ਖ਼ਤਰੇ ਵਿੱਚ ਹੈ ਅਤੇ ਕਈ ਖਤਰਿਆਂ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਕਿਹਾ, ਪਰ 21 ਜੂਨ, 1976 ਨੂੰ ਉਦੈਪੁਰ ਲਈ ਉਸ ਉਡਾਣ ਤੋਂ ਬਾਅਦ, ਉਮੀਦਾਂ ਕਾਇਮ ਹਨ। ਦਰਅਸਲ, 1961 ਵਿੱਚ, ਪ੍ਰਸਿੱਧ ਪੰਛੀ ਵਿਗਿਆਨੀ ਸਲੀਮ ਅਲੀ ਨੇ ਇਸਨੂੰ ਰਾਸ਼ਟਰੀ ਪੰਛੀ ਬਣਾਉਣ ਦਾ ਪ੍ਰਸਤਾਵ ਵੀ ਰੱਖਿਆ ਸੀ। ਰਮੇਸ਼ ਨੇ ਕਿਹਾ ਕਿ ਹਾਲਾਂਕਿ, ਦੋ ਸਾਲ ਬਾਅਦ ਭਾਰਤੀ ਜੰਗਲੀ ਜੀਵ ਬੋਰਡ ਨੇ ਇਤਿਹਾਸਕ, ਮਿਥਿਹਾਸਕ, ਸੱਭਿਆਚਾਰਕ ਅਤੇ ਧਾਰਮਿਕ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਮੋਰ ਨੂੰ ਰਾਸ਼ਟਰੀ ਪੰਛੀ ਵਜੋਂ ਚੁਣਿਆ। ਉਨ੍ਹਾਂ ਦੱਸਿਆ ਕਿ ਇਸ ਬੋਰਡ ਦੀ ਅਗਵਾਈ ਮੈਸੂਰ ਦੇ ਤਤਕਾਲੀ ਮਹਾਰਾਜਾ ਜੈਚਮਰਾਜੇਂਦਰ ਵਾਡੀਅਰ ਕਰ ਰਹੇ ਸਨ।



न्याय सब के लिए
ACCESS TO JUSTICE FOR ALL
TRAFFIC POLICE DELHI
DELHI POLICE
SHANTI SEWA NYAYA



ਦਿੱਲੀ ਜ਼ਿਲ੍ਹਾ ਨਿਆਲਿਆ
ਵੀਕਐਂਡ ਯਾਤਾਯਾਤ ਨਿਆਲਿਆ

ਦਿੱਲੀ ਟ੍ਰੈਫਿਕ ਪੁਲਿਸ ਦੇ ਸਹਿਯੋਗ ਤੋਂ ਸਾਰੇ ਜ਼ਿਲ੍ਹਾ ਨਿਆਲਿਆ 'ਚ ਵੀਕਐਂਡ ਕੋਰਟ ਮਿਤੀ 05.07.2026 ਤੋਂ ਸ਼ੁਰੂ ਕਰਨ ਜਾ ਰਿਹਾ ਹੈ ਜੋ ਸਵੇਰੇ 10:00 ਵਜੇ ਤੋਂ ਸ਼ਾਮ 04:00 ਵਜੇ ਤਕ ਮਹੀਨੇ ਦੇ ਦੂਜੇ ਸ਼ਨੀਵਾਰ ਅਤੇ ਹਰੇਕ ਐਤਵਾਰ ਨੂੰ ਆਯੋਜਿਤ ਕੀਤੀ ਜਾਵੇਗੀ।

ਕੋਰਟ ਪਰਿਸਰ

ਪਟਿਆਲਾ ਹਾਊਸ | ਕੜਕੜਡੂਮਾ | ਤੀਸ ਹਜਾਰੀ | ਸਾਕੇਤ | ਰੋਹਿਣੀ | ਦਵਾਰਕਾ

◆ ਇਸ 'ਚ ਸਾਰੇ ਵਿਅਕਤੀਗਤ ਅਤੇ ਵਪਾਰਕ ਵਾਹਨਾਂ ਦੇ ਸਮਝੌਤੇ ਯੋਗ ਟ੍ਰੈਫਿਕ ਨੋਟਿਸੇਸ/ਚਾਲਾਨ, ਪ੍ਰਤੀ ਵਾਹਨ ਜ਼ਿਆਦਾ ਤੋਂ ਜ਼ਿਆਦਾ 20 ਨੋਟਿਸੇਸ/ਚਾਲਾਨ ਨਿਪਟਾਰੇ ਲਈ ਸ਼ਾਮਿਲ ਕੀਤੇ ਜਾਣਗੇ।

◆ ਨੋਟਿਸੇਸ/ਚਾਲਾਨ ਡਾਊਨਲੋਡ ਕਰਨ ਲਈ ਵੇਬਸਾਈਟ ਮਿਤੀ 25.06.2026 ਨੂੰ ਸਵੇਰੇ 10:00 ਵਜੇ ਤੋਂ ਲਾਈਵ ਹੋ ਜਾਵੇਗੀ। ਚਾਲਾਨ ਡਾਊਨਲੋਡ ਕਰਨ ਦੇ ਲਈ ਵੇਬਸਾਈਟ https://traffic.delhipolice.gov.in/evecourtddc 'ਤੇ ਜਾਓ ਜਾਂ ਕਿਊਆਰ ਕੋਡ ਸਕੈਨ ਕਰੋ।

ਕਿਊਆਰ ਕੋਡ ਚਾਲਾਨ ਕਿਵੇਂ ਡਾਊਨਲੋਡ ਕਰੋ, ਦੇਖਣ ਦੇ ਲਈ ਸਕੈਨ ਕਰੋ
ਕਿਊਆਰ ਕੋਡ ਚਾਲਾਨ ਡਾਊਨਲੋਡ ਦੇ ਲਈ ਸਕੈਨ ਕਰੋ

DP/9893/2026

ਵਧੇਰੇ ਜਾਣਕਾਰੀ ਦੇ ਲਈ
ਸਾਨੂੰ ਫੱਲੋ ਕਰੋ whatsapp: 8750871493 @dtptraffic @dtptraffic @dtptraffic
24x7 ਯਾਤਾਯਾਤ ਹੇਲਪਲਾਈਨ : 011-25844444

ਵੇਬਸਾਈਟ: www.traffice.delhipolice.gov.in
ਈ-ਮੇਲ: into.traffic@delhipolice.gov.in

ਦਿੱਲੀ ਰਾਜ ਵਿਧਿਕ ਸੇਵਾਵਾਂ ਪ੍ਰਾਧਿਕਰਣ
ਰਾਊਜ਼ ਏਵਨਿਊ ਜ਼ਿਲ੍ਹਾ ਕੋਰਟ ਕਾਂਪਲੈਕਸ
ਤੀਜੀ ਮੰਜ਼ਿਲ, ਪੰਡਤ ਦੀਨ ਦਿਆਲ ਉਪਾਧਿਆਏ ਮਾਰਗ, ਨਵੀਂ ਦਿੱਲੀ-110002
ਹੇਲਪਲਾਈਨ 1516

ਇਕ ਯਾਤਾਯਾਤ ਪ੍ਰਹਰੀ ਬਣੋ
ਯਾਤਾਯਾਤ ਪ੍ਰਹਰੀ ਐਪ ਡਾਊਨਲੋਡ ਕਰੋ
Download on the App Store or GET IT ON Google Play

# ਮੋਟਾਪੇ ਕਾਰਨ ਜਲਦੀ ਬੁੱਢਾ ਹੋ ਰਿਹਾ ਦਿਲ ! ਮਾਹਿਰਾਂ ਨੇ ਦਿੱਤੀ ਚਿਤਾਵਨੀ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 23 ਜੂਨ। ਡਾਕਟਰਾਂ ਦਾ ਕਹਿਣਾ ਹੈ ਕਿ ਤੁਹਾਡਾ ਦਿਲ ਉਸ ਤੋਂ ਕਿਤੇ ਬੁੱਢਾ ਹੋ ਸਕਦਾ ਹੈ, ਜਿੰਨਾ ਤੁਸੀਂ ਸੋਚਦੇ ਹੋ। ਉਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਭਾਰਤ 'ਚ ਮੋਟਾਪਾ ਵਧਣ ਕਾਰਨ, ਬਹੁਤ ਸਾਰੇ ਲੋਕਾਂ ਦੀ ਦਿਲ ਦੀ ਉਮਰ (ਕਾਰਡੀਅਕ ਏਜ) ਉਨ੍ਹਾਂ ਦੀ ਅਸਲ ਉਮਰ ਨਾਲੋਂ ਬਹੁਤ ਜ਼ਿਆਦਾ ਹੋ ਸਕਦੀ ਹੈ, ਜਿਸ ਨਾਲ ਛੋਟੀ ਉਮਰ 'ਚ ਦਿਲ ਦੀਆਂ ਬੀਮਾਰੀਆਂ ਦਾ ਖ਼ਤਰਾ ਵਧ ਸਕਦਾ ਹੈ। ਇਹ ਚਿੰਤਾ ਰਾਸ਼ਟਰੀ ਪਰਿਵਾਰਕ ਸਿਹਤ ਸਰਵੇਖਣ-6 ਦੇ ਨਤੀਜਿਆਂ ਤੋਂ ਬਾਅਦ ਸਾਹਮਣੇ ਆਈ ਹੈ, ਜਿਸ ਤੋਂ ਪਤਾ ਲੱਗਾ ਹੈ ਕਿ ਭਾਰਤੀ ਬਾਲਗਾਂ 'ਚ ਮੋਟਾਪੇ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। ਸਰਵੇਖਣ 'ਚ ਪਾਇਆ ਗਿਆ ਕਿ 2023-24 'ਚ 15 ਤੋਂ 49 ਸਾਲ ਦੀ ਉਮਰ ਦੀਆਂ 30.7 ਫੀਸਦੀ ਔਰਤਾਂ ਜ਼ਿਆਦਾ ਭਾਰ ਜਾਂ ਮੋਟਾਪੇ ਦਾ ਸ਼ਿਕਾਰ ਸਨ, ਜਦੋਂ ਕਿ (2019-21) 'ਚ ਇਹ ਅਨੁਪਾਤ 24 ਫੀਸਦੀ ਸੀ। ਉੱਥੇ ਹੀ ਮਰਦਾਂ 'ਚ ਇਹ ਅਨੁਪਾਤ 22.9 ਫੀਸਦੀ ਤੋਂ ਵੱਧ ਕੇ 27.3 ਫੀਸਦੀ ਹੋ ਗਿਆ। ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਤਬਦੀਲੀ ਅਤੇ ਨਾਲ ਹੀ ਸ਼ੂਗਰ ਤੇ ਹਾਈ ਬਲੱਡ ਪ੍ਰੈਸ਼ਰ ਦੇ ਵਧਦੇ ਮਾਮਲਿਆਂ ਕਾਰਨ ਦਿਲ ਦੀਆਂ ਬੀਮਾਰੀਆਂ ਦਾ ਖਤਰਾ ਵਧ ਸਕਦਾ ਹੈ। ਅਖਿਲ ਭਾਰਤੀ ਆਯੁਰਵਿਗਿਆਨ ਸੰਸਥਾ (ਏਮਜ਼), ਦਿੱਲੀ 'ਚ ਦਿਲ ਦੇ ਰੋਗ ਦੇ ਪ੍ਰੋਫੈਸਰ ਡਾ. ਨਿਤੀਸ਼ ਨਾਈਕ ਨੇ ਕਿਹਾ ਕਿ ਦਿਲ ਦੇ ਰੋਗ ਦੇ ਜ਼ੋਖ਼ਮ ਨੂੰ ਅਜਿਹੇ ਤਰੀਕੇ ਨਾਲ ਸਮਝਾਉਣ ਲਈ 'ਦਿਲ ਦੀ ਉਮਰ' ਦਾ ਇਸਤੇਮਾਲ ਤੇਜ਼ੀ ਨਾਲ ਵਧ ਰਿਹਾ ਹੈ, ਜਿਸ ਨੂੰ ਲੋਕ ਆਸਾਨੀ ਨਾਲ ਸਮਝ ਸਕਣ। ਡਾ. ਨਾਈਕ ਨੇ ਕਿਹਾ,"ਦਿਲ ਦੀ ਉਮਰ ਜ਼ਰੂਰੀ ਨਹੀਂ ਕਿ ਕਿਸੇ ਵਿਅਕਤੀ ਦੀ ਅਸਲ ਉਮਰ (ਕ੍ਰੋਨੋਲਾਜਿਕਲ ਏਜ) ਦੇ ਬਰਾਬਰ ਹੀ ਹੋਵੇ। ਇਹ ਵੱਖ-ਵੱਖ ਜ਼ੋਖ਼ਮ ਕਾਰਕਾਂ ਦੇਆਧਾਰ 'ਤੇ ਦਿਲ ਦੇ ਸਵਸਥ ਜਾਂ ਅਸਵਸਥ ਹੋਣ ਦਾ ਮੁਲਾਂਕਣ ਹੈ।" ਉਨ੍ਹਾਂ ਕਿਹਾ ਕਿ ਮੋਟਾਪਾ, ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਬਿਨਾਂ ਜ਼ਿਆਦਾ ਸਰੀਰਕ ਗਤੀਵਿਧੀ ਵਾਲੀ ਜੀਵਨਸ਼ੈਲੀ ਵਾਲੇ 35 ਸਾਲਾ ਵਿਅਕਤੀ 'ਚ



ਦਿਲ ਦੀ ਬੀਮਾਰੀ ਦਾ ਜ਼ੋਖਮ ਓਨਾ ਹੀ ਹੋ ਸਕਦਾ ਹੈ, ਜਿੰਨਾ ਕਿਸੇ ਵੱਧ ਉਮਰ ਦੇ ਵਿਅਕਤੀ 'ਚ ਹੁੰਦਾ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ, ਜ਼ਿਆਦਾ ਭਾਰ, ਮੋਟਾਪਾ ਗੈਰ-ਸੰਚਾਰੀ ਰੋਗਾਂ ਲਈ ਮੁੱਖ ਜ਼ੋਖਮ ਕਾਰਕਾਂ 'ਚੋਂ ਹੈ। ਇਨ੍ਹਾਂ 'ਚ ਦਿਲ ਦਾ ਰੋਗ ਅਤੇ ਜ਼ੋਖ਼ਮ ਸ਼ਾਮਲ ਹੈ, ਜੋ ਦੁਨੀਆ ਭਰ 'ਚ ਮੌਤ ਦੇ ਮੁੱਖ ਕਾਰਨ ਬਣੇ ਹੋਏ ਹਨ। 'ਦਿਲ ਅਤੇ ਫੇਫੜਾ' ਰੋਗ ਸੰਸਥਾ ਖੋਜ ਕੇਂਦਰ ਦੇ ਮੁਖੀ ਡਾ. ਰਾਹੁਲ ਚੰਦੋਲਾ ਨੇ ਕਿਹਾ ਕਿ ਮੋਟਾਪਾ 'ਕਾਰਡੀਓਵੈਸਕੁਲਰ ਹੈਲਥ (ਦਿਲ ਅਤੇ ਫੇਫੜਿਆਂ ਦੀ ਸਿਹਤ) ਦਾ ਇਕ ਮੁੱਖ ਕਾਰਕ ਹੈ ਅਤੇ ਇਹ ਭਾਰਤ ਸਮੇਤ ਪੂਰੀ ਦੁਨੀਆ 'ਚ ਇਕ ਵੱਡੀ ਸਮੱਸਿਆ ਹੈ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੱਕ ਦਫ਼ਤਰ 'ਚ ਬੈਠੇ ਰਹਿਣਾ, ਗੈਰ-ਸਿਹਤਮੰਦ ਭੋਜਨ ਦਾ ਸੇਵਨ ਅਤੇ ਤਣਾਅ ਮੋਟਾਪਾ ਵਧਾਉਂਦੇ ਹਨ। ਸੀਤਾਰਾਮ ਭਾਰਤੀਆ ਇੰਸਟੀਚਿਊਟ ਆਫ਼ ਸਾਇੰਸ ਐਂਡ ਰਿਸਰਚ ਦੇ ਮੈਡੀਸਨ ਵਿਭਾਗ ਦੇ ਮੁਖੀ ਡਾ. ਅਨਿਲ ਗੁਰਟੂ ਨੇ ਕਿਹਾ,ਕੈਲੰਡਰ ਦੇ ਹਿਸਾਬ ਨਾਲ ਸਾਡੀ ਉਮਰ ਕੁਝ ਹੋਰ ਹੋ ਸਕਦੀ ਹੈ ਪਰ ਦਿਲ ਦੀ ਉਮਰ ਕੁਝ ਹੋਰ ਹੋ ਸਕਦੀ ਹੈ। ਇਸ ਲਈ ਭਾਵੇਂ ਕੈਲੰਡਰ ਦੇ ਅਨੁਸਾਰ, ਅਸੀਂ 40 ਸਾਲ ਦੇ ਹਾਂ ਪਰ ਸਾਡੇ ਦਿਲ ਦੀ ਉਮਰ 60 ਸਾਲ ਤੋਂ ਜ਼ਿਆਦਾ ਹੋ ਸਕਦੀ ਹੈ।"

## ਕੰਟਰੋਲ ਰੇਖਾ ਪਾਰ ਕਰਨ ਮਗਰੋਂ ਪਾਕਿਸਤਾਨੀ ਨਾਗਰਿਕ ਗ੍ਰਿਫ਼ਤਾਰ

ਕੁਪਵਾੜਾ 23 ਜੂਨ। ਫੌਜ ਨੇ ਸ਼ਨੀਵਾਰ ਨੂੰ ਦੱਸਿਆ ਕਿ ਉੱਤਰੀ ਕਸ਼ਮੀਰ ਦੇ ਕੁਪਵਾੜਾ ਜ਼ਿਲ੍ਹੇ ਦੇ ਸਿਮਰੀ ਪਿੰਡ ਨੇੜੇ ਇੱਕ ਪਾਕਿਸਤਾਨੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ੱਕ ਹੈ ਕਿ ਉਸ ਨੇ ਸ਼ੱਕੀ ਹਾਲਾਤਾਂ ਵਿੱਚ ਕੰਟਰੋਲ ਰੇਖਾ ਪਾਰ ਕੀਤੀ ਸੀ। 'ਐਕਸ' 'ਤੇ ਇੱਕ ਪੋਸਟ ਵਿੱਚ, ਚਿਨਾਰ ਕੋਰ ਨੇ ਜ਼ਿਕਰ ਕੀਤਾ ਕਿ ਚੌਕਸ ਸੈਨਿਕਾਂ ਨੇ ਜੰਮੂ ਅਤੇ ਕਸ਼ਮੀਰ ਪੁਲਸ ਨਾਲ ਤਾਲਮੇਲ ਕਰਕੇ ਘੁਸਪੈਠੀਏ ਨੂੰ ਫੜਨ ਲਈ ਤੇਜ਼ੀ ਨਾਲ ਕਾਰਵਾਈ ਕੀਤੀ, ਜਿਸ ਨਾਲ ਕਿਸੇ ਵੀ ਸੰਭਾਵੀ ਸੁਰੱਖਿਆ ਉਲੰਘਣਾ ਨੂੰ ਟਾਲਿਆ ਗਿਆ। ਫੌਜ ਨੇ ਕਿਹਾ, ਖੁਫੀਆ ਜਾਣਕਾਰੀ ਦੇ ਆਧਾਰ 'ਤੇ, ਅਲਰਟ ਚਿਨਾਰ ਵਾਰੀਅਰਜ਼ ਨੇ ਜੰਮੂ ਅਤੇ ਕਸ਼ਮੀਰ ਪੁਲਸ ਨਾਲ ਇੱਕ ਸਾਂਝੇ ਆਪ੍ਰੇਸ਼ਨ 'ਚ ਕੁਪਵਾੜਾ ਦੇ ਸਿਮਰੀ ਪਿੰਡ ਨੇੜੇ ਇੱਕ ਪਾਕਿਸਤਾਨੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਜੋ ਸ਼ੱਕੀ ਹਾਲਾਤਾਂ ਵਿੱਚ ਕੰਟਰੋਲ ਰੇਖਾ ਪਾਰ ਕਰ ਗਿਆ ਸੀ। ਚੌਕਸ ਸਾਂਝੀ ਟੀਮ ਨੇ ਵਿਅਕਤੀ ਨੂੰ ਰੋਕਣ ਅਤੇ ਕਿਸੇ ਵੀ ਸੰਭਾਵੀ ਸੁਰੱਖਿਆ ਉਲੰਘਣਾ ਨੂੰ ਰੋਕਣ ਲਈ ਤੇਜ਼ੀ ਨਾਲ ਕਾਰਵਾਈ ਕੀਤੀ।

# ਤੇਜ਼ ਰਫਤਾਰ ਬਣੀ ਕਾਲ ! ਝਾਰਖੰਡ 'ਚ ਸੜਕ ਹਾਦਸਿਆਂ 'ਚ ਦੋ ਭਰਾਵਾਂ ਸਮੇਤ 3 ਲੋਕਾਂ ਦੀ ਮੌਤ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 23 ਜੂਨ। ਝਾਰਖੰਡ ਦੇ ਲਾਤੇਹਾਰ ਅਤੇ ਗੋਡਾ ਜ਼ਿਲ੍ਹਿਆਂ ਵਿੱਚ ਸ਼ਨੀਵਾਰ ਨੂੰ ਦੋ ਵੱਖ-ਵੱਖ ਸੜਕ ਹਾਦਸਿਆਂ ਵਿੱਚ ਦੋ ਭਰਾਵਾਂ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ। ਲਾਤੇਹਾਰ ਦੇ ਸਦਰ ਥਾਣਾ ਖੇਤਰ ਦੇ ਖੁਟਗੜ੍ਹੀ ਪਿੰਡ ਨੇੜੇ ਇੱਕ ਮੋਟਰਸਾਈਕਲ ਅਤੇ ਚਾਰ ਪਹੀਆ ਵਾਹਨ ਦੀ ਆਹਮੋ-ਸਾਹਮਣੇ ਟੱਕਰ ਵਿੱਚ ਦੋ ਭਰਾਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸਦਰ ਥਾਣਾ ਇੰਚਾਰਜ ਪ੍ਰਮੋਦ ਕੁਮਾਰ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਬੀਰੇਂਦਰ ਲੋਹਾਰਾ ਅਤੇ ਸੁਰੇਂਦਰ ਲੋਹਾਰਾ ਵਜੋਂ ਹੋਈ ਹੈ, ਜੋ ਕਿ ਚੰਦਵਾ ਥਾਣਾ ਖੇਤਰ ਦੇ ਮੁਰਤੀਆ ਪਿੰਡ ਦੇ ਵਸਨੀਕ ਸਨ। ਦੋਵੇਂ ਮੋਟਰਸਾਈਕਲ 'ਤੇ ਲਾਤੇਹਾਰ ਸ਼ਹਿਰ ਜਾ ਰਹੇ ਸਨ, ਜਦੋਂ ਕਿ ਕਾਰ ਉਲਟ ਦਿਸ਼ਾ ਤੋਂ ਆ ਰਹੀ ਸੀ। ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਹਾਦਸਾ ਤੇਜ਼ ਰਫ਼ਤਾਰ ਕਾਰਨ ਹੋਇਆ ਹੈ। ਮੋਟਰਸਾਈਕਲ ਸਵਾਰਾਂ ਵਿੱਚੋਂ ਕਿਸੇ ਨੇ ਵੀ ਹੈਲਮੇਟ ਨਹੀਂ ਪਾਇਆ ਹੋਇਆ ਸੀ। ਉਨ੍ਹਾਂ ਕਿਹਾ ਕਿ ਦੋਵਾਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਸਦਰ ਹਸਪਤਾਲ ਭੇਜ ਦਿੱਤਾ ਗਿਆ ਹੈ। ਚਾਰ ਪਹੀਆ ਵਾਹਨ ਮੌਕੇ 'ਤੇ ਛੱਡਿਆ ਮਿਲਿਆ ਸੀ ਅਤੇ ਇਸਦੇ ਡਰਾਈਵਰ ਨੂੰ ਲੱਭਣ ਲਈ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਦੋਵੇਂ ਵਾਹਨਾਂ ਨੂੰ ਜ਼ਬਤ ਕਰ ਲਿਆ ਗਿਆ ਹੈ ਤੇ ਜਾਂਚ ਕੀਤੀ ਜਾ ਰਹੀ ਹੈ। ਇੱਕ ਹੋਰ ਹਾਦਸੇ ਵਿੱਚ ਗੋਡਾ ਜ਼ਿਲ੍ਹੇ ਦੇ ਮਹਾਗਮਾ ਥਾਣਾ ਖੇਤਰ ਦੇ ਬਾਸੂਆ ਚੌਕ ਨੇੜੇ ਸਵੇਰ ਦੀ ਸੈਰ ਲਈ ਨਿਕਲੇ 55 ਸਾਲਾ ਵਿਅਕਤੀ ਨੂੰ ਪਿੱਛੋਂ ਤੋਂ ਆ ਰਹੀ ਇੱਕ ਪਿਕਅੱਪ ਵੈਨ ਨੇ ਕੁਚਲ ਦਿੱਤਾ।



ਮਹਾਗਮਾ ਥਾਣਾ ਇੰਚਾਰਜ ਮਨੋਜ ਕੁਮਾਰ ਪਾਲ ਨੇ ਕਿਹਾ, ਮ੍ਰਿਤਕ ਦੀ ਪਛਾਣ ਅਰਜੁਨ ਰਵੀਦਾਸ ਵਜੋਂ ਹੋਈ ਹੈ, ਜੋ ਕਿ ਉਸੇ ਖੇਤਰ ਦੀ ਰਵੀਦਾਸ ਕਲੋਨੀ ਦਾ ਰਹਿਣ ਵਾਲਾ ਹੈ। ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਭੇਜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ, ਹਾਦਸੇ ਤੋਂ ਬਾਅਦ ਡਰਾਈਵਰ ਗੱਡੀ ਛੱਡ ਕੇ ਭੱਜ ਗਿਆ। ਪਿਕਅੱਪ ਵੈਨ ਨੂੰ ਜ਼ਬਤ ਕਰ ਲਿਆ ਗਿਆ ਹੈ ਤੇ ਡਰਾਈਵਰ ਨੂੰ ਗ੍ਰਿਫਤਾਰ ਕਰਨ ਲਈ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ। ਮਾਮਲੇ ਦੀ ਵਿਸਥਾਰਤ ਜਾਂਚ ਕੀਤੀ ਜਾ ਰਹੀ ਹੈ।

# ਹੈਰੋਇਨ ਵੇਚਣ ਵਾਲੇ 3 ਮੁਲਜ਼ਮ ਪਿਸਤੌਲ ਸਣੇ ਗ੍ਰਿਫ਼ਤਾਰ, ਇਕ ਕਤਲ ਦੀ ਕੋਸ਼ਿਸ਼ ਦੇ ਮਾਮਲੇ 'ਚ ਭਗੌੜਾ ਨਿਕਲਿਆ

ਜਲੰਧਰ 23 ਜੂਨ। ਸੀ. ਆਈ. ਏ. ਸਟਾਫ਼ ਨੇ ਸ਼ਹਿਰ ਵਿਚ ਹੈਰੋਇਨ ਵੇਚਣ ਵਾਲੇ ਤਿੰਨ ਮੁਲਜ਼ਮਾਂ ਨੂੰ 32 ਬੋਰ ਦੀ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ ਹੈ। ਤਿੰਨਾਂ ਖ਼?ਲਾਫ਼ ਕੇਸ ਦਰਜ ਕਰਕੇ ਉਨ੍ਹਾਂ ਨੂੰ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਜਾਂਚ ਵਿਚ




ਪਤਾ ਲੱਗਾ ਹੈ ਕਿ ਮੁਲਜ਼ਮ ਅੰਮ੍ਰਿਤਸਰ ਅਤੇ ਕਪੂਰਥਲਾ ਵਾਲੇ ਪਾਸਿਓਂ ਹੈਰੋਇਨ ਮੰਗਵਾ ਕੇ ਜਲੰਧਰ ਵਿਚ ਵੇਚਦੇ ਸਨ। ਡੀ. ਸੀ. ਪੀ. ਇਨਵੈਸਟੀਗੇਸ਼ਨ ਮਨਪ੍ਰੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਸੀ. ਆਈ. ਏ. ਸਟਾਫ਼ ਦੇ ਇੰਚਾਰਜ ਸੁਰਿੰਦਰ ਕੁਮਾਰ ਕੰਬੋਜ ਨੂੰ ਸੂਚਨਾ ਮਿਲੀ ਸੀ ਕਿ ਬੂਟਾ ਪਿੰਡ ਦਾ ਰਹਿਣ ਵਾਲਾ ਨਿਖਿਲ ਨਾਹਰ ਪੁੱਤਰ ਮਦਨ ਲਾਲ ਹੈਰੋਇਨ ਵੇਚਣ ਦਾ ਧੰਦਾ ਕਰਦਾ ਹੈ ਅਤੇ ਉਸ ਕੋਲ ਇਕ ਨਾਜਾਇਜ਼ ਪਿਸਤੌਲ ਵੀ ਹੈ। ਇੰਸਪੈਕਟਰ ਸੁਰਿੰਦਰ ਕੁਮਾਰ ਕੰਬੋਜ ਦੀ ਅਗਵਾਈ ਹੇਠ ਉਨ੍ਹਾਂ ਦੀ ਟੀਮ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਨਿਖਿਲ ਨੂੰ ਹਿਰਾਸਤ ਵਿਚ ਲੈ ਲਿਆ, ਜਿਸ ਦੀ ਤਲਾਸ਼ੀ ਲੈਣ 'ਤੇ ਉਸ ਕੋਲੋਂ 50 ਗ੍ਰਾਮ ਹੈਰੋਇਨ ਅਤੇ 32 ਬੋਰ ਦੀ ਪਿਸਤੌਲ, ਮੈਗਜ਼ੀਨ ਅਤੇ ਦੋ ਗੋਲ?ਆਂ ਬਰਾਮਦ ਹੋਈਆਂ। ਪੁਲਸ ਨੇ ਨਿਖਿਲ ਖ਼?ਲਾਫ਼ ਥਾਣਾ ਨੰ. 7 ਵਿਚ ਕੇਸ ਦਰਜ ਕਰਕੇ ਉਸ ਨੂੰ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਉਸ ਨਾਲ ਮਿਲ ਕੇ ਅਭਿਸ਼ੇਕ ਉਰਫ਼ ਸਾਹਿਲ ਕਾਲੀ ਪੁੱਤਰ ਰਾਮ ਪਾਲ ਨਿਵਾਸੀ ਸੋਫ਼ੀ ਪਿੰਡ ਵੀ ਹੈਰੋਇਨ ਵੇਚਣ ਦਾ ਕੰਮ ਕਰਦਾ ਹੈ। ਪੁਲਸ ਨੇ ਸਾਹਿਲ ਕਾਲੀ ਨੂੰ ਵੀ ਜਾਲ ਵਿਛਾ ਕੇ ਫੜ ਲਿਆ, ਜਿਸ ਕੋਲੋਂ 50 ਗ੍ਰਾਮ ਹੈਰੋਇਨ ਮਿਲੀ। ਪੁਲਸ ਨੇ ਸਾਹਿਲ ਕਾਲੀ ਤੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਕਬੂਲਿਆ ਕਿ ਕਪੂਰਥਲਾ ਦੇ ਸ਼ਹਿਰੀਆਂ ਮੁਹੱਲੇ ਦਾ ਰਹਿਣ ਵਾਲਾ ਕਰਨ ਉਰਫ਼ ਗੰਜਾ ਪੁੱਤਰ ਅਜੈ ਕੁਮਾਰ ਉਸ ਨੂੰ ਹੈਰੋਇਨ ਵੇਚਦਾ ਸੀ, ਜਿਸ ਤੋਂ ਬਾਅਦ ਉਹ ਅੱਗੇ ਨਿਖਿਲ ਅਤੇ ਹੋਰ ਲੋਕਾਂ ਨੂੰ ਵੇਚ ਦਿੰਦਾ ਸੀ। ਪੁਲਸ ਨੇ ਲੈਦਰ ਕੰਪਲੈਕਸ ਰੋਡ 'ਤੇ ਨਾਕਾਬੰਦੀ ਦੌਰਾਨ ਕਰਨ ਉਰਫ਼ ਗੰਜਾ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਤਿੰਨਾਂ ਖ਼?ਲਾਫ਼ ਕੇਸ ਦਰਜ ਕਰਕੇ ਪੁਲਸ ਨੇ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਮੁਲਜ਼ਮਾਂ ਨੇ ਮੰਨਿਆ ਕਿ ਉਹ ਕਪੂਰਥਲਾ ਅਤੇ ਅੰਮ੍ਰਿਤਸਰ ਤੋਂ ਹੈਰੋਇਨ ਖਰੀਦ ਕੇ ਅੱਗੇ ਵੇਚਦੇ ਸਨ। ਪੁਲਸ ਦਾ ਕਹਿਣਾ ਹੈ ਕਿ ਮੁਲਜ਼ਮਾਂ ਦੇ ਨੈੱਟਵਰਕ ਨਾਲ ਜੁੜੇ ਲੋਕਾਂ ਦੀ ਪਛਾਣ ਕੀਤੀ ਜਾ ਰਹੀ ਹੈ ਅਤੇ ਜਲਦ ਇਸ ਨੈੱਟਵਰਕ ਨਾਲ ਜੁੜੇ ਹੋਰ ਮੁਲਜ਼ਮਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਜਾਵੇਗਾ।

# ਹੁਸ਼ਿਆਰਪੁਰ ਵਣ ਵਿਭਾਗ ਦੀ ਵੱਡੀ ਕਾਰਵਾਈ: ਅੱਧੀ ਰਾਤ ਨੂੰ ਪਿੱਛਾ ਕਰ ਕੇ ਖ਼ੈਰ ਦੀ ਲੱਕੜ ਨਾਲ ਲੱਦੀ ਗੱਡੀ ਕੀਤੀ ਕਾਬੂ

**ਕੌਮੀ ਪਤ੍ਰਿਕਾ**

ਹੁਸ਼ਿਆਰਪੁਰ 23 ਜੂਨ। ਵਣ ਵਿਭਾਗ ਹੁਸ਼ਿਆਰਪੁਰ ਦੀ ਟੀਮ ਨੇ ਮੁੱਖ ਵਣ ਪਾਲ ਡਾ. ਸੰਜੀਵ ਤਿਵਾੜੀ (ਆਈ. ਐੱਫ. ਐੱਸ.) ਅਤੇ ਡੀ. ਐੱਫ. ਓ. ਧਰਮਵੀਰ ਢੇਰੂ (ਆਈ. ਐੱਫ. ਐੱਸ.) ਦੇ ਨਿਰਦੇਸ਼ਾਂ 'ਤੇ ਜੰਗਲਾਂ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕਰਦਿਆਂ ਬੀਤੀ ਦੇਰ ਰਾਤ ਚੋਰੀ ਦੀ ਖ਼ੈਰ ਦੀ ਲੱਕੜ ਨਾਲ ਭਰੇ ਇਕ ਵਾਹਨ ਨੂੰ ਫੜਨ 'ਚ ਸਫ਼ਲਤਾ ਹਾਸਲ ਕੀਤੀ ਹੈ। ਇਸ ਸਬੰਧੀ ਡੀ. ਐੱਫ. ਓ. ਨੇ ਦੱਸਿਆ ਕਿ ਦੇਰ ਰਾਤ ਕਰੀਬ 3 ਵਜੇ ਗਸ਼ਤ ਦੌਰਾਨ ਵਿਭਾਗ ਦੀ ਟੀਮ ਨੂੰ ਸੂਚਨਾ ਮਿਲੀ ਸੀ ਕਿ ਚੌਹਾਲ ਦੇ ਸਲੇਰਨ ਖੇਤਰ ਵਿਚ ਕੁਝ ਖ਼ੈਰ ਸਮੱਗਲਰ ਰੁੱਖਾਂ ਦੀ ਨਾਜਾਇਜ਼ ਕਟਾਈ ਕਰ ਰਹੇ ਹਨ। ਸੂਚਨਾ ਮਿਲਦਿਆਂ ਹੀ ਟੀਮ ਨੇ ਤੁਰੰਤ ਕਾਰਵਾਈ ਕੀਤੀ ਅਤੇ ਮੌਕੇ 'ਤੇ ਪਹੁੰਚ ਕੇ ਦੇਖਿਆ ਕਿ 2 ਵਾਹਨ ਜੰਗਲ 'ਚੋਂ ਚੋਰੀ ਦੀ ਖ਼ੈਰ ਦੀ ਲੱਕੜ ਲੈ ਕੇ ਜਾ ਰਹੇ ਸਨ। ਜਦੋਂ ਵਣ ਵਿਭਾਗ ਦੀ ਟੀਮ ਨੇ ਉਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਨ੍ਹਾਂ ਨੇ ਸਰਕਾਰੀ ਵਾਹਨ ਨੂੰ ਟੱਕਰ ਮਾਰ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਇਕ ਸਕਾਰਪੀਓ ਵਰਗਾ ਵਾਹਨ, ਜਿਸ ਵਿਚ ਕੁਝ ਲੋਕ ਸਵਾਰ ਸਨ, ਮੌਕੇ ਤੋਂ ਫ਼ਰਾਰ ਹੋਣ ਵਿਚ ਕਾਮਯਾਬ ਹੋ ਗਿਆ। ਉਥੇ ਹੀ ਇਕ ਬੋਲੈਰੋ ਪਿਕਅੱਪ ਵਾਹਨ ਦੇ ਚਾਲਕ ਨੇ ਜਦੋਂ ਦੇਖਿਆ ਕਿ ਉਹ ਘਿਰ ਚੁੱਕਾ ਹੈ, ਤਾਂ ਉਹ ਵਾਹਨ ਛੱਡ ਕੇ ਫ਼ਰਾਰ ਹੋ ਗਿਆ। ਇਸ ਵਾਹਨ ਵਿਚ 2 ਵਿਅਕਤੀ ਸਵਾਰ ਸਨ, ਜੋ ਹਨੇਰੇ ਦਾ ਫ਼ਾਇਦਾ ਉਠਾ ਕੇ ਭੱਜਣ 'ਚ ਕਾਮਯਾਬ ਰਹੇ। ਵਣ ਵਿਭਾਗ ਦੀ ਟੀਮ ਨੇ ਉਕਤ ਵਾਹਨ ਨੂੰ ਜ਼ਬਤ ਕਰ ਲਿਆ ਹੈ, ਜਿਸ ਵਿਚ ਵੱਡੀ ਮਾਤਰਾ ਵਿਚ ਚੋਰੀ ਦੀ ਖ਼ੈਰ ਦੀ ਲੱਕੜ ਲੱਦੀ ਹੋਈ ਸੀ। ਡੀ. ਐੱਫ. ਓ. ਨੇ ਦੱਸਿਆ ਕਿ ਮੁੱਢਲੀ ਜਾਂਚ ਵਿਚ ਕਰੀਬ 10 ਖ਼ੈਰ ਦੇ ਰੁੱਖ ਕੱਟੇ ਜਾਣ ਦਾ ਖ਼ਦਸ਼ਾ ਹੈ। ਜੰਗਲ ਵਿਚ ਇਹ ਪਤਾ ਲਗਾਉਣ ਲਈ ਜਾਂਚ ਜਾਰੀ ਹੈ ਕਿ ਕੁੱਲ ਕਿੰਨੇ ਰੁੱਖਾਂ ਦੀ ਕਟਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਲੱਕੜ ਸਮੱਗਲਰਾਂ ਖਿਲਾਫ ਕਾਰਵਾਈ ਲਈ ਪੁਲਸ ਨੂੰ ਲਿਖਿਆ ਜਾ ਰਿਹਾ ਹੈ ਅਤੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ, ਤਾਂ ਜੋ ਜੰਗਲਾਂ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਖਿਲਾਫ ਹੋਰ ਸਖ਼ਤ ਕਾਰਵਾਈ ਕੀਤੀ ਜਾ ਸਕੇ। ਇਕ ਸਵਾਲ ਦੇ ਜਵਾਬ ਵਿਚ ਡੀ. ਐੱਫ. ਓ. ਨੇ ਦੱਸਿਆ ਕਿ ਜ਼ਬਤ ਕੀਤੇ ਗਏ ਵਾਹਨ 'ਤੇ ਲੱਗਿਆ ਨੰਬਰ ਵੀ ਫਰਜ਼ੀ ਜਾਪਦਾ ਹੈ। ਮੁੱਢਲੀ ਜਾਣਕਾਰੀ ਅਨੁਸਾਰ ਮੁਲਜ਼ਮ ਹਿਮਾਚਲ ਪ੍ਰਦੇਸ਼ ਵਾਲੇ ਪਾਸੇ ਦੇ ਦੱਸੇ ਜਾ ਰਹੇ ਹਨ। ਮਾਮਲੇ ਦੀ ਜਾਂਚ ਜਾਰੀ ਹੈ। ਇਸ ਮੌਕੇ ਵਣ ਰੇਂਜ ਅਫ਼ਸਰ ਜਸਪਾਲ ਸਿੰਘ ਅਤੇ ਮਨਜਿੰਦਰ ਸਿੰਘ, ਬੀ. ਓ. ਅਵਤਾਰ ਸਿੰਘ, ਬੀ. ਓ. ਜਸਵੀਰ ਸਿੰਘ, ਬੀ. ਓ. ਬਲਵੰਤ ਕੁਮਾਰ, ਆਕਾਸ਼ ਅੰਗੁਰਾਲ, ਗੁਰਪ੍ਰੀਤ ਸਿੰਘ, ਦੀਪਕ ਬਹਿਲ, ਗੁਰਪ੍ਰੀਤ, ਮਨਜੀਤ ਸਿੰਘ, ਗੁਰਪ੍ਰੀਤ ਸਿੰਘ, ਪਰਮਜੀਤ ਕੌਰ, ਬਲਜੀਤ ਕੌਰ, ਕ੍ਰਿਸ਼ਨ ਕੁਮਾਰ, ਪਿੱਪਲ ਸਿੰਘ, ਦਿਨੇਸ਼ ਕੁਮਾਰ, ਹਿਮਾਂਸ਼ੂ ਸਲਾਰੀਆ ਸਮੇਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਵਣ ਰੱਖਿਅਕ ਹਾਜ਼ਰ ਸਨ।

## ਧਾਰੀਵਾਲ 'ਚ ਦੂਜੀ ਵਾਰ ਸਬਜ਼ੀ ਦੀਆਂ ਦੁਕਾਨਾਂ ਨੂੰ ਲੱਗੀ ਅੱਗ

ਗੁਰਦਾਸਪੁਰ 23 ਜੂਨ। ਕਸਬਾ ਧਾਰੀਵਾਲ 'ਚ ਲਗਾਤਾਰ ਦੂਜੀ ਰਾਤ ਸਬਜ਼ੀ ਦੀਆਂ ਦੁਕਾਨਾਂ 'ਚ ਅੱਗ ਲੱਗਣ ਦੀ ਘਟਨਾ ਸਾਹਮਣੇ ਆਈ ਹੈ। ਇਸ ਨਾਲ ਦੁਕਾਨਦਾਰਾਂ ਨੂੰ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਦੁਕਾਨਦਾਰਾਂ ਮੁਤਾਬਕ ਪਹਿਲਾਂ ਵੀ ਅੱਗ ਲੱਗੀ ਸੀ। ਉਸ ਸਮੇਂ ਉਨ੍ਹਾਂ ਨੇ ਰਾਤ ਨੂੰ ਅੱਗ ਬੁਝਾ ਕੇ ਘਰ ਜਾਣ ਤੋਂ ਬਾਅਦ ਕਿਸੇ ਸ਼ਰਾਰਤੀ ਅਨਸਰ ਨੇ ਫਿਰ ਅੱਗ ਲਾ ਦਿੱਤੀ, ਜਿਸ ਨਾਲ ਸਾਰਾ ਸਾਮਾਨ ਸੜ ਕੇ ਸਵਾਹ ਹੋ ਗਿਆ। ਮੌਕੇ 'ਤੇ ਪਹੁੰਚੇ ਸ਼ਿਵ ਸੈਨਾ ਆਗੂ ਹਨੀ ਮਹਾਜਨ ਨੇ ਦੁਕਾਨਦਾਰਾਂ ਨਾਲ ਦੁੱਖ ਸਾਂਝਾ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਗੂ ਹਨੀ ਮਹਾਜਨ ਅਤੇ ਦੁਕਾਨਦਾਰਾਂ ਨੇ ਕਿਹਾ ਕਿ ਲਗਾਤਾਰ ਦੋ ਰਾਤਾਂ ਨੂੰ ਅੱਗ ਲੱਗਣ ਦੀ ਘਟਨਾ ਵਾਪਰੀ ਹੈ, ਜਿਸ ਕਾਰਨ ਸ਼ਹਿਰ 'ਚ ਦਹਿਸ਼ਤ ਦਾ ਮਾਹੌਲ ਹੈ। ਦੁਕਾਨਦਾਰਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸ਼ਰਾਰਤੀ ਅਨਸਰ ਨੂੰ ਜਲਦ ਤੋਂ ਜਲਦ ਲੱਭ ਕੇ ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

## ਭੇਤਭਰੇ ਹਾਲਾਤ 'ਚ 24 ਸਾਲਾ ਨੌਜਵਾਨ ਲਾਪਤਾ

ਬਟਾਲਾ/ਸੁਜਾਨਪੁਰ/ਪਠਾਨਕੋਟ 23 ਜੂਨ। ਅੱਜ 'ਜਗ ਬਾਣੀ' ਦਫਤਰ ਬਟਾਲਾ ਵਿਖੇ ਆਪਣਾ ਦੁੱਖੜਾ ਸੁਣਾਉਂਦਿਆਂ ਪਵਨ ਕੁਮਾਰ ਪੁੱਤਰ ਤਰਸੇਮ ਲਾਲ ਵਾਸੀ ਅਰਲੀਭੰਨ ਨੇ ਦੱਸਿਆ ਕਿ ਸਾਡਾ ਭਰਾ ਰਾਜ ਕੁਮਾਰ (24) ਜਿਸ ਨੂੰ ਸਾਡੇ ਜੀਜੇ ਨੇ ਸੁਜਾਨਪੁਰ ਵਿਖੇ ਕੰਮ 'ਤੇ ਲਗਾਉਣ ਲਈ ਖੜਿਆ ਸੀ, ਜਿਥੇ ਉਸ ਨੇ ਥੋੜ੍ਹੇ ਦਿਨ ਇਕ ਪੈਲੇਸ ਵਿਚ ਕੰਮ ਕੀਤਾ ਅਤੇ ਫਿਰ ਜੀਜੇ ਕੋਲ ਹੀ ਰਹਿਣ ਲੱਗ ਪਿਆ। ਉਸ ਦੱਸਿਆ ਕਿ ਅਕਸਰ ਸਾਨੂੰ ਘਰ ਫੋਨ ਕਰਦਾ ਰਹਿੰਦਾ ਸੀ ਅਤੇ ਜਦੋਂ ਇਸ ਦਾ ਕੁਝ ਦਿਨ ਫੋਨ ਨਾ ਆਇਆ ਤਾਂ ਅਸੀਂ ਆਪਣੇ ਜੀਜੇ ਕੋਲ ਉਸ ਬਾਰੇ ਪਤਾ ਕਰਨ ਗਏ ਤਾਂ ਉਸ ਨੇ ਕਿਹਾ ਕਿ ਉਹ ਇਥੋਂ ਚਲਾ ਗਿਆ ਹੈ। ਪਵਨ ਕੁਮਾਰ ਨੇ ਅੱਗੇ ਦੱਸਿਆ ਕਿ ਇਸਦੇ ਬਾਅਦ ਸਾਨੂੰ ਬੀਤੀ 11 ਜੂਨ ਸਰਨਾ ਨਹਿਰ ਦੇ ਕਿਨਾਰੇ ਤੋਂ ਰਾਜ ਕੁਮਾਰ ਦੇ ਕੱਪੜੇ ਤੇ ਮੋਟਰਸਾਈਕਲ ਮਿਲਿਆ ਪਰ ਇਸ ਬਾਰੇ ਕੋਈ ਪਤਾ ਨਹੀਂ ਲੱਗਾ, ਜਿਸ ਸਬੰਧੀ ਅਸੀਂ ਥਾਣਾ ਸੁਜਾਨਪੁਰ ਵਿਖੇ ਪੁਲਸ ਨੂੰ ਲਿਖਤੀ ਦਰਖਾਸਤ ਵੀ ਦਿੱਤੀ ਸੀ।

# ਜ਼ਹਿਰੀਲੀ ਦਵਾਈ ਨਾਲ ਹੋਈ ਵਿਅਕਤੀ ਦੀ ਮੌਤ, ਪਤਨੀ ਨੇ ਸਾਥੀਆਂ ਸਮੇਤ...

ਤਰਨਤਾਰਨ 23 ਜੂਨ। ਨੌਜਵਾਨ ਵੱਲੋਂ ਜ਼ਹਿਰੀਲੀ ਦਵਾਈ ਪੀਣ ਤੋਂ ਬਾਅਦ ਉਸਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਿਸ ਤੋਂ ਬਾਅਦ ਉਸਦੀ ਪਤਨੀ ਵੱਲੋਂ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਆਪਣੇ ਸਹੁਰੇ ਪਰਿਵਾਰ ਨੂੰ ਬਿਨਾਂ ਜਾਣਕਾਰੀ ਦਿੱਤੇ ਉਸ ਦੀ ਲਾਸ਼ ਨੂੰ ਖੁਰਦ ਬੁਰਦ ਕਰਨ ਦੀ ਨੀਅਤ ਨਾਲ ਅੰਤਿਮ ਸਸਕਾਰ ਕਰ ਦਿੱਤਾ ਗਿਆ। ਇਸ ਮਾਮਲੇ ਵਿੱਚ ਥਾਣਾ ਸਦਰ ਤਰਨਤਾਰਨ ਦੀ ਪੁਲਸ ਨੇ ਮ੍ਰਿਤਕ ਦੀ ਪਤਨੀ ਨੂੰ ਗ੍ਰਿਫਤਾਰ ਕਰਦੇ ਹੋਏ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸੂਬਾ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਪਿੰਡ ਮਮਦੋਟ ਜ਼ਿਲਾ ਫਿਰੋਜ਼ਪੁਰ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਸ ਦੇ ਬੇਟੇ ਅਮਨਜੀਤ ਸਿੰਘ ਜਿਸ ਦੀ ਉਮਰ ਕਰੀਬ 33 ਸਾਲ ਹੈ ਵੱਲੋਂ ਕਰੀਬ 5 ਸਾਲ ਪਹਿਲਾਂ ਕੋਰਟ ਮੈਰਿਜ ਹਰਪ੍ਰੀਤ ਕੌਰ ਨਾਲ ਕਰਵਾਈ ਗਈ ਸੀ। ਜਿਸ ਤੋਂ ਬਾਅਦ ਦੋਵਾਂ ਵਿੱਚ ਅਕਸਰ ਲੜਾਈ ਝਗੜਾ ਰਹਿੰਦਾ ਸੀ। ਬੀਤੀ 16 ਜੂਨ ਨੂੰ ਦੁਪਹਿਰ ਕਰੀਬ 1 ਵਜੇ ਉਸਨੂੰ ਪਤਾ ਲੱਗਾ ਕਿ ਉਸਦੇ ਲੜਕੇ ਨੇ ਕੋਈ ਜ਼ਹਿਰੀਲੀ ਦਵਾਈ ਪੀ ਲਈ ਹੈ, ਜਿਸ ਦੀ ਮੌਤ ਹੋ ਗਈ ਹੈ। ਉਸ ਨੂੰ ਪੂਰਾ ਯਕੀਨ ਹੈ ਕਿ ਇਹੋ ਜ਼ਹਿਰੀਲੀ ਦਵਾਈ ਉਸਦੀ ਪਤਨੀ ਹਰਪ੍ਰੀਤ ਕੌਰ ਨੇ ਉਸ ਨੂੰ ਦੇ ਕੇ ਮਾਰ ਦਿੱਤਾ ਹੈ ਅਤੇ ਆਪਣੇ ਕੁਝ ਅਣਪਛਾਤੇ ਵਿਅਕਤੀਆਂ ਨਾਲ ਰਲ ਕੇ ਲਾਸ਼ ਨੂੰ ਖੁਰਦ ਬੁਰਦ ਕਰਨ ਦੀ ਨੀਅਤ ਨਾਲ ਉਹਨਾਂ ਨੂੰ ਬਿਨਾਂ ਦੱਸੇ ਉਸਦਾ ਅੰਤਮ ਸੰਸਕਾਰ ਕਰ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਥਾਣਾ ਸਦਰ ਤਰਨਤਾਰਨ ਦੇ ਏਐਸਆਈ ਕਮਲਜੀਤ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਮ੍ਰਿਤਕ ਦੀ ਪਤਨੀ ਹਰਪ੍ਰੀਤ ਕੌਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਜਦਕਿ ਇਸ ਮਾਮਲੇ ਵਿੱਚ ਤਿੰਨ ਅਣਪਛਾਤੇ ਵਿਅਕਤੀਆਂ ਦੀ ਵੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

## ਸਾਬਕਾ ਫੌਜੀ ਦੇ ਘਰੋਂ 2 ਲਾਇਸੈਂਸੀ ਹਥਿਆਰ ਤੇ 20 ਹਜ਼ਾਰ ਦੀ ਨਕਦੀ ਚੋਰੀ

ਬਾਬਾ ਬਕਾਲਾ ਸਾਹਿਬ 23 ਜੂਨ। ਬਾਬਾ ਬਕਾਲਾ ਸਾਹਿਬ ਸਥਿਤ ਦੌਲੋਨੰਗਲ ਰੋਡ 'ਤੇ ਰਹਿੰਦੇ ਸੁਰਮੁੱਖ ਸਿੰਘ ਸਾਬਕਾ ਫੌਜੀ ਦੇ ਘਰ 'ਚ ਚੋਰਾਂ ਵੱਲੋਂ ਚੋਰੀ ਦੀ ਵੱਡੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਸਾਬਕਾ ਫੌਜੀ ਦੀ ਧਰਮਪਤਨੀ ਬਲਜੀਤ ਕੌਰ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਸਮੇਤ ਰਿਸ਼ਤੇਦਾਰਾਂ ਕੋਲ ਗਏ ਹੋਏ ਸਨ। ਆਉਂਦਿਆਂ ਹੀ ਉਨ੍ਹਾਂ ਦੇਖਿਆ ਕਿ ਮੁੱਖ ਦਰਵਾਜ਼ੇ ਨੂੰ ਅੰਦਰਲੇ ਪਾਸਿਓਂ ਬੰਦ ਕੀਤਾ ਹੋਇਆ ਸੀ, ਜਦਕਿ ਘਰ ਦੇ ਬਾਕੀ ਦਰਵਾਜ਼ੇ ਖੁੱਲ੍ਹੇ ਪਏ ਸਨ। ਚੋਰਾਂ ਵੱਲੋਂ ਉਨ੍ਹਾਂ ਦੇ ਸਾਰੇ ਘਰ ਦੀ ਤਲਾਸ਼ੀ ਲਈ ਗਈ ਸੀ ਅਤੇ ਸਾਮਾਨ ਦੀ ਫਰੋਲਾ-ਫਰਾਲੀ ਕੀਤੀ ਗਈ ਸੀ। ਇਸ ਦੌਰਾਨ ਘਰ 'ਚ ਮੌਜੂਦ ਦੋ ਲਾਇਸੈਂਸੀ ਹਥਿਆਰ, ਜਿਨ੍ਹਾਂ 'ਚ ਇਕ 32 ਬੋਰ ਦਾ ਪਿਸਤੌਲ ਅਤੇ ਇਕ 12 ਬੋਰ ਦੀ ਗੰਨ ਸ਼ਾਮਿ ਹੈ, ਸਮੇਤ ਕਾਰਤੂਸ ਚੋਰਾਂ ਵੱਲੋਂ ਚੋਰੀ ਕਰ ਲਏ ਗਏ ਸੀ। ਇਸ ਦੇ ਨਾਲ ਹੀ ਘਰ ਵਿਚ ਪਈ 20 ਹਜ਼ਾਰ ਰੁਪਏ ਦੀ ਨਕਦੀ ਵੀ ਚੋਰਾਂ ਵੱਲੋਂ ਉਡਾ ਲਈ ਗਈ ਅਤੇ ਉਹ ਪਰਿਵਾਰਕ ਮੈਂਬਰਾਂ ਦੇ 2 ਪਾਸਪੋਰਟ ਵੀ ਜਾਂਦੇ ਸਮੇਂ ਆਪਣੇ ਨਾਲ ਲੈ ਗਏ। ਇਸ ਘਟਨਾ ਦੀ ਸੂਚਨਾ ਪੁਲਸ ਚੌਕੀ ਬਾਬਾ ਬਕਾਲਾ ਸਾਹਿਬ ਅਤੇ ਥਾਣਾ ਬਿਆਸ ਨੂੰ ਦਿੱਤੀ ਗਈ। ਪੁਲਸ ਵੱਲੋਂ ਮੌਕੇ 'ਤੇ ਪੁੱਜ ਕੇ ਮਾਮਲੇ ਦੀ ਬਾਰੀਕੀ ਨਾਲ ਛਾਣਬੀਨ ਕੀਤੀ ਜਾ ਰਹੀ ਹੈ।

## ਧਾਰੀਵਾਲ ਦੀ ਸਬਜ਼ੀ ਮੰਡੀ 'ਚ ਲੱਗੀ ਭਿਆਨਕ ਅੱਗ, ਲੱਖਾਂ ਦਾ ਹੋਇਆ ਨੁਕਸਾਨ

ਗੁਰਦਾਸਪੁਰ 23 ਜੂਨ। ਗੁਰਦਾਸਪੁਰ ਦੇ ਕਸਬਾ ਧਾਲੀਵਾਲ ਜੀਟੀ ਰੋਡ 'ਤੇ ਸਥਿਤ ਸਬਜ਼ੀ ਮੰਡੀ ਨੂੰ ਅੱਗ ਲੱਗਣ ਦਾ ਮਾਮਲਾ ਸਾਹਮਣੇ ਆਇਆ ਹੈ । ਅੱਗ ਲੱਗਣ ਕਾਰਨ ਕਰੀਬ ਪੰਜ ਤੋਂ ਛੇ ਲੱਖ ਰੁਪਏ ਦਾ ਨੁਕਸਾਨ ਹੋ ਗਿਆ। ਇਸ ਦੌਰਾਨ ਲੋਕਾਂ ਵੱਲੋਂ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਦੱਸਿਆ ਜਾ ਰਿਹਾ ਹੈ ਕਿ ਨਜ਼ਦੀਕ ਬਿਜਲੀ ਦੇ ਖੰਭਾ ਹੋਣ ਕਾਰਨ ਸਪਾਰਕ ਹੋਇਆ, ਜਿਸ ਨਾਲ ਅੱਗ ਲੱਗ ਗਈ ਅਤੇ ਅੱਗ ਇੰਨੀ ਵੱਧ ਗਈ ਕਿ ਲੰਬੀਆਂ ਲੰਬੀਆਂ ਲਪਟਾਂ ਅੱਗ ਦੀਆਂ ਨਿਕਲਣ ਲੱਗ ਪਈਆਂ । ਸਬਜ਼ੀ ਮੰਡੀ ਦੇ ਕਾਰੋਬਾਰੀ ਗੁਲਸ਼ਨ ਕੁਮਾਰ ਅਤੇ ਸਬਜ਼ੀ ਮੰਡੀ ਦੇ ਪ੍ਰਧਾਨ ਦੀਪਕ ਕੁਮਾਰ ਰਿੰਟੂ ਨੇ ਦੱਸਿਆ ਰੋਜ਼ਾਨਾ ਦੀ ਤਰ੍ਹਾਂ ਦੁਕਾਨਾਂ ਬੰਦ ਕਰਕੇ ਘਰ ਗਏ ਸਨ ਅਤੇ ਰਾਤ ਤਕਰੀਬਨ ਸਵਾ ਇਕ ਵਜੇ ਦੇ ਕਰੀਬ ਅੱਗ ਲੱਗ ਗਈ । ਅੱਗ ਇੰਨੀ ਜ਼ਿਆਦਾ ਸੀ ਕਿ ਉਸ 'ਤੇ ਕਾਬੂ ਪਾਉਣਾ ਬਹੁਤ ਮੁਸ਼ਕਿਲ ਸੀ ਅਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਬੁਲਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਇਸ ਹਾਦਸੇ ਨਾਲ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਤੇ ਉਨ੍ਹਾਂ ਪ੍ਰਸ਼ਾਸਨ ਕੋਲੋਂ ਮਦਦ ਦੀ ਅਪੀਲ ਕੀਤੀ ਕਿ ਦੁਕਾਨਦਾਰਾਂ ਦੀ ਮਦਦ ਕੀਤੀ ਜਾਵੇ।

## ਗਵਾਲੀਅਰ 'ਚ ਪਤੀ-ਪਤਨੀ ਨੇ ਚੁੱਕਿਆ ਖੌਫਨਾਕ ਕਦਮ

ਨੈਸ਼ਨਲ ਡੈਸਕ 23 ਜੂਨ। ਮੱਧ ਪ੍ਰਦੇਸ਼ ਦੇ ਗਵਾਲੀਅਰ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਸ਼ਨੀਵਾਰ ਨੂੰ ਇੱਕ ਪਤੀ-ਪਤਨੀ ਨੇ ਇੱਕੋ ਰੱਸੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਇੱਕ ਪੁਲਸ ਅਧਿਕਾਰੀ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਹਸਤਿਨਾਪੁਰ ਪਿੰਡ ਵਿੱਚ ਵਾਪਰੀ ਇਸ ਘਟਨਾ ਦੇ ਪਿੱਛੇ ਘਰੇਲੂ ਝਗੜੇ ਦਾ ਕਾਰਨ ਸ਼ੱਕੀ ਮੰਨਿਆ ਜਾ ਰਿਹਾ ਹੈ, ਪਰ ਜਾਂਚ ਤੋਂ ਬਾਅਦ ਹੀ ਤੱਥ ਸਾਹਮਣੇ ਆਉਣਗੇ। ਅਧਿਕਾਰੀ ਨੇ ਕਿਹਾ ਕਿ ਘਟਨਾ ਦੀ ਜਾਣਕਾਰੀ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ ਤੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ। ਹਸਤਿਨਾਪੁਰ ਪੁਲਸ ਸਟੇਸ਼ਨ ਦੇ ਇੰਚਾਰਜ ਦੇਵੇਂਦਰ ਲੋਧੀ ਨੇ ਕਿਹਾ ਕਿ ਸ਼ਨੀਵਾਰ ਨੂੰ ਇੱਕ ਘਰ ਵਿੱਚ ਪਤੀ-ਪਤਨੀ ਦੀਆਂ ਲਾਸ਼ਾਂ ਫਾਹੇ ਨਾਲ ਲਟਕਦੀਆਂ ਹੋਣ ਦੀ ਰਿਪੋਰਟ ਮਿਲੀ ਸੀ। ਉਨ੍ਹਾਂ ਕਿਹਾ ਕਿ ਜਦੋਂ ਪੁਲਸ ਟੀਮ ਮੌਕੇ 'ਤੇ ਪਹੁੰਚੀ ਤਾਂ ਵਿਨੋਦ ਪ੍ਰਜਾਪਤੀ (22) ਅਤੇ ਉਸਦੀ ਪਤਨੀ ਲਕਸ਼ਮੀ ਪ੍ਰਜਾਪਤੀ (20) ਦੀਆਂ ਲਾਸ਼ਾਂ ਇੱਕੋ ਰੱਸੇ ਨਾਲ ਲਟਕਦੀਆਂ ਮਿਲੀਆਂ। ਲੋਧੀ ਨੇ ਕਿਹਾ ਕਿ ਜੋੜੇ ਦਾ ਵਿਆਹ 14 ਮਹੀਨੇ ਪਹਿਲਾਂ ਹੋਇਆ ਸੀ

# ਜਲੰਧਰ ਨਗਰ ਨਿਗਮ ਦੀ ਟਰਾਲੀ ਨਾਲ ਮੋਟਰਸਾਈਕਲ ਦੀ ਹੋਈ ਟੱਕਰ, ਨੌਜਵਾਨ ਜ਼ਖ਼ਮੀ

**ਕੌਮੀ ਪਤ੍ਰਿਕਾ**

ਜਲੰਧਰ 23 ਜੂਨ। ਸ਼ੇਖੋ ਗ੍ਰੈਂਡ ਹੋਟਲ ਨੇੜੇ ਇਕ ਮੋਟਰਸਾਈਕਲ ਅਤੇ ਨਗਰ ਨਿਗਮ ਦੀ ਟਰਾਲੀ ਦੀ ਜ਼ਬਰਦਸਤ ਟੱਕਰ ਹੋ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਮੋਟਰਸਾਈਕਲ ਸਵਾਰ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਿਆ। ਜ਼ਖ਼ਮੀ ਨੌਜਵਾਨ ਦੀ ਪਛਾਣ ਕ੍ਰਿਸ਼ਨ ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਇਕ ਟਰਾਲੀ ਕਾਫ਼ੀ ਸਮੇਂ ਤੋਂ ਸੜਕ 'ਤੇ ਖੜ੍ਹੀ ਸੀ ਅਤੇ ਇਕ ਨੌਜਵਾਨ ਟਰਾਲੀ ਦੇ ਅੰਦਰ ਵੀ ਸੀ। ਇਕ ਤੇਜ਼ ਰਫ਼ਤਾਰ ਮੋਟਰਸਾਈਕਲ ਪਿੱਛੇ ਤੋਂ ਟਰਾਲੀ ਨਾਲ ਟਕਰਾ ਗਈ ਅਤੇ ਫਿਰ ਉਸ ਦੇ ਹੇਠਾਂ ਫਸ ਗਈ। ਹਾਦਸੇ 'ਚ ਕ੍ਰਿਸ਼ਨ ਗੰਭੀਰ ਜ਼ਖ਼ਮੀ ਹੋ ਗਿਆ। ਟਰਾਲੀ 'ਤੇ ਸਵਾਰ ਤਿੰਨ ਨੌਜਵਾਨ ਟਰਾਲੀ ਛੱਡ ਕੇ ਮੌਕੇ ਤੋਂ ਭੱਜ ਗਏ। ਸਾਹਿਲ ਨੇ ਕਿਹਾ ਕਿ ਉਹ ਕੋਟ ਮਹਿੰਦਰਾ ਬਰਾਂਚ ਵਿਚ ਮੌਜੂਦ ਸੀ ਜਦੋਂ ਉਸ ਨੇ ਇਕ ਜ਼ੋਰਦਾਰ ਸੜਕ ਹਾਦਸੇ ਦੀ ਆਵਾਜ਼ ਸੁਣੀ। ਟਰਾਲੀ ਚਾਲਕ ਮੌਕੇ ਤੋਂ ਭੱਜ ਗਿਆ। ਟੈਕਸੀ ਡਰਾਈਵਰ ਦੀ ਮਦਦ ਨਾਲ ਨੌਜਵਾਨ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ। ਸਾਹਿਲ ਮੁਤਾਬਕ ਨੌਜਵਾਨ ਦੀ ਹਾਲਤ ਨਾਜ਼ੁਕ ਹੈ। ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਸ ਤੁਰੰਤ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਰਾਜਕੁਮਾਰ ਨੇ ਦੱਸਿਆ ਕਿ ਉਹ ਟੈਕਸੀ ਸਟੈਂਡ ਦਾ ਮਾਲਕ ਹੈ। ਬਾਈਕ ਸੜਕ 'ਤੇ ਖੜ੍ਹੀ ਟਰਾਲੀ ਨਾਲ ਟਕਰਾ ਗਈ। ਐਂਬੂਲੈਂਸ ਬੁਲਾਈ ਗਈ ਪਰ ਕਾਫ਼ੀ ਦੇਰ ਤੱਕ ਨਹੀਂ ਪਹੁੰਚੀ। ਉਸ ਦੇ ਪੁੱਤਰ ਨੇ ਇਕ ਹੋਰ ਦੋਸਤ ਦੀ ਮਦਦ ਨਾਲ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਪਹੁੰਚਾਇਆ। ਨੌਜਵਾਨ ਦੀ ਹਾਲਤ ਗੰਭੀਰ ਹੈ। ਰਾਜਕੁਮਾਰ ਮੁਤਾਬਕ ਇਹ ਹਾਦਸਾ ਦੋਵਾਂ ਡਰਾਈਵਰਾਂ ਦੀ ਗਲਤੀ ਕਾਰਨ ਹੋਇਆ। ਏ. ਐੱਸ. ਆਈ. ਜ਼ੋਰਾਵਰ ਨੇ ਕਿਹਾ ਕਿ ਉਹ ਪੁਲਸ ਥਾਣਾ ਨੰਬਰ- 3 ਜਾ ਰਿਹਾ ਸੀ ਜਦੋਂ ਉਸ ਦੀ ਬਾਈਕ ਇਕ ਟਰਾਲੀ ਨਾਲ ਟਕਰਾ ਗਈ। ਰਾਹਗੀਰਾਂ ਮੁਤਾਬਕ ਬਾਈਕ ਸਹੀ ਦਿਸ਼ਾ ਵਿੱਚ ਜਾ ਰਹੀ ਸੀ ਅਤੇ ਤੇਜ਼ ਰਫ਼ਤਾਰ ਨਾਲ ਜਾ ਰਹੀ ਸੀ। ਪੁਲਸ ਦਾ ਮੰਨਣਾ ਹੈ ਕਿ ਦੋਵੇਂ ਵਾਹਨ ਚਾਲਕਾਂ ਦੀ ਗਲਤੀ ਹੈ। ਘਟਨਾ ਤੋਂ ਬਾਅਦ ਨੌਜਵਾਨ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਅਤੇ ਉਸਦੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਜ਼ਖਮੀ ਨੌਜਵਾਨ ਦਾ ਭਰਾ ਮੌਕੇ 'ਤੇ ਪਹੁੰਚਿਆ।

## ਜੇਲ੍ਹ 'ਚ ਬੰਦ ਅੰਮ੍ਰਿਤਪਾਲ ਮਹਿਰੋਂ ਤੇ ਸਾਥੀ ਦੀ ਹਾਲਤ ਵਿਗੜੀ

ਬਠਿੰਡਾ 23 ਜੂਨ। ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਬੀ ਕਤਲ ਕੇਸ ਦੇ ਮੁਲਜ਼ਮ ਅੰਮ੍ਰਿਤਪਾਲ ਸਿੰਘ ਮਹਿਰੋਂ ਅਤੇ ਜਸਪ੍ਰੀਤ ਸਿੰਘ ਨੂੰ ਬਠਿੰਡਾ ਜੇਲ੍ਹ 'ਚ ਹਾਲਤ ਵਿਗੜਨ ਤੋਂ ਬਾਅਦ ਏਮਜ਼ ਹਸਪਤਾਲ ਲਿਆਂਦਾ ਗਿਆ। ਡਾਕਟਰਾਂ ਨੇ ਉਨ੍ਹਾਂ ਦੀ ਜਾਂਚ ਕੀਤੀ ਅਤੇ ਠੀਕ ਹੋਣ 'ਤੇ ਉਨ੍ਹਾਂ ਨੂੰ ਵਾਪਸ ਜੇਲ੍ਹ ਭੇਜ ਦਿੱਤਾ ਗਿਆ। ਡੀ. ਐੱਸ. ਪੀ. ਦਿਹਾਤੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਦੋਵਾਂ ਮੁਲਜ਼ਮਾਂ ਖ਼?ਲਾਫ਼ ਛਾਉਣੀ ਪੁਲਸ ਸਟੇਸ਼ਨ ਵਿਚ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਨੂੰ ਡਾਕਟਰੀ ਜਾਂਚ ਦੀ ਲੋੜ ਹੋਣ ਕਰ ਕੇ ਏਮਜ਼ ਹਸਪਤਾਲ ਲਿਆਂਦਾ ਗਿਆ। ਉਨ੍ਹਾਂ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਨੂੰ ਅੱਖਾਂ ਅਤੇ ਦੰਦਾਂ ਦੀਆਂ ਸਮੱਸਿਆਵਾਂ ਸਨ, ਜਦੋਂ ਕਿ ਜਸਪ੍ਰੀਤ ਸਿੰਘ ਨੂੰ ਸਕੈਨਿੰਗ ਦੀ ਲੋੜ ਸੀ। ਉਨ੍ਹਾਂ ਦੱਸਿਆ ਕਿ ਜਾਂਚ ਤੋਂ ਬਾਅਦ ਡਾਕਟਰਾਂ ਨੇ ਦੋਵਾਂ ਲਈ ਦਵਾਈਆਂ ਲਿਖੀਆਂ ਅਤੇ ਹਾਲਤ 'ਚ ਸੁਧਾਰ ਹੋਣ ਤੋਂ ਬਾਅਦ, ਉਨ੍ਹਾਂ ਨੂੰ ਜੇਲ੍ਹ ਵਾਪਸ ਭੇਜ ਦਿੱਤਾ ਗਿਆ।

## ਦਰਦਨਾਕ ਸੜਕ ਹਾਦਸਾ: ਕਰੇਟਾ ਕਾਰ ਦੀ ਟੱਕਰ ਨਾਲ ਇੱਕੋ ਪਰਿਵਾਰ ਦੇ 4 ਜੀਆਂ ਦੀ ਮੌਤ

ਸਹਾਰਨਪੁਰ 23 ਜੂਨ। ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ ਦੇ ਥਾਣਾ ਬਿਹਾਰੀਗੜ੍ਹ ਖੇਤਰ ਵਿੱਚ ਸ਼ਨੀਵਾਰ ਨੂੰ ਹੋਏ ਇੱਕ ਦਰਦਨਾਕ ਸੜਕ ਹਾਦਸੇ ਨੇ ਪੂਰੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਬੇਹਟ ਰੋਡ




'ਤੇ ਸਥਿਤ ਧੌਲਾਕੁਆਂ ਨੇੜੇ ਇੱਕ ਤੇਜ਼ ਰਫ਼ਤਾਰ ਕਰੇਟਾ ਕਾਰ ਨੇ ਬਾਈਕ ਸਵਾਰ ਇੱਕ ਪਰਿਵਾਰ ਨੂੰ ਪਿੱਛੇ ਤੋਂ ਜ਼ੋਰਦਾਰ ਟੱਕਰ ਮਾਰ ਦਿੱਤੀ। ਹਾਦਸਾ ਇੰਨਾ ਭਿਆਨਕ ਸੀ ਕਿ ਬਾਈਕ 'ਤੇ ਸਵਾਰ ਚਾਰੇ ਲੋਕ ਕਈ ਫੁੱਟ ਦੂਰ ਸੜਕ 'ਤੇ ਜਾ ਡਿੱਗੇ ਅਤੇ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਸਥਾਨਕ ਲੋਕਾਂ ਦੀ ਮਦਦ ਨਾਲ ਸਾਰਿਆਂ ਨੂੰ ਤੁਰੰਤ ਜ਼ਿਲ੍ਹਾ ਹਸਪਤਾਲ ਪਹੁੰਚਾਇਆ ਗਿਆ, ਪਰ ਡਾਕਟਰਾਂ ਨੇ ਜਾਂਚ ਤੋਂ ਬਾਅਦ ਚਾਰਾਂ ਨੂੰ ਮ੍ਰਿਤਕ ਐਲਾਨ ਦਿੱਤਾ। ਹਾਦਸੇ ਵਿੱਚ ਮਾਰੇ ਗਏ ਲੋਕਾਂ ਦੀ ਪਛਾਣ ਮਲਕਪੁਰ ਨਿਵਾਸੀ ਲਵਿਸ਼ (26 ਸਾਲ), ਉਸਦੀ ਮਾਂ ਰਾਜਦੁਲਾਰੀ (55 ਸਾਲ), ਭੈਣ ਅੰਜਨਾ ਉਰਫ਼ ਤੰਨੂ (20 ਸਾਲ) ਅਤੇ ਢਾਈ ਸਾਲ ਦੀ ਬੇਟੀ ਰੂਹੀ ਵਜੋਂ ਹੋਈ ਹੈ। ਇੱਕੋ ਪਰਿਵਾਰ ਦੇ ਚਾਰ ਮੈਂਬਰਾਂ ਦੀ ਮੌਤ ਦੀ ਖ਼ਬਰ ਮਿਲਦਿਆਂ ਹੀ ਪਰਿਵਾਰ ਵਿੱਚ ਕੋਹਰਾਮ ਮੱਚ ਗਿਆ ਅਤੇ ਹਸਪਤਾਲ ਵਿੱਚ ਮਾਤਮ ਦਾ ਮਾਹੌਲ ਬਣ ਗਿਆ। ਮ੍ਰਿਤਕ ਦੇ ਚਾਚਾ ਅੰਕਿਤ ਨੇ ਦੱਸਿਆ ਕਿ ਲਵਿਸ਼ ਆਪਣੀ ਮਾਂ, ਭੈਣ ਅਤੇ ਬੇਟੀ ਨਾਲ ਕੋਠੜੀ ਸਥਿਤ ਆਪਣੀ ਸਹੁਰੇ ਘਰ ਗਿਆ ਹੋਇਆ ਸੀ।

# ਪੱਥਰੀ ਦੇ ਆਪਰੇਸ਼ਨ ਨੇ ਉਜਾੜਿਆ ਪਰਿਵਾਰ ! ਡਾਕਟਰ ਦਿੰਦੇ ਰਹੇ ਦਿਲਾਸਾ ਪਰ ਫਿਰ ਅਖ਼ੀਰ 'ਚ ਜੋ ਹੋਇਆ...

**ਕੌਮੀ ਪਤ੍ਰਿਕਾ**

ਖਰੜ 23 ਜੂਨ। ਇੱਥੇ ਖਰੜ-ਲਾਂਡਰਾਂ ਰੋਡ ਸਥਿਤ ਹਸਪਤਾਲ 'ਚ ਪਿੱਤੇ ਦੀ ਪੱਥਰੀ ਦੇ ਇਲਾਜ ਲਈ ਦਾਖ਼ਲ ਕਰਵਾਏ ਗਏ 62 ਸਾਲਾ ਕਿਸਾਨ ਹਰਜਿੰਦਰ ਸਿੰਘ ਦੀ ਮੌਤ ਤੋਂ ਬਾਅਦ ਮਾਮਲਾ ਤੂਲ ਫੜ੍ਹ ਗਿਆ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਤੇ ਪਿੰਡ ਵਾਸੀਆਂ ਨੇ ਹਸਪਤਾਲ ਪ੍ਰਬੰਧਨ ਖ਼?ਲਾਫ਼ ਗੰਭੀਰ ਦੋਸ਼ ਲਾਉਂਦਿਆਂ ਹਸਪਤਾਲ ਬਾਹਰ ਰੋਸ ਪ੍ਰਦਰਸ਼ਨ ਕੀਤਾ ਅਤੇ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ। ਪਿੰਡ ਚੂੰਨੀ ਖੁਰਦ ਦੇ ਵਸਨੀਕ ਹਰਜਿੰਦਰ ਸਿੰਘ ਦੇ ਪਰਿਵਾਰ ਦਾ ਦੋਸ਼ ਹੈ ਕਿ ਉਨ੍ਹਾਂ ਨੂੰ ਸਿਰਫ਼ ਪਿੱਤੇ ਦੀ ਪੱਥਰੀ ਦੀ ਸਮੱਸਿਆ ਸੀ ਅਤੇ ਇਸ ਦੇ ਇਲਾਜ ਲਈ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਦੂਰਬੀਨ ਰਾਹੀਂ ਸਰਜਰੀ ਹੋਣ ਤੋਂ ਬਾਅਦ ਉਨ੍ਹਾਂ ਦੀ ਸਿਹਤ 'ਚ ਸੁਧਾਰ ਆਉਣ ਦੀ ਬਜਾਏ ਲਗਾਤਾਰ ਗਿਰਾਵਟ ਆਉਣੀ ਸ਼ੁਰੂ ਹੋ ਗਈ। ਉਨ੍ਹਾਂ ਦਾ ਕਹਿਣਾ ਹੈ ਕਿ ਮਰੀਜ਼ ਦੀ ਹਾਲਤ ਖ਼ਰਾਬ ਹੋਣ ਦੇ ਬਾਵਜੂਦ ਹਸਪਤਾਲ ਪ੍ਰਬੰਧਨ ਵੱਲੋਂ ਲੋੜੀਂਦੀ ਗੰਭੀਰਤਾ ਨਹੀਂ ਦਿਖਾਈ ਗਈ। ਮ੍ਰਿਤਕ ਦੇ ਰਿਸ਼ਤੇਦਾਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਆਪਰੇਸ਼ਨ ਤੋਂ ਬਾਅਦ ਹਰਜਿੰਦਰ ਸਿੰਘ ਨੂੰ ਲਗਾਤਾਰ ਤਕਲੀਫ਼ ਰਹੀ ਪਰ ਡਾਕਟਰਾਂ ਵੱਲੋਂ ਉਸ ਦੀ ਹਾਲਤ ਨੂੰ ਕਾਬੂ ਕਰਨ ਲਈ ਪ੍ਰਭਾਵਸ਼ਾਲੀ ਕਦਮ ਨਹੀਂ ਚੁੱਕੇ ਗਏ। ਉਨ੍ਹਾਂ ਕਿਹਾ ਕਿ ਪਰਿਵਾਰ ਨੂੰ ਭਰੋਸਾ ਦਿਵਾਇਆ ਜਾਂਦਾ ਰਿਹਾ ਕਿ ਮਰੀਜ਼ ਦੀ ਹਾਲਤ ਸਥਿਰ ਹੈ, ਜਦੋਂ ਕਿ ਅੰਦਰੋਂ-ਅੰਦਰ ਉਸ ਦੀ ਸਿਹਤ ਹੋਰ ਵਿਗੜਦੀ ਗਈ। ਪਰਿਵਾਰ ਨੇ ਇਹ ਵੀ ਦੋਸ਼ ਲਾਇਆ ਕਿ ਮਰੀਜ਼ ਦੀ ਦੇਖਭਾਲ 'ਚ ਕਮੀ ਰਹੀ, ਸਮੇਂ ਸਿਰ ਸੀਨੀਅਰ ਡਾਕਟਰ ਉਪਲੱਬਧ ਨਹੀਂ ਹੋਏ ਅਤੇ ਉਸ ਦੀ ਖ਼ੁਰਾਕ ਅਤੇ ਇਲਾਜ ਸਬੰਧੀ ਵੀ ਲਾਪਰਵਾਹੀ ਵਰਤੀ ਗਈ। ਆਮ ਸਰਜਰੀ ਲਈ ਹਸਪਤਾਲ 'ਚ ਦਾਖ਼ਲ ਹੋਇਆ ਵਿਅਕਤੀ ਆਖ਼ਰਕਾਰ ਜਾਨ ਗੁਆ ਬੈਠਾ। ਇਸ ਕਾਰਨ ਪੂਰਾ ਪਰਿਵਾਰ ਡੂੰਘੇ ਸਦਮੇ 'ਚ ਹੈ। ਪ੍ਰਦਰਸ਼ਨ ਦੌਰਾਨ ਕਿਸਾਨ ਨੌਜਵਾਨ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਵੀ ਪਰਿਵਾਰ ਦੇ ਹੱਕ 'ਚ ਡਟੇ ਨਜ਼ਰ ਆਏ। ਜੱਥੇਬੰਦੀ ਦੇ ਆਗੂਆਂ ਨੇ ਦੋਸ਼ ਲਾਇਆ ਕਿ ਪਹਿਲੀ ਸਰਜਰੀ ਤੋਂ ਬਾਅਦ ਮਰੀਜ਼ ਦੇ ਸਰੀਰ 'ਚ ਇਨਫੈਕਸ਼ਨ ਵੱਧ ਗਈ ਸੀ। ਉਨ੍ਹਾਂ ਕਿਹਾ ਕਿ ਹਾਲਤ ਗੰਭੀਰ ਹੋਣ ਕਾਰਨ ਬਾਅਦ 'ਚ ਦੁਬਾਰਾ ਚੀਰਾ ਲਾ ਕੇ ਆਪਰੇਸ਼ਨ ਕਰਨਾ ਪਿਆ। ਇਸ ਤੋਂ ਬਾਅਦ ਵੀ ਮਰੀਜ਼ ਨੂੰ ਬਚਾਇਆ ਨਹੀਂ ਜਾ ਸਕਿਆ। ਉਨ੍ਹਾਂ ਦਾ ਕਹਿਣਾ ਹੈ ਕਿ ਸ਼ੁਰੂ ਤੋਂ ਹੀ ਇਲਾਜ ਅਤੇ ਨਿਗਰਾਨੀ ਢੰਗ ਨਾਲ ਕੀਤੀ ਜਾਂਦੀ ਤਾਂ ਸ਼ਾਇਦ ਹਰਜਿੰਦਰ ਸਿੰਘ ਜ਼ਿੰਦਾ ਹੁੰਦੇ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਹਰਜਿੰਦਰ ਸਿੰਘ ਨੂੰ ਨਾ ਤਾਂ ਸ਼ੂਗਰ ਸੀ ਅਤੇ ਨਾ ਹੀ ਕੋਈ ਹੋਰ ਗੰਭੀਰ ਬੀਮਾਰੀ। ਉਹ ਇਕ ਤੰਦਰੁਸਤ ਕਿਸਾਨ ਸਨ ਅਤੇ ਕਰੀਬ 10 ਕਿਲ੍ਹੇ ਜ਼ਮੀਨ ਦੀ ਖੇਤੀ ਕਰਦੇ ਸਨ। ਉਨ੍ਹਾਂ ਕਿਹਾ ਕਿ ਸਰਗਰਮ ਅਤੇ ਮਿਹਨਤੀ ਕਿਸਾਨ ਦੀ ਅਚਾਨਕ ਮੌਤ ਨੇ ਪੂਰੇ ਪਰਿਵਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਰੋਸ ਪ੍ਰਦਰਸ਼ਨ ਦੌਰਾਨ ਪਰਿਵਾਰ ਨੇ ਦੋਸ਼ ਵੀ ਲਾਇਆ ਕਿ ਮੌਤ ਤੋਂ ਬਾਅਦ ਹਸਪਤਾਲ ਵੱਲੋਂ ਬਕਾਇਆ ਬਿੱਲਾਂ ਨੂੰ ਲੈ ਕੇ ਦਬਾਅ ਬਣਾਇਆ ਗਿਆ। ਇਸ ਮਾਮਲੇ ਨੇ ਲੋਕਾਂ ਦੇ ਗੁੱਸੇ ਨੂੰ ਹੋਰ ਵਧਾ ਦਿੱਤਾ ਤੇ ਹਸਪਤਾਲ ਦੇ ਬਾਹਰ ਕਾਫ਼ੀ ਸਮੇਂ ਤੱਕ ਤਣਾਅ ਪੂਰਨ ਮਾਹੌਲ ਬਣਿਆ ਰਿਹਾ। ਦੂਜੇ ਪਾਸੇ ਹਸਪਤਾਲ ਪ੍ਰਬੰਧਨ ਨੇ ਆਪਣੇ ਉੱਪਰ ਲੱਗੇ ਸਾਰੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ। ਹਸਪਤਾਲ ਦੇ ਡਾਕਟਰਾਂ ਦਾ ਦਾਅਵਾ ਹੈ ਕਿ ਮਰੀਜ਼ ਦਾ ਦੂਰਬੀਨ ਰਾਹੀਂ ਸਫਲ ਆਪਰੇਸ਼ਨ ਕੀਤਾ ਗਿਆ ਸੀ ਅਤੇ ਇਸ ਤੋਂ ਬਾਅਦ ਉਸ ਦੀ ਹਾਲਤ ਸਥਿਰ ਸੀ। ਉਨ੍ਹਾਂ ਮੁਤਾਬਕ ਕੁੱਝ ਦਿਨਾਂ ਬਾਅਦ ਮਰੀਜ਼ ਨੂੰ ਦੁਬਾਰਾ ਦਿੱਕਤਾਂ ਆਉਣ ਲੱਗੀਆਂ। ਇਸ ਤੋਂ ਬਾਅਦ ਕੀਤੀਆਂ ਜਾਂਚ 'ਚ ਅੰਤੜੀਆਂ ਦੀ ਹਿੱਲਜੁੱਲ ਘੱਟ ਹੋਣ ਅਤੇ ਪੇਟ 'ਚ ਪਾਣੀ ਇਕੱਠਾ ਹੋਣ ਦੀ ਸਮੱਸਿਆ ਸਾਹਮਣੇ ਆਈ ਸੀ। ਹਸਪਤਾਲ ਪ੍ਰਬੰਧਨ ਦਾ ਕਹਿਣਾ ਹੈ ਕਿ ਮਰੀਜ਼ ਦਾ ਇਲਾਜ ਪੂਰੀ ਤਰ੍ਹਾਂ ਮੈਡੀਕਲ ਪ੍ਰੋਟੋਕਾਲ ਮੁਤਾਬਕ ਕੀਤਾ ਗਿਆ ਅਤੇ ਲੋੜੀਂਦੀਆਂ ਐਂਟੀਬਾਇਓਟਿਕ ਦਵਾਈਆਂ ਵੀ ਦਿੱਤੀਆਂ ਗਈਆਂ। ਹਸਪਤਾਲ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਕੋਲ ਡਾਇਟੀਸ਼ੀਅਨ ਦੀ ਸੇਵਾ ਉਪਲੱਬਧ ਹੈ ਅਤੇ ਮਰੀਜ਼ਾਂ ਨੂੰ ਉਨ੍ਹਾਂ ਦੀ ਸਿਹਤ ਅਨੁਸਾਰ ਖ਼ੁਰਾਕ ਦਿੱਤੀ ਜਾਂਦੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪੰਜਾਬ 'ਚ 2 ਦਿਨ ਮੀਂਹ ਤੇ ਹਨੇਰੀ-ਤੂਫ਼ਾਨ ਦੀ ਵੱਡੀ ਚਿਤਾਵਨੀ!

ਕੌਮੀ ਪਤ੍ਰਿਕਾ

ਜਲੰਧਰ 23 ਜੂਨ। ਪੰਜਾਬ ਵਾਸੀਆਂ ਨੂੰ ਜਲਦੀ ਹੀ ਗਰਮੀ ਤੋਂ ਥੋੜ੍ਹੀ ਰਾਹਤ ਮਿਲਣ ਜਾ ਰਹੀ ਹੈ। ਭਲਕੇ ਤੋਂ ਪੰਜਾਬ ਵਿਚ ਮੌਸਮ ਦਾ ਮਿਜਾਜ਼ ਬਦਲੇਗਾ। ਮੌਸਮ ਵਿਭਾਗ ਨੇ ਅਗਲੇ ਦਿਨਾਂ ਲਈ ਵੱਡੀ ਭਵਿੱਖਬਾਣੀ ਕੀਤੀ ਹੈ। ਵਿਭਾਗ ਨੇ ਅੱਜ ਤੋਂ ਲੈ ਕੇ 14 ਜੂਨ ਤੱਤ ਮੌਸਮ ਦੀ ਤਾਜ਼ਾ ਅਪਡੇਟ ਸਾਂਝੀ ਕੀਤੀ ਹੈ। ਮੌਸਮ ਵਿਭਾਗ ਨੇ ਪੂਰੇ ਸੂਬੇ ਵਿਚ 11 ਅਤੇ 12 ਜੂਨ ਲਈ 'ਓਰੇਂਜ ਅਲਰਟ' ਜਾਰੀ ਕੀਤਾ ਹੈ, ਜਦਕਿ 13 ਜੂਨ ਨੂੰ 'ਯੈਲੋ ਅਲਰਟ' ਰਹੇਗਾ। ਵਿਭਾਗ ਵੱਲੋਂ ਕੀਤੀ ਗਈ ਭਵਿੱਖਬਾਣੀ ਮੁਤਾਬਕ ਅੱਜ ਪੰਜਾਬ ਦੇ ਬਹੁਤੇ ਹਿੱਸਿਆਂ ਵਿੱਚ ਮੌਸਮ ਸਾਫ਼ ਰਹਿਣ ਦੀ ਉਮੀਦ ਹੈ ਪਰ ਦੱਖਣ-ਪੱਛਮੀ ਜ਼ਿਲ੍ਹੇ ਜਿਵੇਂ ਕਿ ਫ਼?ਰੋਜ਼ਪੁਰ, ਫ਼ਰੀਦਕੋਟ, ਮੁਕਤਸਰ, ਬਠਿੰਡਾ ਅਤੇ ਮਾਨਸਾ ਵਿੱਚ 'ਯੈਲੋ ਅਲਰਟ' ਜਾਰੀ ਕੀਤਾ ਗਿਆ ਹੈ। ਇਨ੍ਹਾਂ ਇਲਾਕਿਆਂ ਵਿੱਚ ਲੂ ਚੱਲਣ ਦੇ ਨਾਲ-ਨਾਲ ਗਰਜ-ਚਮਕ ਅਤੇ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ। 11 ਅਤੇ 12 ਜੂਨ ਨੂੰ ਪੰਜਾਬ ਵਿੱਚ ਮੌਸਮ ਕਾਫ਼ੀ ਖ਼ਰਾਬ ਰਹਿਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ 'ਓਰੇਂਜ ਅਲਰਟ' ਜਾਰੀ ਕੀਤਾ ਗਿਆ ਹੈ। ਸੂਬੇ ਦੇ ਬਹੁਤੇ ਹਿੱਸਿਆਂ ਵਿੱਚ ਗਰਜ-ਚਮਕ, ਬਿਜਲੀ ਲਿਸ਼ਕਣ, 50 ਤੋਂ 60 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਅਤੇ ਗੜ੍ਹੇਮਾਰੀ ਹੋਣ ਦੀ ਸੰਭਾਵਨਾ ਜਤਾਈ ਗਈ ਹੈ। 13 ਜੂਨ ਨੂੰ ਮੌਸਮ ਵਿੱਚ ਕੁਝ ਸੁਧਾਰ ਵੇਖਣ ਨੂੰ ਮਿਲੇਗਾ। ਫਿਲਹਾਲ ਵਿਭਾਗ ਨੇ ਉੱਤਰੀ ਅਤੇ ਮੱਧ ਪੰਜਾਬ ਦੇ ਬਹੁਤੇ ਜ਼ਿਲ੍ਹਿਆਂ ਵਿੱਚ ਕੋਈ ਚਿਤਾਵਨੀ ਨਹੀਂ ਦਿੱਤੀ ਹੈ। ਹਾਲਾਂਕਿ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ ਅਤੇ ਦੱਖਣੀ-ਪੱਛਮੀ ਪੰਜਾਬ ਦੇ ਕੁਝ ਹਿੱਸਿਆਂ ਵਿੱਚ ਅਜੇ ਵੀ ਗਰਜ-ਚਮਕ ਅਤੇ ਤੇਜ਼ ਹਵਾਵਾਂ ਨੂੰ ਲੈ ਕੇ 'ਯੈਲੋ ਅਲਰਟ' ਜਾਰੀ ਰਹੇਗਾ। 14 ਜੂਨ ਨੂੰ ਪੰਜਾਬ ਦੇ ਜ਼ਿਆਦਾਤਰ ਹਿੱਸਿਆਂ 'ਚ ਸਥਿਤੀ ਆਮ ਵਾਂਗ ਹੋਣ ਦੀ ਉਮੀਦ ਹੈ। ਸਿਰਫ਼ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫ਼?ਰੋਜ਼ਪੁਰ, ਮੁਕਤਸਰ, ਫ਼ਰੀਦਕੋਟ ਅਤੇ ਬਠਿੰਡਾ, ਮਾਨਸਾ ਵਰਗੇ ਕੁਝ ਚੋਣਵੇਂ ਪੱਛਮੀ ਜ਼ਿਲ੍ਹਿਆਂ 'ਚ ਬਾਰਿਸ਼, ਗਰਜ-ਚਮਕ ਦੀ ਸੰਭਾਵਨਾ ਦੇ ਮੱਦੇਨਜ਼ਰ ਨਿਗਰਾਨੀ ਰੱਖਣ ਦੀ ਸਲਾਹ ਦਿੱਤੀ ਗਈ ਹੈ। ਇਥੇ ਇਹ ਵੀ ਦੱਸ ਦੇਈਏ ਕਿ ਪੰਜਾਬ ਵਿਚ ਭਿਆਨਕ ਗਰਮੀ ਦਾ ਕਹਿਰ ਲਗਾਤਾਰ ਵਧਦਾ ਜਾ ਰਿਹਾ ਹੈ। ਲੂ ਦੇ ਥਪੇੜਿਆਂ ਵਿਚਾਲੇ ਮੰਗਲਵਾਰ ਨੂੰ ਜਲੰਧਰ ਦਾ ਵੱਧ ਤੋਂ ਵੱਧ ਤਾਪਮਾਨ 43 ਡਿਗਰੀ ਅਤੇ ਘੱਟ ਤੋਂ ਘੱਟ ਤਾਪਮਾਨ 29 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਵਧਦੀ ਗਰਮੀ ਕਾਰਨ ਦੁਪਹਿਰ ਸਮੇਂ ਸੜਕਾਂ 'ਤੇ ਆਵਾਜਾਈ ਘੱਟ ਰਹੀ ਅਤੇ ਲੋਕ ਘਰਾਂ ਵਿਚ ਰਹਿਣ ਨੂੰ ਮਜਬੂਰ ਵਿਖਾਈ ਦਿੱਤੇ। ਬਾਜ਼ਾਰਾਂ ਅਤੇ ਜਨਤਕ ਥਾਵਾਂ 'ਤੇ ਵੀ ਆਮ ਦਿਨਾਂ ਦੇ ਮੁਕਾਬਲੇ ਘੱਟ ਰੌਣਕ ਦੇਖਣ ਨੂੰ ਮਿਲੀ। ਮੌਸਮ ਵਿਗਿਆਨ ਵਿਭਾਗ ਅਨੁਸਾਰ ਸੂਬੇ ਦਾ ਔਸਤ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ 3.8 ਡਿਗਰੀ ਸੈਲਸੀਅਸ ਵੱਧ ਚੱਲ ਰਿਹਾ ਹੈ। ਪਿਛਲੇ 24 ਘੰਟਿਆਂ ਦੌਰਾਨ ਪੰਜਾਬ ਦੇ ਔਸਤ ਵੱਧ ਤੋਂ ਵੱਧ ਤਾਪਮਾਨ ਵਿਚ ਵਾਧਾ ਦਰਜ ਕੀਤਾ ਗਿਆ ਹੈ। ਸੂਬੇ ਵਿਚ ਸਭ ਤੋਂ ਵੱਧ ਤਾਪਮਾਨ ਬਠਿੰਡਾ ਵਿਚ 46.3 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ, ਜਦਕਿ ਲੁਧਿਆਣਾ ਵਿਚ 43.6 ਡਿਗਰੀ ਅਤੇ ਅੰਮ੍ਰਿਤਸਰ ਵਿਚ 43.5 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ। ਮੌਸਮ ਮਾਹਿਰਾਂ ਦਾ ਕਹਿਣਾ ਹੈ ਕਿ ਪਿਛਲੇ ਦਿਨੀਂ ਪਏ ਮੀਂਹ ਤੋਂ ਬਾਅਦ ਵਾਤਾਵਰਣ ਵਿਚ ਨਮੀ ਅਤੇ ਤੇਜ਼ ਧੁੱਪ ਕਾਰਨ ਹੁੰਮਸ ਅਤੇ ਗਰਮੀ ਦੋਵੇਂ ਵਧੀਆਂ ਹਨ। ਕਈ ਇਲਾਕਿਆਂ ਵਿਚ ਰਾਤ ਦੇ ਤਾਪਮਾਨ ਵਿਚ ਵੀ ਉਮੀਦ ਮੁਤਾਬਕ ਗਿਰਾਵਟ ਨਹੀਂ ਹੋ ਰਹੀ, ਜਿਸ ਨਾਲ ਲੋਕਾਂ ਨੂੰ ਦਿਨ ਦੇ ਨਾਲ-ਨਾਲ ਰਾਤ ਨੂੰ ਵੀ ਗਰਮੀ ਤੋਂ ਰਾਹਤ ਨਹੀਂ ਮਿਲ ਪਾ ਰਹੀ ਪਰ ਵਿਭਾਗ ਨੇ ਸੰਕੇਤ ਦਿੱਤੇ ਹਨ ਕਿ ਆਉਣ ਵਾਲੇ ਦਿਨਾਂ ਵਿਚ ਇਕ ਨਵੀਂ ਪੱਛਮੀ ਗੜਬੜ (ਵੈਸਟਰਨ ਡਿਸਟਰਬੈਂਸ) ਸਰਗਰਮ ਹੋ ਸਕਦੀ ਹੈ। ਇਸ ਦੇ ਪ੍ਰਭਾਵ ਨਾਲ ਕੁਝ ਥਾਵਾਂ 'ਤੇ ਗਰਜ-ਚਮਕ, ਤੇਜ਼ ਹਵਾਵਾਂ ਅਤੇ ਹਲਕੇ ਮੀਂਹ ਦੀਆਂ ਸਰਗਰਮੀਆਂ ਵੇਖਣ ਨੂੰ ਮਿਲ ਸਕਦੀਆਂ ਹਨ। ਭਿਆਨਕ ਗਰਮੀ ਅਤੇ ਲੂ ਦੇ ਮੌਸਮ ਵਿਚ ਸਿਹਤ ਦੀ ਸੁਰੱਖਿਆ ਲਈ ਵਿਸ਼ੇਸ਼ ਸਾਵਧਾਨੀ ਵਰਤਣੀ ਲਾਜ਼ਮੀ ਹੈ। ਮਾਹਿਰਾਂ ਅਨੁਸਾਰ ਸਰੀਰ ਵਿਚ ਪਾਣੀ ਦੀ ਕਮੀ ਨਾ ਹੋਣ ਦਿਓ ਅਤੇ ਦਿਨ ਭਰ ਪੂਰੀ ਮਾਤਰਾ ਵਿਚ ਪਾਣੀ, ਨਿੰਬੂ ਪਾਣੀ, ਲੱਸੀ ਜਾਂ ਹੋਰ ਤਰਲ ਪਦਾਰਥਾਂ ਦਾ ਸੇਵਨ ਕਰਦੇ ਰਹੋ। ਦੁਪਹਿਰ ਦੇ ਸਮੇਂ ਖ਼ਾਸ ਕਰ ਕੇ ਸਵੇਰੇ 11 ਤੋਂ ਸ਼ਾਮ 4 ਵਜੇ ਦੇ ਵਿਚਾਲੇ ਬਿਨਾਂ ਵਜ?ਹਾ ਬਾਹਰ ਨਿਕਲਣ ਤੋਂ ਬਚੋ। ਜੇਕਰ ਕਿਸੇ ਜ਼ਰੂਰੀ ਕੰਮ ਕਾਰਨ ਧੁੱਪ ਵਿਚ ਜਾਣਾ ਪਵੇ ਤਾਂ ਛਤਰੀ, ਟੋਪੀ ਜਾਂ ਸਿਰ ਨੂੰ ਕੱਪੜੇ ਨਾਲ ਢਕ ਕੇ ਹੀ ਬਾਹਰ ਨਿਕਲੋ। ਹਲਕੇ ਰੰਗ ਦੇ ਸੂਤੀ ਕੱਪੜੇ ਪਹਿਨੋ ਅਤੇ ਬੱਚਿਆਂ, ਬਜ਼ੁਰਗਾਂ ਤੇ ਬੀਮਾਰ ਵਿਅਕਤੀਆਂ ਦਾ ਵਿਸ਼ੇਸ਼ ਧਿਆਨ ਰੱਖੋ।

## ਨਾਜਾਇਜ਼ ਉਸਾਰੀ ਖ਼?ਲਾਫ਼ ਨਗਰ ਨਿਗਮ ਦੀ ਹੁਣ ਤਕ ਦੀ ਸਭ ਤੋਂ ਪੁਖ਼ਤਾ ਕਾਰਵਾਈ!

ਲੁਧਿਆਣਾ 23 ਜੂਨ। ਨਗਰ ਨਿਗਮ ਵੱਲੋਂ ਨਾਜਾਇਜ਼ ਤੌਰ 'ਤੇ ਬਣ ਰਹੀਆਂ ਬਿਲਡਿੰਗਾਂ ਖ਼?ਲਾਫ਼ ਹੁਣ ਤਕ ਦੀ ਸਭ ਤੋਂ ਪੁਖ਼ਤਾ ਕਾਰਵਾਈ ਸਾਹਮਣੇ ਆਈ ਹੈ। ਇਸ ਕਾਰਵਾਈ ਦੌਰਾਨ ਨਗਰ ਨਿਗਮ ਲੁਧਿਆਣਾ ਦੀ ਬਿਲਡਿੰਗ ਬ੍ਰਾਂਚ ਨੇ ਬਿਨਾਂ ਮਨਜ਼ੂਰੀ ਤੋਂ ਬਣ ਰਹੀ ਇਕ ਮਾਰਕੀਟ ਨੂੰ ਪੂਰੀ ਤਰ੍ਹਾਂ ਤੋੜ ਦਿੱਤਾ ਹੈ। ਆਮਤੌਰ 'ਤੇ ਨਗਰ ਨਿਗਮ ਵੱਲੋਂ ਕਿਸੇ ਵੀ ਨਾਜਾਇਜ਼ ਬਿਲਡਿੰਗ ਦਾ ਕੁਝ ਹਿੱਸਾ ਤੋੜ ਕੇ ਹੀ ਖਾਨਾਪੂਰਤੀ ਕੀਤੀ ਜਾਂਦੀ ਹੈ, ਕਿਉਂਕਿ ਕੋਈ ਵੀ ਬਿਲਡਿੰਗ ਨਗਰ ਨਿਗਮ ਦੇ ਮਿਲੀਭੁਗਤ ਨਾਲ ਹੀ ਬਣ ਰਹੀ ਹੁੰਦੀ ਹੈ। ਲੁਧਿਆਣਾ ਦੇ ਰੇਰੂ ਸਾਹਿਬ ਗੁਰਦੁਆਰਾ ਰੋਡ 'ਤੇ 8 ਦੁਕਾਨਾਂ ਦੀ ਮਾਰਕੀਟ ਬਣ ਰਹੀ ਸੀ, ਜਿਸ ਦਾ ਲੈਂਟਰ ਵੀ ਪੈ ਚੁੱਕਿਆ ਸੀ। ਨਗਰ ਨਿਗਮ ਨੇ ਇਸ ਪੂਰੀ ਮਾਰਕੀਟ ਨੂੰ ਹੀ ਮਲਬੇ ਦੇ ਢੇਰ ਵਿਚ ਤਬਦੀਲ ਕਰ ਦਿੱਤਾ ਹੈ। ਇਹ ਇਲਾਕਾ ਨਗਰ ਨਿਗਮ ਜ਼ੋਨ ਸੀ ਵਿਚ ਆਉਂਦਾ ਹੈ। ਨਗਰ ਨਿਗਮ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਮਾਰਕੀਟ ਨੂੰ ਬਣਾਉਣ ਲਈ ਨਕਸ਼ਾ ਪਾਸ ਨਹੀਂ ਕਰਵਾਇਆ ਗਿਆ ਸੀ

## ਨੌਕਰੀ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਹੜੱਪੇ ਨਾਂਦੇੜ ਦੇ ਵਿਅਕਤੀ ਨਾਲ 7.5 ਲੱਖ ਦੀ ਠੱਗੀ

ਨੈਸ਼ਨਲ ਡੈਸਕ : ਮਹਾਰਾਸ਼ਟਰ ਦੇ ਨਾਂਦੇੜ ਜ਼ਿਲ੍ਹੇ ਦੇ ਇੱਕ ਵਿਅਕਤੀ ਨੂੰ ਪੰਜ ਲੋਕਾਂ ਨੇ ਕਥਿਤ ਤੌਰ 'ਤੇ 7.5 ਲੱਖ ਰੁਪਏ ਦੀ ਠੱਗੀ ਮਾਰੀ। ਪੁਲਸ ਨੇ ਸੋਮਵਾਰ ਨੂੰ ਕਿਹਾ ਕਿ ਦੋਸ਼ੀ ਨੇ ਮੰਤਰਾਲੇ ਵਿੱਚ ਚੰਗੇ ਸਬੰਧ ਹੋਣ ਦਾ ਦਾਅਵਾ ਕੀਤਾ ਅਤੇ ਸਰਕਾਰੀ ਨੌਕਰੀ ਦਿਵਾਉਣ ਦਾ ਵਾਅਦਾ ਕੀਤਾ ਸੀ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਵਿੱਚ ਸ਼ਿਕਾਇਤਕਰਤਾ ਨੇ ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੇ ਨਿੱਜੀ ਸਹਾਇਕ (ਪੀ.ਏ.), ਪ੍ਰਭਾਕਰ ਕਾਲੇ ਦੀ ਅਪਰਾਧ ਵਿੱਚ ਸ਼ਮੂਲੀਅਤ ਦਾ ਦੋਸ਼ ਲਗਾਇਆ ਹੈ, ਹਾਲਾਂਕਿ ਪੁਲਿਸ ਜਾਂਚ ਵਿੱਚ ਅਜੇ ਤੱਕ ਉਸਦੀ ਭੂਮਿਕਾ ਦਾ ਖੁਲਾਸਾ ਨਹੀਂ ਹੋਇਆ ਹੈ। ਅਧਿਕਾਰੀ ਨੇ ਦੱਸਿਆ ਕਿ ਇੱਕ ਮਹਿਲਾ ਕਾਰਕੁਨ ਦੁਆਰਾ ਦਾਇਰ ਸ਼ਿਕਾਇਤ ਦੇ ਅਨੁਸਾਰ, ਦੋਸ਼ੀ ਨੇ ਮੰਤਰਾਲੇ ਵਿੱਚ ਸਬੰਧ ਹੋਣ ਦਾ ਦਾਅਵਾ ਕੀਤਾ ਅਤੇ ਉਸਦੇ ਭਤੀਜੇ ਨੂੰ ਜੰਗਲਾਤ ਗਾਰਡ ਵਜੋਂ ਨਿਯੁਕਤ ਕਰਨ ਦਾ ਵਾਅਦਾ ਕਰਕੇ ਉਸ ਤੋਂ ਪੈਸੇ ਲਏ। ਪੁਲਿਸ ਦੇ ਅਨੁਸਾਰ, ਪੀੜਤ ਨੂੰ ਕਥਿਤ ਤੌਰ 'ਤੇ ਇੰਟਰਵਿਊ ਲਈ ਮੰਤਰਾਲੇ ਵਿੱਚ ਬੁਲਾਇਆ ਗਿਆ ਸੀ, ਜਿੱਥੇ ਉਸਨੂੰ ਡਾਕਟਰੀ ਜਾਂਚ ਲਈ ਲਿਜਾਇਆ ਗਿਆ ਸੀ। ਫਿਰ ਉਸਨੂੰ ਇੱਕ ਜਾਅਲੀ ਨਿਯੁਕਤੀ ਅਤੇ ਸਿਖਲਾਈ ਪੱਤਰ ਜਾਰੀ ਕੀਤਾ ਗਿਆ ਸੀ। ਉਸਨੇ ਕਿਹਾ ਕਿ ਪੀੜਤ ਨੂੰ ਬਾਅਦ ਵਿੱਚ ਨਾਗਪੁਰ, ਨਾਸਿਕ ਅਤੇ ਸਤਾਰਾ ਸਮੇਤ ਕਈ ਥਾਵਾਂ 'ਤੇ ਭੇਜਿਆ ਗਿਆ ਸੀ ਅਤੇ ਬਾਅਦ ਵਿੱਚ ਛੱਡ ਦਿੱਤਾ ਗਿਆ ਸੀ। ਅਧਿਕਾਰੀ ਨੇ ਕਿਹਾ ਕਿ ਮਰੀਨ ਡਰਾਈਵ ਪੁਲਸ ਸਟੇਸ਼ਨ ਵਿੱਚ ਦਰਜ ਐਫਆਈਆਰ ਦੇ ਅਨੁਸਾਰ, ਮੁਲਜ਼ਮ ਨੇ ਸ਼ਿਕਾਇਤਕਰਤਾ ਦੇ ਪਰਿਵਾਰ ਤੋਂ ਔਨਲਾਈਨ ਲੈਣ-ਦੇਣ ਰਾਹੀਂ 7.25 ਲੱਖ ਰੁਪਏ ਅਤੇ 40,000 ਰੁਪਏ ਨਕਦ ਲਏ ਸਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਜਾਰੀ ਹੈ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਆਯੁਰਵੈਦਿਕ ਵਿਧੀ ਰਾਹੀਂ ਅੱਖਾਂ ਦੀ ਸਾਂਭ ਸੰਭਾਲ



ਅੱਖਾਂ ਕੁਦਰਤ ਵਲੋਂ ਮਨੁੱਖ ਨੂੰ ਬਖਸ਼ਿਆ ਹੋਇਆ ਅਨਮੋਲ ਤੋਹਫਾ ਹਨ। ਕੁਦਰਤ ਦੀ ਇਸ ਅਨਮੁਲੀ ਦਾਤ ਦੀ ਸਾਂਭ ਸੰਭਾਲ ਕਰਕੇ ਆਯੁਰਵੈਦਿਕ ਵਿਧੀ ਰਾਹੀਂ ਨਜ਼ਰ ਦੀ ਕਮਜ਼ੋਰੀ ਤੋਂ ਬਚਿਆ ਜਾ ਸਕਦਾ ਹੈ। ਜਦ ਅੱਖਾਂ ਦੀ ਲੈਂਸ ਦੀ ਪਾਰਦਸ਼ਤਾ ਹਲਕੀ ਹੋਣ ਲੱਗੇ ਅਤੇ ਧੁੰਦਲਾ ਦਿਖਾਈ ਦੇਣ ਲੱਗ ਪਵੇ ਤਾਂ ਉਸਨੂੰ ਮੋਤੀਆ ਬਿੰਦ ਕਿਹਾ ਜਾਂਦਾ ਹੈ। ਮੋਤੀਆ ਦੋ ਤਰ੍ਹਾਂ ਦਾ ਹੁੰਦਾ ਚਿੱਟਾ ਅਤੇ ਕਾਲਾ ਮੋਤੀਆ। ਆਯੂਰਵੈਦਿਕ ਰਾਹੀਂ ਚਿੱਟੇ ਮੋਤੀਏ ਤੋਂ ਬੜਾ ਸਹਿਜੇ ਹੀ ਛੁਟਕਾਰਾ ਮਿਲ ਸਕਦਾ ਹੈ। ਮੋਤੀਆ ਜ਼ਿਆਦਾਤਰ 40 ਸਾਲ ਦੀ ਉਮਰ ਤੋਂ ਬਾਅਦ ਹੁੰਦਾ ਹੈ। ਇਹ ਰੋਗ ਉਮਰ, ਸ਼ੂਗਰ, ਵਿਟਾਮਨਾਂ ਅਤੇ ਪ੍ਰੋਟੀਨ ਦੀ ਕਮੀ, ਇੰਫੈਕਸ਼ਨ ਜਾਂ ਕਿਸੇ ਸੱਟ ਆਦਿ ਕਾਰਨਾਂ ਕਰਕੇ ਵੀ ਹੋ ਸਕਦਾ ਹੈ। ਅਜਿਹੇ ਹਾਲਤਾਂ ਵਿੱਚ ਉਮਰ ਦਾ ਘੱਟ ਜਾਂ ਵੱਧ ਹੋਣਾ ਕੋਈ ਮਾਅਨੇ ਨਹੀਂ ਰੱਖਦਾ।

- ਸਵੇਰੇ ਉਠਦੇ ਸਾਰ ਹੀ ਮੂੰਹ ਵਿੱਚ ਠੰਢਾ (ਤਾਜ਼ਾ) ਪਾਣੀ ਭਰ ਕੇ ਅੱਖਾਂ ਪੂਰੀ ਤਰਾਂ ਖੋਲ੍ਹ ਕੇ ਅੱਖਾਂ ਵਿੱਚ ਪਾਣੀ ਦੇ ਛਿੱਟੇ ਮਾਰੋ। ਅਜਿਹਾ 8-10 ਵਾਰ ਕਰੋ। ਮੂੰਹ ਵਿਚ ਭਰਿਆ ਪਾਣੀ ਵਾਰ ਵਾਰ ਬਦਲਣ ਦੀ ਜ਼ਰੂਰਤ ਨਹੀਂ।
- ਮੋਤੀਆ ਬਿੰਦ ਤੋਂ ਬਚਣ ਅਤੇ ਅੱਖਾਂ ਦੀ ਨਜ਼ਰ ਤੇਜ਼ ਕਰਨ ਲਈ ਹਰ ਰੋਜ਼ ਗਾਜਰ, ਸੰਤਰਾ, ਦੁੱਧ ਅਤੇ ਘਿਓ ਦੀ ਵਰਤੋਂ ਕਰੋ।
- ਇੱਕ ਬੂੰਦ ਪਿਆਜ਼ ਦਾ ਰਸ ਅਤੇ ਇੱਕ ਬੂੰਦ ਸ਼ਹਿਦ ਮਿਲਾ ਕੇ ਇਸ ਮਿਸ਼ਰਣ ਨੂੰ ਰੋਜ਼ਾਨਾ ਅੱਖਾਂ ਵਿੱਚ ਕਾਜਲ ਵਾਂਗ ਲਗਾਉਣ ਨਾਲ ਅੱਖਾਂ ਨਿਰੋਗ ਰਹਿੰਦੀਆਂ ਹਨ।
- ਇੱਕ ਚਮਚਾ ਘਿਓ, ਦੋ ਕਾਲੀਆ ਮਿਰਚਾਂ ਅਤੇ ਥੋੜ੍ਹੀ ਜਿਹੀ ਮਿਸ਼ਰੀ ਮਿਲਾ ਕੇ ਦਿਨ ਵਿੱਚ ਤਿੰਨ ਵਾਰ ਇਸਦੀ ਵਰਤੋਂ ਕਰੋ। ਨਜ਼ਰ ਤੇਜ਼ ਹੋਵੇਗੀ।

### ਧਨੀਆ

***ਇੱਕ ਚਮਚ ਪੀਸਿਆ ਹੋਇਆ ਧਨੀਆ ਇੱਕ ਕੱਪ ਪਾਣੀ ਵਿੱਚ ਉਬਾਲ ਲਵੋ। ਫਿਰ ਇਸ ਉਬਲੇ ਹੋਏ ਪਾਣੀ ਨੂੰ ਠੰਢਾ ਹੋਣ ਤੇ ਸਵੇਰੇ ਸ਼ਾਮ ਅੱਖਾਂ ਵਿੱਚ ਪਾਓ। ਇਸ ਨਾਲ ਮੋਤੀਆ ਬਿੰਦ ਦੇ ਰੋਗ ਵਿੱਚ ਫਾਇਦਾ ਹੋਵੇਗਾ।***

- ਸੌਂਫ ਅਤੇ ਧਨੀਆਂ ਬਰਾਬਰ ਮਾਤਰਾ ਵਿੱਚ ਲਵੋ, ਇਸ ਵਿੱਚ ਮਿਸ਼ਰੀ ਮਿਲਾ ਕੇ ਇੱਕ ਇੱਕ ਚਮਚਾ ਸਵੇਰੇ ਸ਼ਾਮ ਖਾਣ ਨਾਲ ਬਹੁਤ ਲਾਭ ਮਿਲਦਾ ਹੈ।
- ਬਦਾਮ ਦੀਆਂ 6 ਗਿਰੀਆਂ ਅਤੇ 6 ਕਾਲੀਆਂ ਮਿਰਚਾਂ ਲਵੋ ਉਨ੍ਹਾਂ ਨੂੰ ਪੀਸ ਕੇ ਮਿਸ਼ਰੀ ਵਿੱਚ ਮਿਲਾ ਕੇ ਖਾਣ ਨਾਲ ਵੀ ਮੋਤੀਆ ਬਿੰਦ ਵਿੱਚ ਲਾਭ ਮਿਲਦਾ ਹੈ।
- ਗਾਜਰ, ਪਾਲਕ ਅਤੇ ਆਂਵਲੇ ਦੇ ਰਸ ਦੀ ਵਰਤੋਂ ਕਰਨ ਨਾਲ ਮੋਤੀਆ ਬਿੰਦ 2-3 ਮਹੀਨੇ ਵਿੱਚ ਆਪਣੇ ਆਪ ਖ਼ਤਮ ਹੋ ਜਾਵੇਗਾ।
- ਮੋਤੀਆ ਬਿੰਦ ਵਿੱਚ ਹਲਦੀ ਦੀ ਜ਼ਿਆਦਾ ਵਰਤੋਂ ਕਰਨੀ ਚਾਹੀਦੀ ਹੈ। ਹਲਦੀ ਵਿੱਚ ਕਰਕਿਊਮਿਨ ਨਾਮੀ ਰਸਾਇਣ ਹੁੰਦਾ ਹੈ। ਜਿਹੜਾ ਸਰੀਰ ਦੇ ਇਮਊਨ ਸਿਸਟਮ ਨੂੰ ਤਾਕਤਵਰ ਬਣਾਉਂਦਾ ਹੈ। ਇਸ ਨਾਲ ਸਾਈਟੋਕਾਈਨਸ ਅਤੇ ਇੰਜਾਈਮਜ਼ ਨਿਯੰਤਰਤ ਹੁੰਦੇ ਹਨ। ਮੋਤੀਆ ਬਿੰਦ ਅਤੇ ਰਤੌਂਦੀ ਹੋ ਜਾਣ ਤੇ ਨਿੰਮ ਦੇ ਤੇਲ ਦੀ ਸਿਲਾਈ ਅੱਖਾਂ ਵਿੱਚ ਲਗਾਓ।

• ਡਾ. ਐਸ ਐਸ ਕੰਬੋਜ਼
9915291533

*ਲੂ ਲੱਗੇ ਮਰੀਜ਼ ਨੂੰ ਛਾਵੇਂ ਲਿਟਾ ਦਿਓ। ਠੰਢੇ, ਗਿੱਲੇ ਕੱਪੜੇ ਨਾਲ ਉਸ ਦਾ ਸਰੀਰ ਪੂੰਝੋ ਜਾਂ ਫਿਰ ਠੰਢੇ ਪਾਣੀ ਨਾਲ ਨੁਹਾਓ।*

# ਲੂ ਲੱਗਣਾ ਕਾਰਨ ਤੇ ਬਚਾਅ



ਕੱਚਾ ਪਿਆਜ਼, ਬੇਲ ਜਾਂ ਨਿੰਬੂ ਦਾ ਸ਼ਰਬਤ ਪੀਣ ਨਾਲ ਹੁੰਦਾ ਹੈ ਲੂ ਵਿਚ ਲਾਭ ਮਈ ਅਤੇ ਜੂਨ ਤੋਂ ਹੀ ਗਰਮੀ ਨੇ ਰਿਕਾਰਡ ਤੋੜਨਾ ਸ਼ੁਰੂ ਕਰ ਦਿੱਤਾ ਹੈ। ਚੜ੍ਹਦੇ ਪਾਰੇ ਦੇ ਨਾਲ ਅੱਗ ਉਗਲਦੇ ਸੂਰਜ ਨੇ ਲੋਕਾਂ ਦਾ ਬਾਹਰ ਨਿਕਲਣਾ ਮੁਸ਼ਕਿਲ ਕਰ ਦਿੱਤਾ ਹੈ। ਅੱਜਕੱਲ੍ਹ ਸਭ ਤੋਂ ਵੱਧ ਖ਼ਤਰਾ ਲੂ ਲੱਗਣ ਦਾ ਹੁੰਦਾ ਹੈ। ਇਸ ਤੋਂ ਬਚਣ ਲਈ ਡਾਕਟਰਾਂ ਨੇ ਕੁਝ ਸੁਝਾਅ ਦਿੱਤੇ ਹਨ।

ਗਰਮੀ ਦੇ ਦਿਨਾਂ ਵਿਚ ਗਰਮ ਹਵਾਵਾਂ ਚੱਲਦੀਆਂ ਹਨ, ਇਸ ਨੂੰ ਲੂ ਕਹਿੰਦੇ ਹਨ। ਕੁਝ ਲੋਕ ਇਸ ਨੂੰ ਸਹਿਣ ਕਰ ਜਾਂਦੇ ਹਨ ਪਰ ਕੁਝ ਲੋਕ ਇਹ ਗਰਮੀ ਸਹਿ ਨਹੀਂ ਪਾਉਂਦੇ ਅਤੇ ਲੂ ਦਾ ਸ਼ਿਕਾਰ ਹੋ ਜਾਂਦੇ ਹਨ। ਖ਼ਾਸ ਕਰਕੇ ਮਈ ਅਤੇ ਜੂਨ ਦੀ ਗਰਮੀ ਜ਼ਿਆਦਾ ਪਰੇਸ਼ਾਨ ਕਰਦੀ ਹੈ ਜਿਸ ਤੋਂ ਬਚਣ ਦੇ ਉਪਾਅ ਕਰਨਾ ਬੇਹੱਦ ਜ਼ਰੂਰੀ ਹੈ।

ਮਾਹਿਰ ਗਰਮੀ ਅਤੇ ਲੂ ਤੋਂ ਬਚਣ ਲਈ ਕੁਝ ਉਪਾਅ ਦੱਸਦੇ ਹਨ ਜਿਨ੍ਹਾਂ ਨੂੰ ਅਪਣਾ ਕੇ ਗਰਮੀ ਅਤੇ ਲੂ ਤੋਂ ਬਚਾਅ ਕੀਤਾ ਜਾ ਸਕਦਾ ਹੈ। ਆਓ, ਇਹ ਉਪਾਅ ਅਪਣਾ ਕੇ ਗਰਮੀ ਦੇ ਕਹਿਰ ਤੋਂ ਸਰੀਰ ਨੂੰ ਬਚਾ ਸਕਦੇ ਹਾਂ :

- ਲੂ ਲੱਗੇ ਮਰੀਜ਼ ਨੂੰ ਛਾਵੇਂ ਲਿਟਾ ਦਿਓ। ਠੰਡੇ, ਗਿੱਲੇ ਕੱਪੜੇ ਨਾਲ ਉਸ ਦਾ ਸਰੀਰ ਪੂੰਝੋ ਜਾਂ ਫਿਰ ਠੰਢੇ ਪਾਣੀ ਨਾਲ ਨੁਹਾਓ। ਸਾਧਾਰਨ ਤਾਪਮਾਨ ਦਾ ਪਾਣੀ ਸਿਰ 'ਚ ਪਾਓ। ਠੰਡਾ ਪਾਣੀ ਬਿਲਕੁਲ ਨਾ ਪਾਓ। ਅਜਿਹਾ ਕਰਨ ਨਾਲ ਸਰੀਰ ਦਾ ਤਾਪਮਾਨ ਘੱਟ ਹੋ ਜਾਵੇਗਾ। ਮਰੀਜ਼ ਨੂੰ ਨਿੰਬੂ ਪਾਣੀ ਜਾਂ ਨਾਰੀਅਲ ਪਾਣੀ ਪੀਣ ਨੂੰ ਦਿਓ।
- ਧੁੱਪ ਤੋਂ ਬਚਣ ਲਈ ਪਰਨਾ, ਟੋਪੀ ਜਾਂ ਛਤਰੀ ਦੀ ਵਰਤੋਂ ਕਰੋ। ਸਫ਼ਰ ਦੌਰਾਨ ਪਾਣੀ ਜ਼ਰੂਰ ਕੋਲ ਰੱਖੋ।
- ਤਬੀਅਤ ਠੀਕ ਨਾ ਮਹਿਸੂਸ ਹੋਵੇ ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ।
- ਸੁੱਕਾ ਧਨੀਆ ਪਾਣੀ ਵਿਚ ਭਿਉਂ ਕੇ ਰੱਖੋ। ਫਿਰ ਇਸ ਨੂੰ ਮਸਲਕੇ ਅਤੇ ਛਾਣਕੇ ਥੋੜ੍ਹੀ ਜਿਹੀ ਚੀਨੀ ਮਿਲਾ ਕੇ ਪੀਣ ਨਾਲ ਗਰਮੀਆਂ ਵਿਚ ਲੂ ਤੋਂ ਰਾਹਤ ਮਿਲਦੀ ਹੈ।
- ਮੇਥੀ ਦੇ ਸੁੱਕੇ ਪੱਤਿਆਂ ਨੂੰ ਠੰਡੇ ਪਾਣੀ ਵਿਚ ਕੁਝ ਸਮਾਂ ਭਿਉਂ ਕੇ ਰੱਖੋ। ਫਿਰ ਇਨ੍ਹਾਂ ਨੂੰ ਹੱਥ ਨਾਲ ਮਸਲ ਕੇ, ਛਾਣ ਕੇ, ਇਸ ਵਿਚ ਥੋੜ੍ਹਾ ਜਿਹਾ ਸ਼ਹਿਰ ਮਿਲਾ ਕੇ ਦੋ ਦੋ ਘੰਟੇ ਬਾਅਦ ਮਰੀਜ਼ ਨੂੰ ਪਿਲਾਓ। ਲੂ ਦਾ ਅਸਰ ਖ਼ਤਮ ਹੋ ਜਾਵੇਗਾ।
- ਇਮਲੀ ਦੇ ਬੀਜ ਪੀਹ ਕੇ ਪਾਣੀ ਵਿਚ ਘੋਲ ਕੇ ਕੱਪੜੇ ਨਾਲ ਛਾਣ ਲਓ। ਇਸ ਵਿਚ ਚੀਨੀ ਮਿਲਾ ਕੇ ਪੀਣ ਨਾਲ ਲੂ ਤੋਂ ਰਾਹਤ ਮਿਲੇਗੀ।
- ਲੂ ਤੋਂ ਬਚਣ ਲਈ ਦੁਪਹਿਰ ਸਮੇਂ ਬਾਹਰ ਨਿਕਲਣ ਤੋਂ ਗੁਰੇਜ਼ ਕਰੋ। ਜੇ ਜ਼ਰੂਰੀ ਬਾਹਰ ਜਾਣਾ ਪਵੇ ਤਾਂ ਸਿਰ ਅਤੇ ਗਰਦਨ ਨੂੰ ਤੌਲੀਏ ਜਾਂ ਕੱਪੜੇ ਨਾਲ ਚੰਗੀ ਤਰ੍ਹਾਂ ਢਕ ਕੇ ਬਾਹਰ ਜਾਓ। ਦੋਵੇਂ ਕੰਨ ਵੀ ਢਕੇ ਹੋਣੇ ਚਾਹੀਦੇ ਹਨ।
- ਗਰਮੀ ਦੇ ਦਿਨਾਂ ਵਿਚ ਹਲਕਾ ਅਤੇ ਜਲਦੀ ਹਜ਼ਮ ਹੋਣ ਵਾਲਾ ਭੋਜਨ ਕਰਨਾ ਚਾਹੀਦਾਹੈ। ਬਾਹਰ ਜਾਂਦੇ ਸਮੇਂ ਕਦੇ ਖ਼ਾਲੀ ਪੇਟ ਬਾਹਰ ਨਾ ਜਾਓ।
- ਲੂ ਤੋਂ ਬਚਣ ਲਈ ਬੇਲ ਜਾਂ ਨਿੰਬੂ ਦਾ ਸ਼ਰਬਤ ਪੀਣਾ ਵੀ ਲਾਹੇਵੰਦ ਰਹਿੰਦਾ ਹੈ। ਇਹ ਸਰੀਰ ਵਿਚ ਪਾਣੀ ਦੀ ਕਮੀ ਪੂਰੀ ਕਰਦਾ ਹੈ।
- ਲੂ ਲੱਗਣ 'ਤੇ ਪਾਣੀ ਵਿਚ ਗਲੂਕੋਜ਼ ਵਾਲਾ ਪਾਣੀ ਪੀਂਦੇ ਰਹਿਣਾ ਚਾਹੀਦਾ ਹੈ। ਇਸ ਨਾਲ ਸਰੀਰ ਨੂੰ ਊਰਜਾ ਮਿਲਦੀ ਹੈ ਤੇ ਥਕਾਵਟ ਮਹਿਸੂਸ ਨਹੀਂ ਹੁੰਦੀ।

• ਡਾ. ਅਤੁਲ ਦੱਤਾ

# ਮਿਹਦੇ ਦਾ ਰੱਖੋ ਖ਼ਾਸ ਖਿਆਲ



ਮਿਹਦਾ ਸਾਡੇ ਸਰੀਰ ਦਾ ਇੱਕ ਬਹੁਤ ਖ਼ਾਸ ਅੰਗ ਹੈ, ਇਹ ਪੇਟ ਦੀ ਲੈਬੋਰੇਟਰੀ ਵੀ ਹੈ ਅਤੇ ਪਾਚਨ ਵਿਚ ਸਹਾਇਕ ਕਈ ਤਰ੍ਹਾਂ ਦੇ ਰਸ ਬਣਾਉਂਦਾ ਹੈ, ਨਾਲ ਹੀ ਸਰੀਰ ਅਤੇ ਖ਼ੂਨ 'ਚੋਂ ਜ਼ਹਿਰੀਲੇ ਤੱਤ ਬਾਹਰ ਕੱਢਦਾ ਹੈ। ਅੱਜ ਕਲ੍ਹ ਲਿਵਰ ਸਬੰਧੀ ਬਿਮਾਰੀਆਂ ਤੇਜ਼ੀ ਨਾਲ ਵੱਧ ਰਹੀਆਂ ਹਨ। ਅਜਿਹਾ ਸ਼ਰਾਬ ਅਤੇ ਵਿਗੜ ਚੁੱਕੀ ਜੀਵਨਸ਼ੈਲੀ ਕਾਰਨ ਹੋ ਰਿਹਾ ਹੈ। ਜੇਕਰ ਤੁਹਾਡਾ ਲਿਵਰ ਠੀਕ ਤਰ੍ਹਾਂ ਕੰਮ ਨਹੀਂ ਕਰ ਪਾ ਰਿਹਾ ਤਾਂ ਸਮਝ ਲਵੋ ਕਿ ਖ਼ਤਰੇ ਦੀ ਘੰਟੀ ਵੱਜ ਚੁੱਕੀ ਹੈ। ਮਿਹਦੇ ਦੀ ਵੱਡੀ ਖ਼ਰਾਬੀ ਹੋਣ ਦੀ ਸੂਰਤ ਵਿੱਚ ਟ੍ਰਾਂਸਪਲਾਂਟ ਤੋਂ ਇਲਾਵਾ ਹੋਰ ਕੋਈ ਹੱਲ ਨਹੀਂ ਬਚਦਾ ਹੈ। ਇਸ ਲਈ ਮਿਹਦੇ ਦੀ ਖ਼ਰਾਬੀ ਦੇ ਲੱਛਣ ਸਾਹਮਣੇ ਆਉਣ 'ਤੇ ਡਾਕਟਰ ਨਾਲ ਤੁਰੰਤ ਬਿਨਾ ਕਿਸੇ ਦੇਰੀ ਸੰਪਰਕ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਮਿਹਦੇ ਦੀ ਖ਼ਰਾਬੀ ਦਾ ਕਾਰਣ ਕਈ ਲੋਕ ਜਾਣਦੇ ਹਨ ਪਰ ਮਿਹਦਾ ਜਦੋਂ ਖ਼ਰਾਬ ਹੋਣਾ ਸ਼ੁਰੂ ਹੁੰਦਾ ਹੈ ਤਾਂ ਸਾਡੇ ਸ਼ਰੀਰ 'ਚ ਕਈ ਤਰ੍ਹਾਂ ਦੇ ਬਦਲਾਅ ਵੀ ਨਜ਼ਰ ਆਉਣੇ ਲੱਗਦੇ ਹਨ।

### ਮਿਹਦਾ ਖ਼ਰਾਬ ਹੋਣ ਦੇ ਕਾਰਨ

- ਮੂੰਹ 'ਚੋਂ ਗੰਦੀ ਬਦਬੂ ਆਉਣਾ ਵੀ ਮਿਹਦੇ ਦੀ ਖ਼ਰਾਬੀ ਹੋ ਸਕਦੀ ਹੈ। ਅਜਿਹਾ ਇਸ ਲਈ ਹੁੰਦਾ ਹੈ, ਕਿਉਂਕਿ ਮੂੰਹ 'ਚੋਂ ਅਮੋਨੀਆ ਦਾ ਰਿਸਾਅ ਵੱਧ ਜਾਂਦਾ ਹੈ।
- ਮਿਹਦਾ ਖ਼ਰਾਬ ਹੋਣ 'ਤੇ ਸਰੀਰ ਦੀ ਚਮੜੀ ਖ਼ਰਾਬ ਹੋਣ ਲਗਦੀ ਹੈ ਅਤੇ ਚਿਹਰੇ 'ਤੇ ਥਕਾਨ ਨਜ਼ਰ ਆਉਣ ਲੱਗਦੀ ਹੈ। ਅੱਖਾਂ ਦੇ ਹੇਠਲੀ ਚਮੜੀ ਬਹੁਤ ਹੀ ਨਾਜ਼ੁਕ ਹੰਦੀ ਹੈ ਜਿਸ 'ਤੇ ਤੁਹਾਡੀ ਸਿਹਤ ਦਾ ਅਸਰ ਸਾਫ ਦਿਖਾਈ ਦਿੰਦਾ ਹੈ।
- ਪਾਚਣ ਤੰਤਰ 'ਚ ਖ਼ਰਾਬ-ਜੇਕਰ ਲਿਵਰ 'ਚ ਫੈਟ ਜੰਮੀ ਹੋਈ ਹੈ ਜਾਂ ਫਿਰ ਲਿਵਰ 'ਚ ਸੋਜ਼ (ਫੈਟੀ ਲਿਵਰ) ਹੋ ਗਿਆ ਹੈ ਤਾਂ ਫਿਰ ਪਾਣੀ ਵੀ ਹਜ਼ਮ ਨਹੀਂ ਹੋਵੇਗਾ।
- ਚਮੜੀ 'ਤੇ ਸਫੇਦ ਧੱਬੇ - ਜੇਕਰ ਤੁਹਾਡੀ ਚਮੜੀ ਦਾ ਰੰਗ ਉੱਡ ਗਿਆ ਹੈ ਅਤੇ ਚਿੱਟੇ ਰੰਗ ਦੇ ਧੱਬੇ ਪੈਣ ਲੱਗ ਗਏ ਹਨ ਤਾਂ ਇਸ ਨੂੰ ਲਿਵਰ ਸਪੌਟ ਦੇ ਨਾਮ ਨਾਲ ਜਾਣਿਆ ਜਾਂਦਾ ਹੈ।
- ਜੇਕਰ ਪਿਸ਼ਾਬ ਜਾਂ ਮਲ ਹਰ ਰੋਜ਼ ਗਹਿਰੇ ਰੰਗ ਦਾ ਆਉਣ ਲੱਗੇ ਤਾਂ ਸਮਝ ਲਵੋ ਕਿ ਮਿਹਦੇ 'ਚ ਗੜਬੜ ਹੈ, ਜੇਕਰ ਅਜਿਹਾ ਸਿਰਫ ਇਕ ਵਾਰ ਹੁੰਦਾ ਹੈ ਤਾਂ ਇਹ ਸਿਰਫ ਪਾਣੀ ਦੀ ਕਮੀ ਕਾਰਨ ਵੀ ਹੋ ਸਕਦਾ ਹੈ।
- ਜੇਕਰ ਤੁਹਾਡੀਆਂ ਅੱਖਾਂ ਦਾ ਸਫੇਦ ਹਿੱਸਾ ਪੀਲਾ ਨਜ਼ਰ ਆਉਣ ਲੱਗੇ ਅਤੇ ਨਹੁੰ ਵੀ ਪੀਲੇ ਹੋਣ ਲੱਗ ਜਾਣ ਤਾਂ ਤੁਹਾਨੂੰ ਪੀਲੀਆ ਹੋ ਸਕਦਾ ਹੈ। ਇਸਦਾ ਇਹ ਮਤਲਬ ਹੈ ਕਿ ਤੁਹਾਡੇ ਲੀਵਰ 'ਚ ਇਨਫੈਕਸ਼ ਸ਼ੁਰੂ ਹੋ ਚੁੱਕਿਆ ਹੈ।
- ਲੀਵਰ ਇਕ ਐਂਜ਼ਾਈਮ ਪੈਦਾ ਕਰਦਾ ਹੈ, ਜਿਸ ਦਾ ਨਾਂ ਬਾਈਲ ਹੈ ਅਤੇ ਇਹ ਸਵਾਦ 'ਚ ਬਹੁਤ ਖ਼ਰਾਬ ਲੱਗਦਾ ਹੈ। ਜੇਕਰ ਤੁਹਾਡੇ ਮੂੰਹ 'ਚ ਕੜਵਾਹਟ ਲੱਗੇ ਤਾਂ ਇਸਦਾ ਮਤਲਬ ਹੈ ਕਿ ਤੁਹਾਡੇ ਮੂੰਹ ਤਕ ਬਾਈਲ ਪਹੁੰਚ ਰਿਹਾ ਹੈ।
- ਜਦੋਂ ਮਿਹਦਾ ਵੱਡਾ ਹੋ ਜਾਂਦਾ ਹੈ ਪੇਟ 'ਚ ਸੋਜਿਸ਼ ਆ ਜਾਂਦੀ ਹੈ, ਜਿਸ ਨੂੰ ਅਸੀਂ ਅਕਸਰ ਮੋਟਾਪਾ ਸਮਝਣ ਦੀ ਭੁੱਲ ਕਰ ਬੈਠਦੇ ਹਾਂ।
- ਜੇਕਰ ਜ਼ਿਆਦਾ ਤੇਲ ਵਾਲਾ ਖਾਣਾ ਖਾਂਦੇ ਹਾਂ ਅਤੇ ਕਸਰਤ ਨਹੀਂ ਕਰਦੇ ਤਾਂ ਫੈਟੀ ਲਿਵਰ ਦੀ ਸੰਭਾਵਨਾ ਵੱਧ ਜਾਂਦੀ ਹੈ। ਜ਼ਿਆਦਾ ਫੈਟ ਨਾਲ ਲਿਵਰ 'ਚ ਸੋਜ਼ ਆਉਣ ਲੱਗਦੀ ਹੈ ਅਤੇ ਲਿਵਰ ਵੀ ਸੁੰਗੜਨ ਲੱਗਦਾ ਹੈ। ਜੇਕਰ ਸ਼ੁਰੂਆਤੀ ਦੌਰ 'ਚ ਇਸਦਾ ਪਤਾ ਲੱਗ ਜਾਵੇ ਤਾਂ ਇਸਦਾ ਇਲਾਜ ਸੰਭਵ ਹੈ।
- ਵਾਇਰਲ ਹੈਪੇਟਾਈਟਿਸ ਏ, ਬੀ, ਸੀ ਅਤੇ ਈ ਹੋਣ ਦੀ ਸੂਰਤ 'ਚ ਲਿਵਰ ਖ਼ਰਾਬ ਹੋ ਜਾਂਦਾ ਹੈ। ਏ ਅਤੇ ਈ ਦੂਸ਼ਿਤ ਪਾਣੀ ਅਤੇ ਖਾਣੇ ਦੇ ਨਾਲ ਹੁੰਦਾ ਹੈ। ਇਸ ਨੂੰ ਆਮ ਭਾਸ਼ਾ 'ਚ ਪੀਲੀਆ ਕਹਿੰਦੇ ਹਨ। ਇਸਦੇ ਲੱਛਣ ਲਗਪਗ ਚਾਰ ਹਫਤਿਆਂ ਤਕ ਚੱਲਦੇ ਹਨ। ਇਸ ਹਾਲਤ 'ਚ ਮਰੀਜ਼ ਨੂੰ ਉਲਟੀ ਅਤੇ ਬੁਖ਼ਾਰ ਆਉਂਦਾ ਹੈ।
- ਬੀ ਅਤੇ ਸੀ ਵਾਇਰਲ ਇਨਫੈਕਸ਼ਨ ਹੈ। ਇਨਫੈਕਸ਼ਨ ਦੇ ਡੇਢ ਤੋਂ ਦੋ ਮਹੀਨੇ ਬਾਅਦ ਲੱਛਣ ਨਜ਼ਰ ਆਉਣ ਲੱਗਦੇ ਹਨ। ਕਈ ਮਾਮਲਿਆਂ 'ਚ ਲੱਛਣ ਚਾਰ ਮਹੀਨੇ ਬਾਅਦ ਵੀ ਨਜ਼ਰ ਆਉਂਦੇ ਹਨ।
- ਬਚਪਨ 'ਚ ਇੰਨਫੈਕਸ਼ਨ ਹੋਣ 'ਤੇ ਅੱਗੇ ਚੱਲ ਕੇ ਕ੍ਰੋਨਿਕ ਹੈਪੇਟਾਈਟਿਸ ਦਾ ਖ਼ਤਰਾ ਵੱਧ ਜਾਂਦਾ ਹੈ। ਦੋਨੋਂ ਹੀ ਵਾਇਰਸ ਲਿਵਰ 'ਤੇ ਬੁਰਾ ਅਸਰ ਪਾਉਂਦੇ ਹਨ। ਇਸਦੇ ਲੱਛਣ ਮੁਖ ਤੌਰ 'ਤੇ ਭੁੱਖ ਨਾ ਲੱਗਣਾ, ਵਜ਼ਨ ਘੱਟ ਹੋਣਾ, ਪੀਲੀਆ ਆਦਿ ਹੋਣਾ ਹੈ।
- ਸ਼ਰਾਬ ਦੇ ਜ਼ਿਆਦਾ ਸੇਵਨ ਨਾਲ ਲਿਵਰ ਖ਼ਰਾਬ ਹੋਣ ਲੱਗਦਾ ਹੈ। ਜਿਗਰ 'ਚ ਰੇਸ਼ਾ (ਫਾਈਬ੍ਰੋਸਿੱਸ) ਬਣਨ ਲੱਗਦਾ ਹੈ ਜਿਸ ਕਾਰਨ ਮਿਹਦਾ ਸੁੰਗੜਨ ਲੱਗਦਾ ਹੈ। ਮਿਹਦੇ 'ਚ ਛੋਟੀਆਂ-ਵੱਡੀਆਂ ਗੰਢਾ ਪੈ ਜਾਂਦੀਆਂ ਹਨ ਜੋ ਕਿ ਲਿਵਰ ਸਿਰੋਸਿੱਸ ਅਖਵਾਉਂਦਾ ਹੈ।
- ਜਦੋਂ ਸਰੀਰ ਦੇ ਸੈੱਲ ਮਿਹਦੇ ਦੇ ਖ਼ਿਲਾਫ਼ ਕੰਮ ਕਰਨ ਲੱਗਦੇ ਹਨ ਤਾਂ ਮਿਹਦਾ ਖ਼ਰਾਬ ਹੋਣ ਲੱਗਦਾ ਹੈ। ਅੰਤੜੀਆਂ ਦੇ ਬੈਕਟੀਰੀਆ ਵੀ ਫੈਟੀ ਮਿਹਦਾ ਹੋਣ ਦਾ ਕਾਰਨ ਬਣਦੇ ਹਨ। ਇਹ ਪਤਲੇ ਲੋਕਾਂ ਨੂੰ ਵੀ ਹੋ ਸਕਦਾ ਹੈ।
- ਮਿਹਦੇ ਦੇ ਖ਼ਰਾਬ ਹੋਣ ਦੇ ਲੱਛਣ ਕਾਫੀ ਦੇਰ ਬਾਅਦ ਪਤਾ ਚੱਲਦੇ ਹਨ। ਜਦੋਂ 30-40 ਫ਼ੀਸਦੀ ਲਿਵਰ ਦੇ ਸੈੱਲ ਨਸ਼ਟ ਹੋ ਜਾਂਦੇ ਹਨ ਤਾਂ ਕਿਤੇ ਜਾ ਕੇ ਫੈਟੀ ਲਿਵਰ, ਅਲਕੋਹਲਿੱਕ ਡੀਸੀਜ਼ ਬਾਰੇ ਪਤਾ ਚੱਲਦਾ ਹੈ।

*ਜੇਕਰ ਜ਼ਿਆਦਾ ਤੇਲ ਵਾਲਾ ਖਾਣਾ ਖਾਂਦੇ ਹਾਂ ਅਤੇ ਕਸਰਤ ਨਹੀਂ ਕਰਦੇ ਤਾਂ ਫੈਟੀ ਮਿਹਦੇ ਦੀ ਸੰਭਾਵਨਾ ਵੱਧ ਜਾਂਦੀ ਹੈ। ਜ਼ਿਆਦਾ ਫੈਟ ਨਾਲ ਮਿਹਦੇ 'ਚ ਸੋਜ਼ ਆਉਣ ਲੱਗਦੀ ਹੈ ਅਤੇ ਮਿਹਦਾ ਵੀ ਸੁੰਗੜਨ ਲੱਗਦਾ ਹੈ। ਜੇਕਰ ਸ਼ੁਰੂਆਤੀ ਦੌਰ 'ਚ ਇਸਦਾ ਪਤਾ ਲੱਗ ਜਾਵੇ ਤਾਂ ਇਸਦਾ ਇਲਾਜ ਸੰਭਵ ਹੈ।*

### ਮਿਹਦੇ ਦੀ ਦੇਖਭਾਲ

- ਮਿਹਦੇ ਦੇ ਮਾਮਲੇ 'ਚ ਇਲਾਜ ਨਾਲੋਂ ਬਚਾਅ ਹੀ ਭਲਾ ਹੈ। ਇਸ ਲਈ ਸਿਹਤਮੰਦ ਮਿਹਦੇ ਲਈ ਜੀਵਨਸ਼ੈਲੀ ਅਤੇ ਖਾਣ-ਪੀਣ ਦਾ ਧਿਆਨ ਰੱਖਣਾ ਜ਼ਰੂਰੀ ਹੈ।
- ਦੂਸ਼ਿਤ ਖਾਣਾ, ਸ਼ਰਾਬ ਅਤੇ ਸਿਗਰਟਨੋਸ਼ੀ ਤੋਂ ਦੂਰ ਰਹੋ।
- ਰੋਜ਼ਾਨਾ 6 ਘੰਟੇ ਤੋਂ ਘੱਟ ਨੀਂਦ ਲੈਣ ਨਾਲ ਸਰੀਰ ਦਾ ਮੈਟਾਬੋਲਿਜ਼ਮ ਪ੍ਰਭਾਵਿਤ ਹੁੰਦਾ ਹੈ ਅਤੇ ਲਿਵਰ ਨਾਲ ਜੁੜੇ ਰੋਗਾਂ ਦਾ ਖ਼ਤਰਾ ਵੱਧ ਜਾਂਦਾ ਹੈ।
- ਤਣਾਅ ਨਾਲ ਵੀ ਲਿਵਰ ਦੀ ਕਾਰਜਸ਼ੈਲੀ 'ਤੇ ਪ੍ਰਭਾਵ ਪੈਂਦਾ ਹੈ ਜਿਸਦਾ ਸਿੱਧਾ ਅਸਰ ਸਾਡੇ ਪਾਚਣ ਤੰਤਰ 'ਤੇ ਪੈਂਦਾ ਹੈ।
- ਭੋਜਨ ਉਦੋਂ ਹੀ ਕਰੋ ਜਦੋਂ ਤੁਹਾਨੂੰ ਭੁੱਖ ਲੱਗੇ ਅਤੇ ਭੁੱਖ ਤੋਂ ਅੱਧਾ ਖਾਣਾ ਹੀ ਖਾਓ।
- ਸਵੇਰੇ ਖਾਲੀ ਪੇਟ ਇੱਕ ਵੱਡਾ ਗਿਲਾਸ ਨਿੱਘਾ ਨੀਂਬੂ ਪਾਣੀ ਦਾ ਪੀਓ, ਇਸ ਨਾਲ ਲਿਵਰ ਤਾਂ ਸਾਫ ਹੋਵੇਗਾ ਹੀ, ਪਾਚਣ ਤੰਤਰ ਦੀ ਸੁਧਰੇਗਾ।
- ਚੰਗੀ ਮਾਤਰਾ 'ਚ ਤਾਜ਼ੇ ਫਲ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਅਤੇ ਫਲਾਂ ਦਾ ਜੂਸ ਪੀਓ।
- ਹਰ ਰੋਜ਼ 6-7 ਲਸਣ ਦੀਆਂ ਕਲੀਆਂ ਖਾਓ। ਇਸ ਨਾਲ ਲਿਵਰ ਸ਼ੁੱਧ ਹੁੰਦਾ ਹੈ।
- ਸਿਹਤਮੰਦ ਲਿਵਰ ਲਈ ਰੋਜ਼ਾਨਾ ਕਸਰਤ ਕਰੋ ਜਿਸ ਨਾਲ ਪਸੀਨਾ ਨਿਕਲੇ, ਪਸੀਨਾ ਨਿੱਕਲਣ ਨਾਲ ਸਰੀਰ ਦੀ ਸਫ਼ਾਈ ਹੰਦੀ ਹੈ, ਅਜਿਹਾ ਹੋਣ ਨਾਲ ਲਿਵਰ 'ਤੇ ਘੱਟ ਜ਼ੋਰ ਪੈਂਦਾ ਹੈ।
- ਦੌੜ, ਸਾਈਕਲਿੰਗ, ਬਾਹਰ ਗ੍ਰਾਊਂਡ 'ਚ ਖੇਡਣਾ ਖ਼ਾਸ ਕਰ ਐਕਸਰਸਾਈਜ਼ ਚੁਣੋ।

• ਹਰਪ੍ਰੀਤ ਸਿੰਘ ਬਰਾੜ

### ਲੀਵਰ ਟੈਸਟ ਫੰਕਸ਼ਨ

*ਜੇਕਰ ਤੁਸੀਂ ਡਰੱਗ ਲੈਂਦੇ ਹੋ, ਜ਼ਿਆਦਾ ਸ਼ਰਾਬ ਪੀਂਦੇ ਹੋ, ਦਿਮਾਗ਼ ਜਾਂ ਟੀਬੀ ਰੋਗ ਦੀ ਦਵਾਈ ਲੈਂਦੇ ਹੋ, ਪਰਿਵਾਰ 'ਚ ਕਿਸੇ ਨੂੰ ਲਿਵਰ ਦੀ ਬਿਮਾਰੀ ਹੈ, ਤਾਂ ਅਜਿਹੇ 'ਚ ਤੁਸੀਂ ਲਿਵਰ ਫੰਕਸ਼ਨ ਟੈਸਟ ਜ਼ਰੂਰ ਕਰਵਾਓ। ਇਹ ਟੈਸਟ ਲਿਵਰ ਦੀ ਕਾਰਜਸ਼ੈਲੀ ਬਾਰੇ ਦੱਸਦਾ ਹੈ। ਇਸ ਤੋਂ ਇਲਾਵਾ ਫੈਟੀ ਲਿਵਰ ਦੇ ਲਈ ਅਲਟਰਾਸਾਊਂਡ ਵੀ ਹੁੰਦਾ ਹੈ।*

### ਮਿਹਦੇ ਦੀ ਬਾਇਓਪਸੀ

*ਜਦੋਂ ਬਲੱਡ ਟੈਸਟ ਨਾਲ ਮਿਹਦੇ ਦੀ ਬਿਮਾਰੀ ਸਾਹਮਣੇ ਨਹੀਂ ਆਉਂਦੀ ਤਾਂ ਡਾਕਟਰ ਬਾਇਓਪਸੀ ਦੀ ਸਲਾਹ ਦਿੰਦੇ ਹਨ। ਇਸ 'ਚ ਲਿਵਰ ਦਾ ਛੋਟਾ ਅੰਸ਼ ਕੱਢ ਕੇ ਲੈਬੋਰੇਟਰੀ ਭੇਜਿਆ ਜਾਂਦਾ ਹੈ।*

# ਆਓ ਬਣਾਈਏ ਤੰਬਾਕੂ ਮੁਕਤ ਸਮਾਜ

ਭਾਰਤ ਪੂਰੀ ਦੁਨੀਆ ਵਿਚੋਂ ਤੰਬਾਕੂ ਦਾ ਦੂਜਾ ਸਭ ਤੋਂ ਵੱਡਾ ਉਪਭੋਗਤਾ, ਅਮਰੀਕਾ ਅਤੇ ਚੀਨ ਤੋਂ ਬਾਅਦ ਤੀਜਾ ਸਭ ਤੋਂ ਵੱਡਾ ਉਤਪਾਦਕ ਦੇਸ਼ ਹੈ। ਭਾਰਤ ਵਿੱਚ ਤੰਬਾਕੂ ਦਾ ਪੌਦਾ ਪੁਰਤਗਾਲੀਆਂ ਦੁਆਰਾ ਸੰਨ 1608 ਈ. ਵਿੱਚ ਲਿਆਂਦਾ ਗਿਆ ਅਤੇ ਬਾਅਦ ਵਿੱਚ ਇਸਦੀ ਖੇਤੀ ਪੂਰੇ ਦੇਸ਼ ਵਿੱਚ ਫੈਲ ਗਈ। ਅੰਕੜਿਆ ਅਨੁਸਾਰ ਭਾਰਤ ਵਿਚ 35 ਫ਼ੀਸਦੀ ਤੋਂ ਜ਼ਿਆਦਾ ਬਾਲਗ ਤੰਬਾਕੂ ਦਾ ਸੇਵਨ ਕਰਦੇ ਹਨ। ਤੰਬਾਕੂ ਉਤਪਾਦਾਂ ਦਾ ਸੇਵਨ ਅਨੇਕ ਰੂਪਾਂ ਵਿੱਚ ਕੀਤਾ ਜਾਂਦਾ ਹੈ ਜਿਵੇਂ ਕਿ ਬੀੜੀ, ਸਿਗਰਟ, ਗੁਟਖਾ, ਜ਼ਰਦਾ, ਖੈਨੀ, ਹੁੱਕਾ, ਚਿਲਮ ਆਦਿ। ਤੰਬਾਕੂ ਇੱਕ ਧੀਮੀ ਗਤੀ ਦਾ ਜ਼ਹਿਰ ਹੈ ਜੋ ਸੇਵਨ ਕਰਨ ਵਾਲੇ ਨੂੰ ਹੌਲੀ ਹੌਲੀ ਮੌਤ ਦੀ ਗ੍ਰਿਫਤ ਵਿੱਚ ਜਕੜ ਲੈਂਦਾ ਹੈ। ਭਾਰਤ ਵਿੱਚ ਸਿਗਰਟ ਨਾਲੋਂ ਬੀੜੀ ਜ਼ਿਆਦਾ ਪੀਤੀ ਜਾਂਦੀ ਹੈ। ਤਕਰੀਬਨ 48 ਫ਼ੀਸਦੀ ਮਰਦ ਅਤੇ 20 ਫ਼ੀਸਦੀ ਔਰਤਾਂ ਤੰਬਾਕੂ ਦਾ ਸੇਵਨ ਕਰਦੀਆਂ ਹਨ। 4000 ਤੋਂ ਜ਼ਿਆਦਾ ਵਿਭਿੰਨ ਪ੍ਰਕਾਰ ਦੇ ਰਸਾਇਣ ਤੰਬਾਕੂ ਅਤੇ ਤੰਬਾਕੂ ਵਿੱਚ ਪਾਏ ਜਾਂਦੇ ਹਨ। ਆਈਏਆਰਸੀ ਦੁਆਰਾ ਕੀਤੇ ਗਈ ਕੈਂਸਰ ਖੋਜ ਵਿੱਚ ਇਹਨਾਂ ਰਸਾਇਣਾਂ ਵਿੱਚ 60 ਨੂੰ ਕਾਰਸੀਨੋਜਨ (ਕੈਂਸਰ ਪੈਦਾ ਕਰਨ ਵਾਲੇ ਏਜੇਂਟ) ਦੇ ਰੂਪ ਵਿੱਚ ਵਰਗੀਕ੍ਰਿਤ ਕੀਤਾ ਗਿਆ ਹੈ। ਤੰਬਾਕੂ ਵਿੱਚ ਨਿਕੋਟੀਨ ਹੁੰਦਾ ਹੈ ਜਿਹੜਾ ਕਿ ਬਹੁਤ ਨਸ਼ੀਲਾ ਰਸਾਇਣ ਹੈ।ਤੰਬਾਕੂ ਦੇ ਸੇਵਨ ਕਾਰਨ ਗਲੇ-ਮੂੰਹ ਦੇ ਕੈਂਸਰ, ਦਮਾ, ਚਮੜੀ ਦੇ ਰੋਗ, ਦਿਲ ਦੀਆਂ ਬਿਮਾਰੀਆਂ, ਅੰਨ੍ਹਾ/ਬੋਲਾਪਣ, ਫੇਫੜਿਆਂ ਦੇ ਰੋਗ, ਪੇਟ ਦੇ ਅਲਸਰ, ਐਸੀਡਿਟੀ ਅਤੇ ਦੰਦ ਮਸੂੜਿਆਂ ਦੀਆਂ ਬਿਮਾਰੀਆਂ ਆਦਿ। ਮਰਦਾਂ ਵਿੱਚ ਸਭ ਤਰ੍ਹਾਂ ਦੇ ਕੈਂਸਰਾਂ ਦਾ ਲਗਭਗ 45 ਫ਼ੀਸਦੀ ਅਤੇ ਔਰਤਾਂ ਵਿੱਚ 17 ਫ਼ੀਸਦੀ ਮੂੰਹ ਦਾ ਕੈਂਸਰ ਹੈ ਅਤੇ 80 ਫ਼ੀਸਦੀ ਤੋਂ ਜ਼ਿਆਦਾ ਮੂੰਹ ਦਾ ਕੈਂਸਰ ਤੰਬਾਕੂ ਦੀ ਵਰਤੋਂ ਕਾਰਨ ਹੁੰਦਾ ਹੈ। 2010 ਵਿੱਚ ਭਾਰਤ ਵਿੱਚ ਤੰਬਾਕੂ ਨਾਲ ਸਬੰਧਤ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਲਗਭਗ 1.2 ਲੱਖ ਸੀ। ਐੱਨ.ਐੱਸ.ਐੱਸ.ਓ. ਦੇ ਸਰਵੇ ਵਿੱਚ ਹੈਰਾਨੀਜਨਕ ਤੱਥ ਸਾਹਮਣੇ ਆਇਆ ਹੈ ਕਿ ਰੋਜ਼ਾਨਾ ਤਕਰੀਬਨ 5500 ਨਵੇਂ ਲੋਕ ਤੰਬਾਕੂ ਦੇ ਸੇਵਨ ਨਾਲ ਜੁੜ ਰਹੇ ਹਨ। ਬਹੁਤੇ ਲੋਕ ਚੜ੍ਹਦੀ ਉਮਰ ਵਿੱਚ ਤੰਬਾਕੂ ਪਦਾਰਥਾਂ ਦਾ ਸ਼ੌਕੀਆ ਸੇਵਨ ਸ਼ੁਰੂ ਕਰਦੇ ਹਨ ਅਤੇ ਕਦੋਂ ਇਹ ਸ਼ੌਕ ਲਤ ਜਾਂ ਆਦਤ 'ਚ ਬਦਲ ਜਾਂਦਾ ਹੈ, ਉਹਨਾਂ ਨੂੰ ਪਤਾ ਤਕ ਨਹੀਂ ਲੱਗਦਾ।



ਸੰਸਾਰ ਦੇ ਬਹੁਤੇ ਦੇਸ਼ਾਂ ਦੇ ਵਾਂਗ ਸਾਡੇ ਦੇਸ਼ ਵਿੱਚ ਵੀ ਜਨਤਕ ਥਾਵਾਂ 'ਤੇ ਤੰਬਾਕੂ ਦੀ ਵਰਤੋਂ ਕਰਨ ਤੋਂ ਰੋਕਣ ਲਈ ਕਾਨੂੰਨ ਬਣਾਇਆ ਗਿਆ ਤਾਂ ਕਿ ਇਸ ਦੀ ਮਾਰ ਤੋਂ ਬਚਿਆ ਜਾ ਸਕੇ। ਲੋਕਾਂ ਨੂੰ ਜਾਗਰੂਕ ਕਰਨ ਲਈ ਤੰਬਾਕੂ ਪਦਾਰਥਾਂ 'ਤੇ ਇਸ ਦੇ ਹਾਨੀਕਾਰਕ ਪ੍ਰਭਾਵ ਦਰਸਾਉਣ ਵਾਲੀ ਚੇਤਾਵਨੀ, ਚਿੱਤਰ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ।

ਸੰਸਾਰ ਵਿਚ ਦਸ ਮੌਤਾਂ ਵਿੱਚੋਂ ਇਕ ਮੌਤ ਸਿਗਰਟਨੋਸ਼ੀ ਕਾਰਨ ਹੁੰਦੀ ਹੈ। ਸਿਗਰਟਨੋਸ਼ੀ ਕਰਦੇ ਸਮੇਂ ਉਸ ਦੇ ਨਜ਼ਦੀਕ ਬੈਠੇ ਲੋਕਾਂ 'ਤੇ ਵੀ ਇਸਦੇ ਧੂੰਏਂ ਦਾ ਮਾੜਾ ਅਸਰ ਪੈਂਦਾ ਹੈ। ਸਿਗਰਟਨੋਸ਼ੀ ਕਰਨ ਵਾਲੇ ਦੀ ਸੰਗਤ ਵਿਚ ਧੂੰਏਂ ਦੀ ਲਪੇਟ 'ਚ ਆਉਣ ਨੂੰ ਪੈਸਿਵ ਸਮੋਕਿੰਗ ਜਾਂ ਸੈਕਿੰਡ ਹੈਂਡ ਸਮੋਕਿੰਗ ਕਿਹਾ ਜਾਂਦਾ ਹੈ। ਪੈਸਿਵ ਸਮੋਕਿੰਗ ਸਦਕਾ ਵੀ ਫੇਫੜਿਆਂ ਦਾ ਕੈਂਸਰ ਹੋਣ ਦਾ 20 ਤੋਂ 30 ਫ਼ੀਸਦੀ ਜ਼ੋਖਮ ਹੁੰਦਾ ਹੈ।

ਸੰਸਾਰ ਪੱਧਰ 'ਤੇ ਲੋਕਾਂ ਨੂੰ ਤੰਬਾਕੂ ਦੇ ਸੇਵਨ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਅਤੇ ਲੋਕਾਂ ਨੂੰ ਤੰਬਾਕੂ ਦੀ ਵਰਤੋਂ ਛੱਡਣ ਲਈ ਪ੍ਰੇਰਿਤ ਕਰਨ ਦੇ ਮਨੋਰਥ ਨਾਲ 31 ਮਈ ਨੂੰ ਕੌਮਾਂਤਰੀ ਤੰਬਾਕੂਮੁਕਤ ਦਿਹਾੜਾ ਮਨਾਇਆ ਜਾਂਦਾ ਹੈ।

• ਗੋਬਿੰਦਰ ਸਿੰਘ ਢੀਂਡਸਾ
ਮੋਬਾਈਲ :92560-66000

# ਬੇਹੱਦ ਕਾਰਗਰ ਇਲਾਜ ਪ੍ਰਣਾਲੀ ਹੈ ਇਲੈਕਟ੍ਰੋ-ਹੋਮਿਓਪੈਥੀ



ਮਹੱਤਵਪੂਰਣ ਸਵਾਲ ਹੈ ਕਿ ਇਲੈਕਟ੍ਰੋ-ਹੋਮਿਓਪੈਥੀ ਦੀ ਖੋਜ ਕਰਨ ਦੀ ਲੋੜ ਕਿਉਂ ਪਈ ਜਦੋ ਕਿ ਇਸ ਤੋਂ ਪਹਿਲਾਂ ਕਿੰਨੀਆਂ ਹੀ ਇਲਾਜ ਪ੍ਰਣਾਲੀਆਂ ਕੰਮ ਕਰ ਰਹੀਆਂ ਹਨ। ਅੱਜ ਹਰ ਵਰਗ ਭਿਆਨਕ ਤੋਂ ਭਿਆਨਕ ਰੋਗਾਂ ਨਾਲ ਗ੍ਰਸਤ ਹੈ। ਹਸਪਤਾਲ ਵਿੱਚ ਮਰੀਜ਼ਾਂ ਦੀਆਂ ਲੰਬੀਆਂ ਲੰਬੀਆਂ ਲਾਈਨਾਂ ਲੱਗੀਆਂ ਹੋਈਆਂ ਹਨ। ਇਸ ਵਿਸ਼ੇ ਨੂੰ ਘੋਖਣ ਦੀ ਲੋੜ ਹੈ। ਭਾਵੇਂ ਮੈਡੀਕਲ ਸਾਇੰਸ ਨੇ ਬਹੁਤ ਹੀ ਤਰੱਕੀ ਕੀਤੀ ਹੈ ਪਰ ਨਾਲ ਦੀ ਨਾਲ ਕੁਦਰਤ ਦੇ ਨਿਯਮਾਂ ਨੂੰ ਤੋੜਕੇ ਕੁਦਰਤ ਨੂੰ ਆਪਣੇ ਵੱਸ ਵਿੱਚ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ ਜਿਸ ਦਾ ਖ਼ਮਿਆਜ਼ਾ ਅੱਜ ਪੂਰਾ ਵਿਸ਼ਵ ਭੁਗਤ ਰਿਹਾ ਹੈ।

ਗੁਰਬਾਣੀ 'ਚ ਵੀ ਲਿਖਿਆ ਹੈ ਕਿ ਹਵਾ, ਪਾਣੀ ਤੇ ਧਰਤੀ ਤੋਂ ਬਿਨਾ ਜੀਵਨ ਨਹੀਂ ਹੈ ਪਰ ਅੱਜ ਦੇ ਵਿਗਿਆਨ ਨੇ ਇਨ੍ਹਾਂ ਤਿੰਨਾਂ ਨੂੰ ਹੀ ਬੇਹੱਦ ਗੰਧਲਾ ਅਤੇ ਜ਼ਹਿਰੀਲਾ ਬਣਾ ਦਿੱਤਾ ਹੈ। ਮਨੁੱਖੀ ਸਰੀਰ ਦਾ ਇਲਾਜ ਕਰਨ ਲਈ ਬਣੀਆਂ ਦਵਾਈਆਂ ਪੂਰੀ ਤਰ੍ਹਾਂ ਨਾਲ ਰਸਾਇਣ, ਅਲਕੋਹਲ ਅਤੇ ਜਾਨਵਰਾਂ ਦੀਆਂ ਜ਼ਹਿਰਾਂ ਦੇ ਪ੍ਰਭਾਵ ਹੇਠ ਤਿਆਰ ਕੀਤੀਆਂ ਜਾਂਦੀਆਂ ਹਨ ਜਿਸ ਕਾਰਨ ਮਨੁੱਖੀ ਸਰੀਰਕ ਅੰਗ ਅੰਦਰੋਂ ਬਿਲਕੁਲ ਨਾਕਾਰਾ ਹੋ ਚੁੱਕੇ ਹਨ। ਜੋ ਜ਼ਹਿਰ ਸਰੀਰ ਅੰਦਰ ਇਕੱਠੀ ਹੁੰਦੀ ਹੈ, ਉਹ ਬਾਹਰ ਕੱਢਣ ਦੀ ਸਮਰੱਥਾ ਗੁਵਾ ਚੁਕੇ ਹਨ ਜਿਵੇਂ ਕਿ ਗੁਰਦਿਆਂ ਦਾ ਕਮਜ਼ੋਰ ਹੋ ਜਾਣਾ, ਲੀਵਰ ਦਾ ਪੂਰਾ ਕੰਮ ਨਾ ਕਰਨਾ, ਬਲੱਡ ਦਾ ਗੰਦਾ ਹੋ ਜਾਣਾ, ਅੰਤੜੀਆਂ ਦੇ ਠੀਕ ਕੰਮ ਨਾ ਕਰਕੇ ਕਬਜ਼ ਦਾ ਰਹਿਣਾ ਆਦਿ। ਕਿਉਂਕਿ ਬਿਮਾਰੀ ਨੂੰ ਠੀਕ ਕਰਨ ਲਈ ਸਾਰੀਆਂ ਹੀ ਦਵਾਈਆਂ ਸਰੀਰ ਦੇ ਅੰਦਰੂਨੀ ਅੰਗਾਂ 'ਤੇ ਕੈਮੀਕਲ ਕੰਮ ਕਰਦੀਆਂ ਜਿਸ ਦੇ ਕਾਰਨ ਮਨੁੱਖੀ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਤਾਕਤ ਬਿਲਕੁਲ ਵੀ ਨਹੀਂ ਰਹੀ ਅਤੇ ਅੱਜ ਦੇ ਸਮੇਂ ਛੋਟੀ ਤੋਂ ਛੋਟੀ ਬਿਮਾਰੀ ਵੀ ਠੀਕ ਨਾ ਹੋ ਕੇ ਗੰਭੀਰ ਰੂਪ ਲੈ ਰਹੀ ਹੈ।



ਇਸੇ ਲਈ ਸਮੇਂ ਦੀ ਲੋੜ ਅਨੁਸਾਰ ਇਲੈਕਟ੍ਰੋ-ਹੋਮਿਓਪੈਥੀ ਇਲਾਜ ਪ੍ਰਣਾਲੀ ਦੀ ਖੋਜ ਕਰਨ ਦੀ ਲੋੜ ਮਹਿਸੂਸ ਹੋਈ ਕਿਉਂਕਿ ਇਲੈਕਟ੍ਰੋ - ਹੋਮਿਓਪੈਥੀ ਇਲਾਜ ਪ੍ਰਣਾਲੀ ਵਿੱਚ ਸਾਰੀਆਂ ਦਵਾਈਆਂ ਨੂੰ ਰਸਾਇਣ ਅਤੇ ਜਾਨਵਰਾਂ ਦੀਆਂ ਜ਼ਹਿਰਾਂ ਤੋਂ ਬਿਨਾਂ ਸਿਰਫ ਕੁਦਰਤ ਦੀ ਗੋਦ ਵਿੱਚ ਪੈਦਾ ਹੋਈ ਬਨਸਪਤੀ ਵਰਗ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਬਣਾਉਣ ਦਾ ਤਰੀਕਾ ਵੀ ਕੁਦਰਤ ਦੇ ਨਿਯਮਾ ਦੇ ਅਨੁਸਾਰ ਬਿਨਾ ਕਿਸੇ ਕੈਮੀਕਲ ਜਾਂ ਅਲਕੋਹਲ ਦਾ ਸਹਾਰਾ ਲਿਆਂ ਦਵਾਈਆ ਤਿਆਰ ਕੀਤੀਆਂ ਜਾਂਦੀਆਂ ਹਨ। ਜੋ ਕਿ ਮਨੁੱਖੀ ਸਰੀਰ ਵਿੱਚ ਬਲੱਡ ਅਤੇ ਲਿਫ ਨੂੰ ਸਾਫ ਕਰਕੇ ਨਰਵਸ ਸਿਸਟਮ ਨੂੰ ਤਾਕਤ ਦੇ ਕੇ ਸਰੀਰ ਨੂੰ ਬਿਮਾਰੀਆਂ ਨਾਲ ਲੜਨ ਦੀ ਤਾਕਤ ਦਿੰਦੀਆਂ ਹਨ। ਬੇਕਾਰ ਹੋ ਚੁੱਕੇ ਸੈੱਲਾਂ ਨੂੰ ਸਰੀਰ ਵਿੱਚੋਂ ਬਾਹਰ ਕੱਢਣ ਦਾ ਕੰਮ ਕਰਦੀਆਂ ਹਨ ਅਤੇ ਨਵੇਂ ਸੈੱਲ ਪੈਦਾ ਕਰਦੀਆਂ ਹਨ। ਸਰੀਰ ਦੇ ਇਮਿਊਨਟੀ ਸਿਸਟਮ ਨੂੰ ਵਧਾਉਂਦੀਆਂ ਹਨ ਅਤੇ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ। ਇਨ੍ਹਾਂ ਦਵਾਈਆਂ ਨਾਲ ਹਰ ਛੋਟੀ ਤੋਂ ਛੋਟੀ ਬਿਮਾਰੀ ਤੋਂ ਲੈ ਕਿ ਕੈਂਸਰ ਤਕ ਦਾ ਇਲਾਜ ਬਿਨਾ ਕਿਸੇ ਨੁਕਸਾਨ ਕੀਤਾ ਜਾਂਦਾ ਹੈ। ਇਲੈਕਟ੍ਰੋ-ਹੋਮਿਓਪੈਥੀ ਦਵਾਈਆ ਨਵੇਂ ਰੋਗਾਂ ਵਿੱਚ ਬਹੁਤ ਤੇਜ਼ੀ ਨਾਲ ਅਸਰ ਕਰ ਕੇ ਮਰੀਜ਼ ਦੀ ਤਕਲੀਫ ਘਟਾਉਂਦੀਆ ਹਨ। ਜੋ ਲੋਕ ਇਲੈਕਟ੍ਰੋ-ਹੋਮਿਓਪੈਥੀ ਦਵਾਈਆਂ ਨਾਲ ਆਪਣਾ ਇਲਾਜ ਕਰਾਉਂਦੇ ਹਨ, ਉਹ ਕਦੇ ਵੀ ਭਿਆਨਕ ਬਿਮਾਰੀਆਂ ਦੀ ਚਪੇਟ ਵਿਚ ਨਹੀਂ ਆਉਂਦੇ।

ਦੂਜੀਆਂ ਇਲਾਜ ਪ੍ਰਣਾਲੀਆਂ ਵਿੱਚ ਦਵਾਈ ਨੂੰ ਲੰਬਾ ਸਮਾਂ ਵਰਤਿਆ ਜਾਵੇ ਤਾਂ ਫਾਇਦਾ ਹੋਣ ਦੀ ਥਾਂ ਨੁਕਸਾਨ ਹੋਣ ਲੱਗ ਜਾਂਦਾ ਹੈ। ਇਸ ਤੋਂ ਉਲਟ ਇਲੈਕਟ੍ਰੋ-ਹੋਮਿਓਪੈਥੀ ਦਵਾਈਆ ਨੂੰ ਲੰਬਾ ਸਮਾਂ ਵਰਤਣ ਨਾਲ ਰੋਗ ਜੜ੍ਹੋਂ ਠੀਕ ਕੀਤਾ ਜਾਂਦਾ ਹੈ। ਬਿਮਾਰੀ ਦੀ ਜੜ੍ਹ ਚਾਹੇ ਉਹ ਕਿੰਨੀ ਵੀ ਬਰੀਕ ਤੋ ਬਰੀਕ ਸੈੱਲਾਂ ਤਕ ਪਹੁੰਚ ਗਈ ਹੋਵੇ, ਇਲੈਕਟ੍ਰੋ-ਹੋਮਿਓਪੈਥੀ ਦਵਾਈਆਂ ਰੋਗ ਨੂੰ ਜੜ੍ਹ ਤੋਂ ਖ਼ਤਮ ਕਰ ਦਿੰਦੀਆਂ ਹਨ।

ਦੂਜੀਆਂ ਇਲਾਜ ਪ੍ਰਣਾਲੀਆਂ ਵਿੱਚ ਕੁਝ ਬਿਮਾਰੀਆਂ ਨੂੰ ਇਸ ਕਰਕੇ ਲਾਇਲਾਜ ਕਹਿ ਦਿੰਦੇ ਹਨ ਕਿ ਇਨ੍ਹਾਂ ਦਾ ਅਪਰੇਸ਼ਨ ਤੋ ਬਿਨਾਂ ਕੋਈ ਇਲਾਜ ਨਹੀਂ ਹੈ। ਪਰ ਇਲੈਕਟ੍ਰੋ-ਹੋਮਿਓਪੈਥੀ ਇਲਾਜ ਪ੍ਰਣਾਲੀ ਵਿੱਚ ਉਨ੍ਹਾਂ ਸਾਰੀਆਂ ਹੀ ਬਿਮਾਰੀਆਂ ਦਾ ਇਲਾਜ ਬਿਨਾ ਅਪਰੇਸ਼ਨ ਕੀਤਾ ਜਾਂਦਾ ਹੈ ਜਿਵੇਂ ਕਿ ਬਵਾਸੀਰ ਦੇ ਮੋਹਕੇ, ਛਾਤੀ ਅਤੇ ਬੱਚੇਦਾਨੀ ਦੀਆਂ ਰਸੌਲੀਆਂ, ਜੜ੍ਹ ਵਾਲਾ ਫੋੜਾ ਅਤੇ ਹੱਡੀ ਦੀ ਰਸੌਲੀ, ਗੁਰਦੇ ਅਤੇ ਪਿੱਤੇ ਦੀ ਪਥਰੀ, ਅਪੈਂਡੇਕਸ, ਲਿਵਰ ਅਤੇ ਖਾਣੇ ਵਾਲੀ ਨਾਲੀ ਦਾ ਕੈਂਸਰ ਅਤੇ ਹੋਰ ਭਿਆਨਿਕ ਬਿਮਾਰੀਆਂ ਆਦਿ। ਜੇਕਰ ਕੋਈ ਬਿਮਾਰੀ ਆਖ਼ਰੀ ਸਟੇਜ ਵਿੱਚ ਪਹੁੰਚ ਗਈ ਹੋਵੇ ਤਾਂ ਵੀ ਮਰੀਜ਼ ਨੂੰ ਤਕਲੀਫ ਘੱਟਣੀ ਸ਼ੁਰੂ ਹੋ ਜਾਂਦੀ ਹੈ ਅਤੇ ਮਰੀਜ਼ ਦੀ ਜ਼ਿੰਦਗੀ ਅਰਾਮਦਾਇਕ ਅਤੇ ਲੰਬੀ ਹੋ ਜਾਂਦੀ ਹੈ।

ਜੇਕਰ ਇਲੈਕਟ੍ਰੋ-ਹੋਮਿਓਪੈਥੀ ਦਵਾਈਆ ਗਰਭਵਤੀ ਔਰਤਾਂ ਨੂੰ ਗਰਭ ਦੇ ਦੌਰਾਨ ਦਿੱਤੀਆਂ ਜਾਣ ਤਾਂ ਮਾਤਾ-ਪਿਤਾ ਤੋਂ (ਜੱਦੀ-ਪੁਸ਼ਤੀ) ਬਿਮਾਰੀਆਂ ਉਨ੍ਹਾਂ ਤੋਂ ਪੈਦਾ ਹੋਣ ਵਾਲੇ ਬੱਚਿਆਂ ਨੂੰ ਨਹੀਂ ਹੁੰਦੀਆਂ ਜਦੋਂ ਕਿ ਦੂਜੀਆਂ ਇਲਾਜ ਪ੍ਰਣਾਲੀਆਂ ਵਿੱਚ ਇਹ ਸੁਵਿਧਾ ਨਹੀਂ ਹੈ।

ਇਲੈਕਟ੍ਰੋ-ਹੋਮਿਓਪੈਥੀ ਦਵਾਈਆਂ ਕਮਜ਼ੋਰ ਤੋਂ ਕਮਜ਼ੋਰ ਮਰੀਜ਼ ਨੂੰ ਭਾਵੇਂ ਉਹ ਦੁੱਧ ਮੂੰਹਾਂ ਬੱਚਾ, ਬੁੱਢਾ ਜਾਂ ਫਿਰ ਬੇਹੋਸ਼ ਹੀ ਕਿਉਂ ਨਾ ਹੋਵੇ, ਬੜੇ ਅਰਾਮ ਨਾਲ ਦਿੱਤੀਆਂ ਜਾ ਸਕਦੀਆਂ ਹਨ ਕਿਉਂਕਿ ਇਹ ਸਵਾਦਲੀਆਂ ਹਨ ਅਤੇ ਪ੍ਰਯੋਗ ਕਰਨ ਵਿੱਚ ਆਸਾਨ ਹਨ। ਜਦੋਂ ਕੋਈ ਰੋਗ ਭਿਆਨਿਕ ਰੂਪ ਧਾਰਨ ਕਰ ਲਵੇ ਜਾਂ ਮਰੀਜ਼ ਦੀ ਜਾਨ ਨੂੰ ਖਤਰਾ ਹੋਵੇ ਤਾਂ ਉਸ ਦੀ ਜਾਨ ਬਚਾਉਣ ਲਈ ਇਲੈਕਟ੍ਰੋ- ਹੋਮਿਓਪੈਥੀ ਦੁਵਾਈਆਂ 5,5 ਜਾਂ 10, 10 ਮਿੰਟ ਦੇ ਫ਼ਰਕ ਨਾਲ ਦੇ ਕੇ ਮਰੀਜ਼ ਦੀ ਜਾਨ ਬਚਾਈ ਦਾ ਸਕਦੀ ਹੈ। ਮਾਹਵਾਰੀ ਨਾਲ ਫੈਲਣ ਵਾਲੀਆਂ ਬਿਮਾਰੀਆਂ ਨੂੰ ਇੰਨ੍ਹਾਂ ਦਵਾਈਆਂ ਨਾਲ ਰੋਕਿਆ ਜਾ ਸਕਦਾ ਹੈ ਜਿਵੇ ਕਿ ਮਲੇਰੀਆ ਅਤੇ ਡੇਂਗੂ ਬੁਖ਼ਾਰ, ਚਿਕਨ ਪੋਕਸ, ਧਸਲ, ਹੈਜਾ, ਪੇਚਿਸ਼ ਅਤੇ ਫਲੂ ਆਦਿ।

• ਡਾ. ਜਸਵੰਤ
ਐੱਮ. ਡੀ. ਈ. ਐੱਚ.
98151-31444

***ਗੁਰਬਾਣੀ 'ਚ ਲਿਖਿਆ ਹੈ ਕਿ ਹਵਾ, ਪਾਣੀ ਤੇ ਧਰਤੀ ਤੋਂ ਬਿਨਾਂ ਜੀਵਨ ਨਹੀਂ ਹੈ ਪਰ ਅੱਜ ਦੇ ਵਿਗਿਆਨ ਨੇ ਇਨ੍ਹਾਂ ਤਿੰਨਾਂ ਨੂੰ ਹੀ ਬੇਹੱਦ ਗੰਧਲਾ ਅਤੇ ਜ਼ਹਿਰੀਲਾ ਬਣਾ ਦਿੱਤਾ ਹੈ। ਜੋ ਮਨੁੱਖ ਲਈ ਹਾਨੀਕਾਰਕ ਹੈ...***

# ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਯੋਗ ਬਣਿਆ ਵਿਸ਼ਵਵਿਆਪੀ ਜਨ-ਅੰਦੋਲਨ : ਸ੍ਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

12ਵੇਂ ਕੌਮਾਂਤਰੀ ਯੋਗ ਦਿਵਸ, 2026 ਦੇ ਮੌਕੇ 'ਤੇ ਅੱਜ ਪੰਚਕੂਲਾ ਯੋਗਮਈ ਨਜ਼ਰ ਆਇਆ। ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸੈਕਟਰ-5 ਸਥਿਤ ਪਰੇਡ ਗਰਾਊਂਡ ਵਿੱਚ ਆਯੋਜਿਤ ਰਾਜ ਪੱਧਰੀ ਯੋਗ ਦਿਵਸ ਸਮਾਰੋਹ ਵਿੱਚ ਹਜ਼ਾਰਾਂ ਨਾਗਰਿਕਾਂ ਨਾਲ ਸਮੂਹਿਕ ਯੋਗਾਭਿਆਸ ਕਰਕੇ ਸਿਹਤਮੰਦ ਸਰੀਰ, ਸਿਹਤਮੰਦ ਮਨ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਯੋਗ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਸੱਦਾ ਦਿੱਤਾ। ਸਮਾਰੋਹ ਨੂੰ ਵਿਸ਼ੇਸ਼ ਕੌਮਾਂਤਰੀ ਸਰੂਪ ਉਦੋਂ ਮਿਲਿਆ, ਜਦੋਂ ਹਰਿਆਣਾ ਵਿੱਚ ਪੜ੍ਹ ਰਹੇ ਅਤੇ ਕੰਮ ਕਰ ਰਹੇ 16 ਮਿੱਤਰ ਦੇਸ਼ਾਂ ਦੇ ਸੈਂਕੜੇ ਨੌਜਵਾਨਾਂ ਨੇ ਉਤਸ਼ਾਹਪੂਰਵਕ ਇਸ ਵਿੱਚ ਭਾਗੀਦਾਰੀ ਕੀਤੀ।

ਇਸ ਮੌਕੇ 'ਤੇ ਹਰਿਆਣਾ ਦੀ ਸਿਹਤ ਅਤੇ ਆਯੂਸ਼ ਮੰਤਰੀ ਕੁਮਾਰੀ ਆਰਤੀ ਸਿੰਘ ਰਾਓ ਵੀ ਹਾਜ਼ਰ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਹਰਿਤ ਯੋਗ ਮੁਹਿੰਮ ਨੂੰ ਹੋਰ ਗਤੀ ਦਿੰਦਿਆਂ ਪਰੇਡ ਗਰਾਊਂਡ ਕੰਪਲੈਕਸ ਵਿੱਚ ਪੌਦੇ ਲਗਾਏ। ਇਸ ਤੋਂ ਬਾਅਦ ਉਨ੍ਹਾਂ ਨੇ ਹਰਿਆਣਾ ਯੋਗ ਕਮਿਸ਼ਨ, ਪਤੰਜਲੀ ਯੋਗ ਸੰਸਥਾਨ, ਭਾਰਤੀ ਯੋਗ ਸੰਸਥਾਨ ਅਤੇ ਐਨਰਜੇਟਿਕ ਯੋਗ ਸੰਸਥਾਨ ਵੱਲੋਂ ਲਗਾਈ ਗਈ ਪ੍ਰਦਰਸ਼ਨੀ ਦਾ ਜਾਇਜ਼ਾ ਵੀ ਲਿਆ।

ਸਮਾਰੋਹ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਦੂਰਅੰਦੇਸ਼ੀ ਸੋਚ ਅਤੇ ਪ੍ਰੇਰਨਾ ਨਾਲ ਕੌਮਾਂਤਰੀ ਯੋਗ ਦਿਵਸ ਅੱਜ ਇੱਕ ਵਿਸ਼ਵਵਿਆਪੀ ਜਨ-ਅੰਦੋਲਨ ਦਾ ਰੂਪ ਲੈ ਚੁੱਕਾ ਹੈ। ਇਹ ਉਸ ਸਨਾਤਨ ਦਰਸ਼ਨ ਦਾ ਉਤਸਵ ਹੈ ਜੋ 'ਵਸੁਧੈਵ ਕੁਟੁੰਬਕਮ' ਦੇ ਸਿਧਾਂਤ ਨੂੰ ਅਪਣਾਉਂਦੇ ਹੋਏ "ਵਨ ਅਰਥ, ਵਨ ਫੈਮਿਲੀ, ਵਨ ਫਿਊਚਰ" ਦੇ ਵਿਆਪਕ ਸੰਕਲਪ ਨੂੰ ਸਾਕਾਰ ਕਰ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਅੱਜ ਦੁਨੀਆ ਅਸਲ ਵਿੱਚ ਇੱਕ ਗਲੋਬਲ ਵਿਲੇਜ ਬਣ ਚੁੱਕੀ ਹੈ। ਅਜਿਹੇ ਸਮੇਂ ਵਿੱਚ ਯੋਗ ਸਮੁੱਚੀ ਮਨੁੱਖਤਾ ਨੂੰ ਜੋੜਨ ਵਾਲਾ ਇੱਕ ਸ਼ਕਤੀਸ਼ਾਲੀ ਮਾਧਿਅਮ ਬਣ ਕੇ ਉੱਭਰਿਆ ਹੈ। ਉਨ੍ਹਾਂ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਪੰਚਕੂਲਾ ਦੀ ਇਸ ਪਵਿੱਤਰ ਧਰਤੀ 'ਤੇ ਆਯੋਜਿਤ ਕੌਮਾਂਤਰੀ ਯੋਗ ਦਿਵਸ ਪ੍ਰੋਗਰਾਮ ਵਿੱਚ ਹਰਿਆਣਾ ਵਿੱਚ ਪੜ੍ਹ ਰਹੇ ਅਤੇ ਕੰਮ ਕਰ ਰਹੇ 16 ਮਿੱਤਰ ਦੇਸ਼ਾਂ- ਅਫ਼ਗਾਨਿਸਤਾਨ, ਬੰਗਲਾਦੇਸ਼, ਭੂਟਾਨ, ਨੇਪਾਲ, ਐਸਵਾਤੀਨੀ, ਗੈਂਬੀਆ, ਇਰਾਕ, ਆਈਵਰੀ ਕੋਸਟ, ਲੇਸੋਥੋ, ਮੈਡਾਗਾਸਕਰ, ਮਲਾਵੀ, ਦੱਖਣੀ ਸੂਡਾਨ, ਸੀਰੀਆ, ਤਨਜ਼ਾਨੀਆ, ਯੂਗਾਂਡਾ ਅਤੇ ਜ਼ਿੰਬਾਬਵੇ ਦੇ ਸੈਂਕੜੇ ਨੌਜਵਾਨਾਂ ਨੇ ਉਤਸ਼ਾਹਪੂਰਵਕ ਯੋਗਾਭਿਆਸ ਵਿੱਚ ਭਾਗ ਲੈ ਕੇ 'ਵਸੁਧੈਵ ਕੁਟੁੰਬਕਮ' ਦੀ ਭਾਵਨਾ ਨੂੰ ਸਾਕਾਰ ਰੂਪ ਪ੍ਰਦਾਨ ਕੀਤਾ। ਉਨ੍ਹਾਂ ਦੀ ਭਾਗੀਦਾਰੀ ਇਸ ਗੱਲ ਦਾ ਪ੍ਰਮਾਣ ਹੈ ਕਿ ਯੋਗ ਸਰਹੱਦਾਂ, ਭਾਸ਼ਾਵਾਂ ਅਤੇ ਸੱਭਿਆਚਾਰਾਂ ਤੋਂ ਪਰੇ ਸਮੁੱਚੀ ਮਨੁੱਖਤਾ ਨੂੰ ਇੱਕ ਸੂਤਰ ਵਿੱਚ ਜੋੜਨ ਦੀ ਸਮਰੱਥਾ ਰੱਖਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸਾਡੇ ਲਈ ਮਾਣ ਦੀ ਗੱਲ ਹੈ ਕਿ ਅੱਜ ਪੂਰਾ ਵਿਸ਼ਵ ਭਾਰਤ ਦੀ ਇਸ ਅਮੁੱਲ ਵਿਰਾਸਤ ਦਾ ਸਤਿਕਾਰ ਕਰ ਰਿਹਾ ਹੈ। ਇਸ ਨੂੰ ਸਾਡੇ ਰਿਸ਼ੀ-ਮੁਨੀਆਂ ਨੇ ਤਪੱਸਿਆ, ਸਾਧਨਾ ਅਤੇ ਗਿਆਨ ਦੇ ਮਾਧਿਅਮ ਨਾਲ ਮਨੁੱਖ ਮਾਤਰ ਨੂੰ ਸਮਰਪਿਤ ਕੀਤਾ ਸੀ। ਅੱਜ ਇਹ ਸੰਯੁਕਤ ਰਾਸ਼ਟਰ ਦੇ ਮੰਚ ਤੋਂ ਲੈ ਕੇ ਦੁਨੀਆ ਦੇ ਲਗਭਗ ਹਰ ਦੇਸ਼ ਤੱਕ ਪਹੁੰਚ ਚੁੱਕਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸਾਲ ਕੌਮਾਂਤਰੀ ਯੋਗ ਦਿਵਸ ਦਾ ਥੀਮ 'ਸਿਹਤਮੰਦ ਉਮਰ ਲਈ ਯੋਗ ਹੈ'। ਇਹ ਥੀਮ ਮੌਜੂਦਾ ਸਮੇਂ ਵਿੱਚ ਹੋਰ ਵੀ ਮਹੱਤਵਪੂਰਨ ਹੈ, ਕਿਉਂਕਿ ਦੁਨੀਆ ਭਰ ਵਿੱਚ ਵਧੇਰੇ ਉਮਰ ਦੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਸ ਵਧੇਰੇ ਉਮਰ ਵਿੱਚ ਵਿਅਕਤੀ ਸਿਹਤਮੰਦ, ਸਰਗਰਮ ਅਤੇ ਆਤਮ-ਨਿਰਭਰ ਬਣਿਆ ਰਹੇ, ਇਸ ਲਈ ਯੋਗ ਬਹੁਤ ਸਹਾਇਕ ਹੈ।

ਉਨ੍ਹਾਂ ਨੇ ਕਿਹਾ ਕਿ ਅੱਜ ਦੁਨੀਆ ਇੱਕ ਅਜਿਹੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ, ਜਿੱਥੇ ਮਾਨਸਿਕ ਤਣਾਅ, ਸ਼ੂਗਰ, ਬਲੱਡ ਪ੍ਰੈਸ਼ਰ, ਦਿਲ ਦੇ ਰੋਗ ਅਤੇ ਮੋਟਾਪੇ ਵਰਗੇ ਰੋਗ ਫੈਲਦੇ ਜਾ ਰਹੇ ਹਨ। ਸਾਡੇ ਰਿਸ਼ੀ-ਮੁਨੀਆਂ ਨੇ ਹਜ਼ਾਰਾਂ ਸਾਲ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਸਿਹਤਮੰਦ ਸਰੀਰ ਵਿੱਚ ਹੀ ਸਿਹਤਮੰਦ ਮਨ ਦਾ ਨਿਵਾਸ ਹੁੰਦਾ ਹੈ। ਅੱਜ ਆਧੁਨਿਕ ਵਿਗਿਆਨ ਵੀ ਇਹ ਗੱਲ ਸਵੀਕਾਰ ਕਰ ਰਿਹਾ ਹੈ। ਦੁਨੀਆ ਭਰ ਵਿੱਚ ਹੋਏ ਕਈ ਖੋਜਾਂ ਦੱਸਦੀਆਂ ਹਨ ਕਿ ਨਿਯਮਿਤ ਯੋਗ ਨਾਲ ਤਣਾਅ ਘੱਟ ਹੁੰਦਾ ਹੈ, ਬਲੱਡ ਪ੍ਰੈਸ਼ਰ ਕੰਟਰੋਲ ਵਿੱਚ ਰਹਿੰਦਾ ਹੈ, ਰੋਗ ਪ੍ਰਤੀਰੋਧਕ ਸ਼ਕਤੀ ਵਧਦੀ ਹੈ, ਮਾਨਸਿਕ ਸਿਹਤ ਬਿਹਤਰ ਹੁੰਦੀ ਹੈ ਅਤੇ ਜੀਵਨ ਦੀ ਗੁਣਵੱਤਾ ਵਿੱਚ ਜ਼ਿਕਰਯੋਗ ਸੁਧਾਰ ਆਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਕੋਵਿਡ ਮਹਾਂਮਾਰੀ ਦੌਰਾਨ ਪੂਰੀ ਦੁਨੀਆ ਨੇ ਦੇਖਿਆ ਕਿ ਯੋਗ ਅਤੇ ਪ੍ਰਾਣਾਯਾਮ ਨੇ ਲੱਖਾਂ ਲੋਕਾਂ ਨੂੰ ਮਾਨਸਿਕ ਸ਼ਕਤੀ ਅਤੇ ਆਤਮ-ਵਿਸ਼ਵਾਸ ਪ੍ਰਦਾਨ ਕੀਤਾ। ਜਦੋਂ ਪੂਰੀ ਦੁਨੀਆ ਅਨਿਸ਼ਚਿਤਤਾ ਅਤੇ ਡਰ ਨਾਲ ਘਿਰੀ ਹੋਈ ਸੀ, ਉਦੋਂ ਯੋਗ ਆਸ ਦੀ ਕਿਰਨ ਬਣ ਕੇ ਸਾਹਮਣੇ ਆਇਆ ਸੀ।



ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਖੇਡਾਂ, ਕਿਸਾਨਾਂ ਅਤੇ ਬਹਾਦਰ ਜਵਾਨਾਂ ਦੀ ਧਰਤੀ ਹੈ। ਪਰ, ਸਾਨੂੰ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਹਰਿਆਣਾ ਸਿਹਤਮੰਦ ਜੀਵਨ ਸ਼ੈਲੀ ਦੀ ਵੀ ਮੋਹਰੀ ਭੂਮੀ ਬਣੇ। ਇਸੇ ਟੀਚੇ ਤਹਿਤ, ਅੱਜ ਡਬਲ ਇੰਜਣ ਸਰਕਾਰ ਯੋਗ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਨਿਰੰਤਰ ਕੰਮ ਕਰ ਰਹੀ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਆਯੂਸ਼ ਸੰਸਥਾਵਾਂ, ਪੰਚਾਇਤਾਂ ਅਤੇ ਸਮਾਜਿਕ ਸੰਸਥਾਵਾਂ ਦੇ ਮਾਧਿਅਮ ਨਾਲ ਯੋਗ ਨੂੰ ਜਨ ਅੰਦੋਲਨ ਬਣਾਇਆ ਜਾ ਰਿਹਾ ਹੈ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਆਧੁਨਿਕ ਜੀਵਨ ਦੀ ਦੌੜ ਵਿੱਚ ਆਪਣੀ ਸਿਹਤ ਨੂੰ ਪਿੱਛੇ ਨਾ ਛੱਡਣ ਅਤੇ ਰੋਜ਼ਾਨਾ ਘੱਟੋ-ਘੱਟ 30 ਮਿੰਟ ਯੋਗ ਅਭਿਆਸ ਜ਼ਰੂਰ ਕਰਨ।

ਉਨ੍ਹਾਂ ਨੇ ਕਿਹਾ ਕਿ ਅੱਜ ਭਾਰਤ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ 'ਵਿਕਸਿਤ ਭਾਰਤ 2047' ਦੇ ਸੰਕਲਪ ਨਾਲ ਅੱਗੇ ਵਧ ਰਿਹਾ ਹੈ। ਵਿਕਸਿਤ ਭਾਰਤ ਦੀ ਸਿਰਜਣਾ ਲਈ ਸਿਹਤਮੰਦ ਨਾਗਰਿਕ, ਜਾਗਰੂਕ ਸਮਾਜ ਅਤੇ ਸੰਤੁਲਿਤ ਜੀਵਨ ਮੁੱਲ ਵੀ ਜ਼ਰੂਰੀ ਹਨ। ਜਿਸ ਰਾਸ਼ਟਰ ਦੇ ਨਾਗਰਿਕ ਸਿਹਤਮੰਦ ਹੋਣਗੇ, ਉਹੀ ਰਾਸ਼ਟਰ ਖੁਸ਼ਹਾਲ ਹੋਵੇਗਾ ਅਤੇ ਜਿਸ ਰਾਸ਼ਟਰ ਦੇ ਨੌਜਵਾਨ ਊਰਜਾਵਾਨ ਹੋਣਗੇ, ਉਹੀ ਰਾਸ਼ਟਰ ਵਿਸ਼ਵ ਦੀ ਅਗਵਾਈ ਕਰੇਗਾ। ਸਾਨੂੰ ਭਾਰਤ ਨੂੰ ਅਜਿਹਾ ਹੀ ਰਾਸ਼ਟਰ ਬਣਾਉਣਾ ਹੈ।

ਇਸ ਮੌਕੇ 'ਤੇ ਮੁੱਖ ਮੰਤਰੀ ਨੇ ਸੱਦਾ ਦਿੱਤਾ ਕਿ ਯੋਗ ਨੂੰ ਇੱਕ ਦਿਨ ਦੇ ਆਯੋਜਨ ਤੱਕ ਸੀਮਤ ਨਾ ਰੱਖੋ, ਸਗੋਂ ਯੋਗ ਨੂੰ ਜੀਵਨ ਦਾ ਹਿੱਸਾ ਬਣਾਓ ਅਤੇ ਵਿਕਸਿਤ ਭਾਰਤ ਦੀ ਸਿਰਜਣਾ ਵਿੱਚ ਭਾਗੀਦਾਰ ਬਣੋ।

ਇਸ ਮੌਕੇ 'ਤੇ ਮੁੱਖ ਮੰਤਰੀ ਨੇ ਬਜ਼ੁਰਗ ਸੇਵਾ ਅਤੇ ਸਿਹਤ ਪੋਰਟਲ ਅਤੇ ਸੰਜੀਵਨੀ ਯੋਗ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਤੋਂ ਇਲਾਵਾ, ਉਨ੍ਹਾਂ ਨੇ ਹਰਿਆਣਾ ਯੋਗ ਕਮਿਸ਼ਨ ਦੀ ਤਿਮਾਹੀ ਮੈਗਜ਼ੀਨ 'ਯੋਗਮਈ ਹਰਿਆਣਾ' ਅਤੇ ਆਮ ਯੋਗ ਪ੍ਰੋਟੋਕੋਲ ਕਿਤਾਬਚੇ ਦੇ ਨਾਲ-ਨਾਲ ਯੋਗ ਗੁਰੂ ਸਵਾਮੀ ਰਾਮਦੇਵ ਜੀ ਦੀ ਪੁਸਤਕ 'ਯੋਗਰਿਸ਼ਯੋਗਨਿਘੰਟੂ:' ਦਾ ਵੀ ਵਿਮੋਚਨ ਕੀਤਾ।

ਪ੍ਰੋਗਰਾਮ ਦੌਰਾਨ ਹਰਿਆਣਾ ਯੋਗ ਕਮਿਸ਼ਨ ਦੇ ਚੇਅਰਮੈਨ ਡਾ: ਜੈਦੀਪ ਆਰੀਆ ਵੱਲੋਂ ਕੌਮਾਂਤਰੀ ਯੋਗ ਦਿਵਸ ਦੇ ਯੋਗ ਪ੍ਰੋਟੋਕੋਲ ਦਾ ਅਭਿਆਸ ਕਰਵਾਇਆ ਗਿਆ। ਇਸ ਵਿੱਚ ਆਈਟੀਬੀਪੀ, ਸੀਆਰਪੀਐਫ ਅਤੇ ਪੁਲਿਸ ਜਵਾਨਾਂ, ਰਾਸ਼ਟਰੀ ਆਯੁਰਵੇਦ ਸੰਸਥਾਨ ਪੰਚਕੂਲਾ, ਸਕੂਲ ਅਤੇ ਕਾਲਜਾਂ ਦੇ ਵਿਦਿਆਰਥੀਆਂ, ਆਮ ਨਾਗਰਿਕਾਂ ਅਤੇ ਵੱਖ-ਵੱਖ ਯੋਗ ਸੰਸਥਾਵਾਂ ਦੀ ਸਰਗਰਮ ਭਾਗੀਦਾਰੀ ਰਹੀ।

ਯੋਗ ਦਿਵਸ ਸਮਾਰੋਹ ਨੂੰ ਸੰਬੋਧਨ ਕਰਦਿਆਂ ਹਰਿਆਣਾ ਦੀ ਸਿਹਤ ਅਤੇ ਆਯੂਸ਼ ਮੰਤਰੀ ਕੁਮਾਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਹਜ਼ਾਰਾਂ ਸਾਲ ਪੁਰਾਣਾ ਯੋਗ ਸਾਡੀ ਭਾਰਤੀ ਸੰਸਕ੍ਰਿਤੀ ਦੀ ਇੱਕ ਅਨਮੋਲ ਦੇਣ ਹੈ। ਅੱਜ ਯੋਗ ਸਿਰਫ਼ ਕਸਰਤ ਨਹੀਂ, ਸਗੋਂ ਸਿਹਤਮੰਦ ਰਹਿਣ ਅਤੇ ਤਣਾਅਮੁਕਤ ਜੀਵਨ ਜਿਊਣ ਦਾ ਇੱਕ ਸਰਲ ਤਰੀਕਾ ਬਣ ਗਿਆ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਯਤਨਾਂ ਨਾਲ ਯੋਗ ਨੂੰ ਪੂਰੀ ਦੁਨੀਆ ਵਿੱਚ ਨਵੀਂ ਪਛਾਣ ਮਿਲੀ ਹੈ ਅਤੇ ਅੱਜ ਕਰੋੜਾਂ ਲੋਕ ਇਸ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾ ਚੁੱਕੇ ਹਨ।

ਉਨ੍ਹਾਂ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਨਸ਼ਾ, ਤਣਾਅ ਅਤੇ ਗਲਤ ਜੀਵਨ ਸ਼ੈਲੀ ਸਾਡੇ ਸਮਾਜ ਲਈ ਵੱਡੀ ਸਮੱਸਿਆ ਬਣ ਗਏ ਹਨ। ਯੋਗ ਸਾਨੂੰ ਇਨ੍ਹਾਂ ਸਮੱਸਿਆਵਾਂ ਤੋਂ ਦੂਰ ਰਹਿਣ ਅਤੇ ਸਿਹਤਮੰਦ, ਖੁਸ਼ਹਾਲ ਜੀਵਨ ਜਿਊਣ ਦਾ ਰਾਹ ਦਿਖਾਉਂਦਾ ਹੈ। ਇਸ ਲਈ ਯੋਗ ਯੁਕਤ-ਨਸ਼ਾ ਮੁਕਤ ਹਰਿਆਣਾ ਦਾ ਸੰਕਲਪ ਅੱਜ ਦੇ ਸਮੇਂ ਵਿੱਚ ਬਹੁਤ ਜ਼ਰੂਰੀ ਅਤੇ ਮਹੱਤਵਪੂਰਨ ਹੈ। ਕੁਮਾਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਵਿੱਚ ਹਰਿਆਣਾ ਸਰਕਾਰ ਯੋਗ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਨਿਰੰਤਰ ਕੰਮ ਕਰ ਰਹੀ ਹੈ। ਸੂਬੇ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਖੇਡ ਸੰਸਥਾਵਾਂ ਅਤੇ ਗ੍ਰਾਮ ਪੰਚਾਇਤਾਂ ਵਿੱਚ ਯੋਗ ਨੂੰ ਜਨ ਅੰਦੋਲਨ ਬਣਾਉਣ ਲਈ ਸ਼ਲਾਘਾਯੋਗ ਯਤਨ ਕੀਤੇ ਜਾ ਰਹੇ ਹਨ।

ਸਿਹਤ ਅਤੇ ਆਯੂਸ਼ ਵਿਭਾਗ ਦੀ ਵਧੀਕ ਮੁੱਖ ਸਕੱਤਰ ਸ੍ਰੀਮਤੀ ਸੁਮਿਤਾ ਮਿਸ਼ਰਾ ਨੇ ਕਿਹਾ ਕਿ 12ਵੇਂ ਕੌਮਾਂਤਰੀ ਯੋਗ ਦਿਵਸ ਦੇ ਮੌਕੇ 'ਤੇ ਹਰਿਆਣਾ ਸਮੇਤ ਪੂਰੇ ਦੇਸ਼ ਵਿੱਚ ਯੋਗ ਪ੍ਰਤੀ ਲੋਕਾਂ ਵਿੱਚ ਜੋ ਉਤਸ਼ਾਹ ਅਤੇ ਜਾਗਰੂਕਤਾ ਦੇਖਣ ਨੂੰ ਮਿਲ ਰਹੀ ਹੈ, ਉਹ ਭਾਰਤ ਦੀ ਪ੍ਰਾਚੀਨ ਗਿਆਨ ਪਰੰਪਰਾ ਦੀ ਵਿਸ਼ਵਵਿਆਪੀ ਸਵੀਕਾਰਯੋਗਤਾ ਦਾ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਯੋਗ ਸਿਰਫ਼ ਇੱਕ ਦਿਨ ਦਾ ਆਯੋਜਨ ਨਹੀਂ, ਪਰ ਸਿਹਤਮੰਦ, ਸੰਤੁਲਿਤ ਅਤੇ ਅਨੁਸ਼ਾਸਿਤ ਜੀਵਨ ਜਿਊਣ ਦੀ ਪੱਧਤੀ ਹੈ। ਇਸ ਭਾਵਨਾ ਨੂੰ ਅਪਣਾਉਂਦੇ ਹੋਏ ਹਰਿਆਣਾ ਸਰਕਾਰ ਨੇ ਯੋਗ ਨੂੰ ਪ੍ਰੋਗਰਾਮਾਂ ਤੱਕ ਸੀਮਤ ਨਾ ਰੱਖ ਕੇ ਹਰ ਨਾਗਰਿਕ ਦੀ ਰੋਜ਼ਾਨਾ ਜੀਵਨ ਸ਼ੈਲੀ ਦਾ ਹਿੱਸਾ ਬਣਾਉਣ ਦਾ ਸੰਕਲਪ ਲਿਆ ਹੈ।

ਇਸ ਮੌਕੇ 'ਤੇ ਹਰਿਆਣਾ ਵਿਧਾਨ ਸਭਾ ਦੇ ਸਾਬਕਾ ਸਪੀਕਰ ਸ੍ਰੀ ਗਿਆਨ ਚੰਦ ਗੁਪਤਾ, ਜ਼ਿਲ੍ਹਾ ਪ੍ਰਧਾਨ ਸ੍ਰੀ ਅਜੇ ਮਿੱਤਲ, ਪ੍ਰਦੇਸ਼ ਮੀਤ ਪ੍ਰਧਾਨ ਸ੍ਰੀਮਤੀ ਬੰਤੋ ਕਟਾਰੀਆ, ਹਰਿਆਣਾ ਵਿਮੁਕਤ ਘੁਮੰਤੂ ਜਾਤੀ ਵਿਕਾਸ ਬੋਰਡ ਦੇ ਚੇਅਰਮੈਨ ਸ੍ਰੀ ਜਸਮੇਰ ਸਿੰਘ ਬੰਜਾਰਾ, ਸ਼ਿਵਾਲਿਕ ਵਿਕਾਸ ਬੋਰਡ ਦੇ ਮੀਤ ਪ੍ਰਧਾਨ ਸ੍ਰੀ ਓਮਪ੍ਰਕਾਸ਼ ਦੇਵੀਨਗਰ, ਆਯੂਸ਼ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਸੰਜੀਵ ਵਰਮਾ, ਏਡੀਜੀਪੀ, ਸੀਆਈਡੀ ਸ੍ਰੀ ਸੌਰਵ ਸਿੰਘ, ਪੁਲਿਸ ਕਮਿਸ਼ਨਰ ਸ੍ਰੀ ਪੰਕਜ ਨੈਨ, ਡਿਪਟੀ ਕਮਿਸ਼ਨਰ ਸ੍ਰੀ ਸਤਪਾਲ ਸ਼ਰਮਾ, ਮੁੱਖ ਮੰਤਰੀ ਦੇ ਰਾਜਨੀਤਿਕ ਸਕੱਤਰ ਸ੍ਰੀ ਤਰੁਣ ਭੰਡਾਰੀ ਸਮੇਤ ਹੋਰ ਮਾਣਯੋਗ ਮੌਜੂਦ ਸਨ।

# ਹਰਿਆਣਾ ਸਿਵਲ ਸਕੱਤਰੇਤ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਯੋਗ ਉਤਸਵ ਵਿੱਚ ਭਾਗ ਲਿਆ, ਕੀਤੇ ਯੋਗਾਸਨ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮਾਂਤਰੀ ਯੋਗ ਦਿਵਸ ਦੇ ਮੌਕੇ 'ਤੇ ਹਰਿਆਣਾ ਸਿਵਲ ਸਕੱਤਰੇਤ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਸਥਾਨਕ ਹਰਿਆਣਾ ਨਿਵਾਸ ਵਿਖੇ ਆਯੋਜਿਤ ਯੋਗ ਉਤਸਵ ਵਿੱਚ ਭਾਗ ਲਿਆ ਅਤੇ ਯੋਗਾਸਨ ਕੀਤੇ। ਇਸ ਮੌਕੇ 'ਤੇ ਵਧੀਕ ਮੁੱਖ ਸਕੱਤਰ ਸ੍ਰੀ ਵਿਜੇਂਦਰ ਸਿੰਘ ਨੇ ਬਤੌਰ ਮੁੱਖ ਮਹਿਮਾਨ ਭਾਗ ਲਿਆ ਅਤੇ ਯੋਗਾਭਿਆਸ ਕੀਤਾ। ਆਯੂਸ਼ ਵਿਭਾਗ ਦੇ ਯੋਗ ਟ੍ਰੇਨਰਾਂ ਨੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਯੋਗ ਪ੍ਰੋਟੋਕੋਲ ਨਾਲ ਜੁੜੇ ਵੱਖ-ਵੱਖ ਯੋਗ ਕਰਵਾਏ। ਇਸ ਦੌਰਾਨ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ ਕੋਲਕਾਤਾ ਵਿੱਚ ਯੋਗ ਦਿਵਸ ਨਾਲ ਜੁੜੇ ਲਾਈਵ ਪ੍ਰੋਗਰਾਮ ਦਾ ਲਾਈਵ ਪ੍ਰਸਾਰਣ ਵੀ ਦੇਖਿਆ ਗਿਆ। ਇਸ ਮੌਕੇ 'ਤੇ ਸਕੱਤਰੇਤ ਸਥਾਪਨਾ ਸ਼ਾਖਾ ਦੇ ਸਪੈਸ਼ਲ ਸਕੱਤਰ ਡਾ: ਮੁਨੀਸ਼ ਨਾਗਪਾਲ ਨੇ ਵਧੀਕ ਮੁੱਖ ਸਕੱਤਰ ਦਾ ਸਵਾਗਤ ਕੀਤਾ।

ਸ੍ਰੀ ਵਿਜੇਂਦਰ ਸਿੰਘ ਨੇ ਕਿਹਾ ਕਿ ਯੋਗ ਉਤਸਵ ਦਾ ਉਦੇਸ਼ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਅਤੇ ਯੋਗ ਪ੍ਰਤੀ ਜਾਗਰੂਕਤਾ ਵਧਾਉਣਾ ਹੈ। ਯੋਗ ਨਾ ਸਿਰਫ਼ ਸਰੀਰਕ ਸਿਹਤ ਨੂੰ ਬਿਹਤਰ ਬਣਾਉਂਦਾ ਹੈ, ਸਗੋਂ ਮਾਨਸਿਕ ਸੰਤੁਲਨ, ਇਕਾਗਰਤਾ ਅਤੇ ਕਾਰਜਕੁਸ਼ਲਤਾ ਨੂੰ ਵੀ ਵਧਾਉਂਦਾ ਹੈ।ਉਨ੍ਹਾਂ ਨੇ ਅਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਯੋਗ ਨੂੰ ਜਨ-ਜਨ ਤੱਕ ਪਹੁੰਚਾਉਣ ਅਤੇ ਸਿਹਤਮੰਦ ਹਰਿਆਣਾ ਦੀ ਸਿਰਜਣਾ ਦੇ ਉਦੇਸ਼ ਨਾਲ ਵੱਖ-ਵੱਖ ਪੱਧਰਾਂ 'ਤੇ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ।

ਇਸ ਮੌਕੇ 'ਤੇ ਯੋਗ ਟ੍ਰੇਨਰਾਂ ਨੇ ਭਾਗੀਦਾਰਾਂ ਨੂੰ ਨਿਯਮਤ ਯੋਗਾਭਿਆਸ ਦੇ ਲਾਭਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਯੋਗ ਤਣਾਅ ਨੂੰ ਘੱਟ ਕਰਨ, ਸਰੀਰ ਨੂੰ ਊਰਜਾਵਾਨ ਬਣਾਈ ਰੱਖਣ ਅਤੇ ਵੱਖ-ਵੱਖ ਬਿਮਾਰੀਆਂ ਤੋਂ ਬਚਾਅ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

# ਯੋਗ ਸਿੱਖਿਆ ਨੂੰ ਮਿਲੇਗਾ ਹੁਲਾਰਾ, ਤੀਜੀ ਤੋਂ 9ਵੀਂ ਜਮਾਤ ਤੱਕ ਪਾਠਕ੍ਰਮ ਵਿੱਚ ਕੀਤਾ ਜਾਵੇਗਾ ਸ਼ਾਮਲ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ 12ਵੇਂ ਕੌਮਾਂਤਰੀ ਯੋਗ ਦਿਵਸ, 2026 ਦੇ ਮੌਕੇ 'ਤੇ ਪੰਚਕੂਲਾ ਵਿੱਚ ਆਯੋਜਿਤ ਰਾਜ ਪੱਧਰੀ ਯੋਗ ਦਿਵਸ ਸਮਾਰੋਹ ਵਿੱਚ ਯੋਗ ਨੂੰ ਜਨ-ਅੰਦੋਲਨ ਵਜੋਂ ਵਿਕਸਿਤ ਕਰਨ ਅਤੇ ਵਿਦਿਆਰਥੀਆਂ ਅਤੇ ਨੌਜਵਾਨਾਂ ਵਿੱਚ ਸਿਹਤਮੰਦ ਅਤੇ ਸੰਤੁਲਿਤ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ ਕਈ ਮਹੱਤਵਪੂਰਨ ਐਲਾਨ ਕੀਤੇ।

ਉਨ੍ਹਾਂ ਨੇ ਐਲਾਨ ਕਰਦਿਆਂ ਕਿਹਾ ਕਿ ਆਗਾਮੀ ਵਿਦਿਅਕ ਸੈਸ਼ਨ ਵਿੱਚ ਤੀਜੀ ਜਮਾਤ ਤੋਂ ਲੈ ਕੇ 9ਵੀਂ ਜਮਾਤ ਤੱਕ ਸਾਰੀਆਂ ਜਮਾਤਾਂ ਦੇ ਪਾਠਕ੍ਰਮ ਵਿੱਚ ਯੋਗ ਸਿੱਖਿਆ ਨੂੰ ਲਾਗੂ ਕੀਤਾ ਜਾਵੇਗਾ। ਇਸ ਨਾਲ ਵਿਦਿਆਰਥੀਆਂ ਵਿੱਚ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਵਿਕਾਸ ਨੂੰ ਉਤਸ਼ਾਹ ਮਿਲੇਗਾ।

ਉਨ੍ਹਾਂ ਨੇ ਐਲਾਨ ਕੀਤਾ ਕਿ ਸੂਬੇ ਦੇ ਸਾਰੇ ਸਕੂਲਾਂ ਵਿੱਚ ਯੋਗ ਅਤੇ ਯੋਗ ਸਿੱਖਿਆ ਨੂੰ ਨਿਯਮਤ ਤੌਰ 'ਤੇ ਉਤਸ਼ਾਹਿਤ ਕਰਨ ਲਈ ਸਾਰੇ ਪੀ.ਟੀ.ਆਈ, ਡੀ.ਪੀ.ਐਡ, ਪੀ.ਜੀ.ਟੀ ਅਤੇ ਨਾਮਜ਼ਦ ਪੀ.ਆਰ.ਟੀ ਅਧਿਆਪਕਾਂ ਨੂੰ ਯੋਗਾਸਨਾਂ ਦੀ ਵਿਸ਼ੇਸ਼ ਸਿਖਲਾਈ ਦਿੱਤੀ ਜਾਵੇਗੀ, ਤਾਂ ਜੋ ਹਰ ਸਕੂਲ ਵਿੱਚ ਵਿਦਿਆਰਥੀਆਂ ਨੂੰ ਨਿਯਮਤ ਤੌਰ 'ਤੇ ਯੋਗਾਭਿਆਸ ਕਰਵਾਇਆ ਜਾ ਸਕੇ। ਇਸ ਤੋਂ ਇਲਾਵਾ, ਹਰਿਆਣਾ ਕਰਮਚਾਰੀ ਚੋਣ ਕਮਿਸ਼ਨ ਅਤੇ ਹਰਿਆਣਾ ਲੋਕ ਸੇਵਾ ਕਮਿਸ਼ਨ ਵੱਲੋਂ ਆਯੋਜਿਤ ਸਾਰੀਆਂ ਪ੍ਰੀਖਿਆਵਾਂ ਵਿੱਚ ਯੋਗ ਨਾਲ ਸਬੰਧਤ ਕੁਝ ਪ੍ਰਸ਼ਨ ਲਾਜ਼ਮੀ ਤੌਰ 'ਤੇ ਸ਼ਾਮਲ ਕੀਤੇ ਜਾਣਗੇ। ਇਸ ਲਈ ਪ੍ਰੀਖਿਆ ਨੀਤੀ ਵਿੱਚ ਲੋੜੀਂਦੀਆਂ ਸੋਧਾਂ ਕੀਤੀਆਂ ਜਾਣਗੀਆਂ।



ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਮੋਰਨੀ ਵਿੱਚ ਕੁਦਰਤੀ ਇਲਾਜ ਅਤੇ ਯੋਗ ਦੇ ਖੇਤਰ ਵਿੱਚ ਇੱਕ ਰਾਜ ਪੱਧਰੀ ਸੰਸਥਾਨ ਦੀ ਸਥਾਪਨਾ ਕੀਤੀ ਜਾਵੇਗੀ, ਜਿੱਥੇ ਕੁਦਰਤੀ ਇਲਾਜ ਅਤੇ ਯੋਗ ਨਾਲ ਸਬੰਧਤ ਗ੍ਰੈਜੂਏਟ ਪੱਧਰ ਦੇ ਕੋਰਸ ਚਲਾਏ ਜਾਣਗੇ। ਨਾਲ ਹੀ ਸੂਬੇ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਸਥਾਪਿਤ ਕੀਤੇ ਜਾ ਰਹੇ ਪੰਜ "ਸੈਂਟਰ ਆਫ ਐਕਸੀਲੈਂਸ" ਵਿੱਚ ਯੋਗ ਨੂੰ ਵੀ ਇੱਕ ਪ੍ਰਮੁੱਖ ਹਿੱਸੇ ਵਜੋਂ ਸ਼ਾਮਲ ਕੀਤਾ ਜਾਵੇਗਾ। ਇਸ ਨਾਲ ਯੂਨੀਵਰਸਿਟੀਆਂ ਵਿੱਚ ਯੋਗ ਸਿੱਖਿਆ, ਸਿਖਲਾਈ, ਖੋਜ ਅਤੇ ਨਵੀਨਤਾ ਨੂੰ ਉਤਸ਼ਾਹ ਮਿਲੇਗਾ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੀਆਂ ਸਾਰੀਆਂ ਉੱਚ ਸਿੱਖਿਆ ਸੰਸਥਾਵਾਂ ਦੇ ਸਪੋਰਟਸ ਵਿਭਾਗਾਂ ਦਾ ਨਾਮ ਬਦਲ ਕੇ 'ਸਪੋਰਟਸ ਐਂਡ ਯੋਗ ਵਿਭਾਗ' ਕੀਤਾ ਜਾਵੇਗਾ, ਤਾਂ ਜੋ ਯੋਗ ਨੂੰ ਸੰਸਥਾਗਤ ਪੱਧਰ 'ਤੇ ਉਚਿਤ ਸਥਾਨ ਅਤੇ ਪਛਾਣ ਮਿਲ ਸਕੇ। ਉਨ੍ਹਾਂ ਨੇ ਅੱਗੇ ਕਿਹਾ ਕਿ ਰਾਜ ਦੀ ਖੇਡ ਨੀਤੀ ਵਿੱਚ ਯੋਗਾਸਨ ਨੂੰ ਇੱਕ ਖੇਡ ਵਿੱਦਿਆ ਵਜੋਂ ਸ਼ਾਮਲ ਕੀਤਾ ਜਾਵੇਗਾ। ਇਸ ਲਈ ਲੋੜੀਂਦੀਆਂ ਨੀਤੀਗਤ ਸੋਧਾਂ ਕੀਤੀਆਂ ਜਾਣਗੀਆਂ।ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਯੋਗ ਪਾਠਕ੍ਰਮ ਵਿੱਚ ਆਯੁਰਵੇਦ ਦੇ ਪਾਠਕ੍ਰਮ ਦੇ ਕੁਝ ਹਿੱਸੇ ਸ਼ਾਮਲ ਕੀਤੇ ਜਾਣਗੇ। ਨਾਲ ਹੀ, ਪਹਿਲਾਂ ਤੋਂ ਮਨਜ਼ੂਰਸ਼ੁਦਾ ਆਯੂਸ਼ ਯੋਗ ਕੋਚ/ਟ੍ਰੇਨਰ ਦੇ ਖਾਲੀ ਅਸਾਮੀਆਂ 'ਤੇ ਜਲਦੀ ਹੀ ਨਿਯੁਕਤੀਆਂ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ, ਸੂਬੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਪ੍ਰਾਰਥਨਾ ਸਭਾ ਦੌਰਾਨ ਰਾਜ ਗੀਤ ਦਾ ਸਮੂਹਿਕ ਗਾਇਨ ਯਕੀਨੀ ਬਣਾਇਆ ਜਾਵੇਗਾ, ਤਾਂ ਜੋ ਵਿਦਿਆਰਥੀਆਂ ਵਿੱਚ ਰਾਜ ਪ੍ਰਤੀ ਮਾਣ, ਅਨੁਸ਼ਾਸਨ, ਰਾਸ਼ਟਰੀ ਚੇਤਨਾ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਵਿਕਾਸ ਹੋ ਸਕੇ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਪਹਿਲਕਦਮੀਆਂ ਰਾਹੀਂ ਯੋਗ ਨੂੰ ਸਿਰਫ਼ ਇੱਕ ਕਸਰਤ ਵਿਧੀ ਵਜੋਂ ਨਹੀਂ, ਸਗੋਂ ਜੀਵਨ ਜਿਊਣ ਦੀ ਇੱਕ ਸਹੀ ਅਤੇ ਵਿਗਿਆਨਕ ਵਿਧੀ ਵਜੋਂ ਸਥਾਪਿਤ ਕਰਨ ਵਿੱਚ ਮਦਦ ਮਿਲੇਗੀ।

ਇਸ ਮੌਕੇ 'ਤੇ ਹਰਿਆਣਾ ਦੀ ਸਿਹਤ ਅਤੇ ਆਯੂਸ਼ ਮੰਤਰੀ ਕੁਮਾਰੀ ਆਰਤੀ ਸਿੰਘ ਰਾਓ, ਹਰਿਆਣਾ ਵਿਧਾਨ ਸਭਾ ਦੇ ਸਾਬਕਾ ਸਪੀਕਰ ਸ੍ਰੀ ਗਿਆਨ ਚੰਦ ਗੁਪਤਾ, ਜ਼ਿਲ੍ਹਾ ਪ੍ਰਧਾਨ ਸ੍ਰੀ ਅਜੇ ਮਿੱਤਲ, ਪ੍ਰਦੇਸ਼ ਮੀਤ ਪ੍ਰਧਾਨ ਸ੍ਰੀਮਤੀ ਬੰਤੋ ਕਟਾਰੀਆ, ਹਰਿਆਣਾ ਯੋਗ ਕਮਿਸ਼ਨ ਦੇ ਚੇਅਰਮੈਨ ਡਾ: ਜੈਦੀਪ ਆਰੀਆ, ਹਰਿਆਣਾ ਵਿਮੁਕਤ ਘੁਮੰਤੂ ਜਾਤੀ ਵਿਕਾਸ ਬੋਰਡ ਦੇ ਚੇਅਰਮੈਨ ਸ੍ਰੀ ਜਸਮੇਰ ਸਿੰਘ ਬੰਜਾਰਾ, ਸ਼ਿਵਾਲਿਕ ਵਿਕਾਸ ਬੋਰਡ ਦੇ ਮੀਤ ਪ੍ਰਧਾਨ ਸ੍ਰੀ ਓਮਪ੍ਰਕਾਸ਼ ਦੇਵੀਨਗਰ, ਸਿਹਤ ਵਿਭਾਗ ਦੀ ਵਧੀਕ ਮੁੱਖ ਸਕੱਤਰ ਸ਼੍ਰੀਮਤੀ ਸੁਮਿਤਾ ਮਿਸ਼ਰਾ, ਮਹਾਨਿਦੇਸ਼ਕ ਆਯੂਸ਼ ਸ੍ਰੀ ਸੰਜੀਵ ਵਰਮਾ, ਏ.ਡੀ.ਜੀ.ਪੀ, ਸੀ.ਆਈ.ਡੀ ਸ੍ਰੀ ਸੌਰਵ ਸਿੰਘ, ਪੁਲਿਸ ਕਮਿਸ਼ਨਰ ਸ੍ਰੀ ਪੰਕਜ ਨੈਨ, ਡਿਪਟੀ ਕਮਿਸ਼ਨਰ ਸ੍ਰੀ ਸਤਪਾਲ ਸ਼ਰਮਾ, ਮੁੱਖ ਮੰਤਰੀ ਦੇ ਰਾਜਨੀਤਿਕ ਸਕੱਤਰ ਸ੍ਰੀ ਤਰੁਣ ਭੰਡਾਰੀ ਸਮੇਤ ਹੋਰ ਮਾਣਯੋਗ ਮੌਜੂਦ ਸਨ।

# ਪੀਐਮ ਨਰੇਂਦਰ ਮੋਦੀ ਦੇ ਯਤਨਾਂ ਸਦਕਾ ਵਿਸ਼ਵ ਦੀ ਵਿਧੀ ਬਣਿਆ ਯੋਗ : ਕੇਂਦਰੀ ਮੰਤਰੀ ਮਨੋਹਰ ਲਾਲ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

12ਵੇਂ ਕੌਮਾਂਤਰੀ ਯੋਗ ਦਿਵਸ ਦੇ ਮੌਕੇ 'ਤੇ ਹਰਿਆਣਾ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਆਯੋਜਿਤ ਪ੍ਰੋਗਰਾਮਾਂ ਵਿੱਚ ਕੇਂਦਰੀ ਮੰਤਰੀਆਂ, ਰਾਜ ਸਭਾ ਮੈਂਬਰਾਂ ਅਤੇ ਹੋਰ ਪਤਵੰਤਿਆਂ ਨੇ ਸ਼ਮੂਲੀਅਤ ਕਰਕੇ ਯੋਗਾਭਿਆਸ ਕੀਤਾ ਅਤੇ ਨਾਗਰਿਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦਾ ਸੰਦੇਸ਼ ਦਿੱਤਾ। ਇਸ ਮੌਕੇ 'ਤੇ ਬੁਲਾਰਿਆਂ ਨੇ ਯੋਗ ਨੂੰ ਭਾਰਤ ਦੀ ਪ੍ਰਾਚੀਨ ਵਿਰਾਸਤ ਦੱਸਦਿਆਂ ਇਸ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦਾ ਸੱਦਾ ਦਿੱਤਾ।


12ਵੇਂ ਕੌਮਾਂਤਰੀ ਯੋਗ ਦਿਵਸ ਦੇ ਉਪਲਕਸ਼ ਵਿੱਚ ਐਤਵਾਰ ਨੂੰ ਕਰਨਾਲ ਵਿੱਚ ਜ਼ਿਲ੍ਹਾ ਪੱਧਰੀ ਯੋਗ ਦਿਵਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਕੇਂਦਰੀ ਊਰਜਾ, ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਮਨੋਹਰ ਲਾਲ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਸਮਾਰੋਹ ਵਿੱਚ ਮੌਜੂਦ ਸਾਧਕਾਂ ਅਤੇ ਆਮ ਲੋਕਾਂ ਨੂੰ ਕੌਮਾਂਤਰੀ ਯੋਗ ਦਿਵਸ ਦੀ ਵਧਾਈ ਦਿੰਦਿਆਂ ਕੇਂਦਰੀ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਯੋਗ ਮਹਿਜ਼ ਇੱਕ ਦਿਨ ਦਾ ਪ੍ਰੋਗਰਾਮ ਨਹੀਂ ਹੈ।

ਸਾਨੂੰ ਇਸ ਨੂੰ ਆਪਣੇ ਜੀਵਨ ਦਾ ਸਥਾਈ ਹਿੱਸਾ ਬਣਾਉਣਾ ਹੋਵੇਗਾ। ਹਰ ਦਿਨ ਆਪਣੇ ਸਰੀਰ, ਮਨ ਅਤੇ ਚਿੱਤ ਨੂੰ ਸਿਹਤਮੰਦ ਰੱਖਣ ਲਈ ਯੋਗ ਦਾ ਨਿਯਮਿਤ ਅਭਿਆਸ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਯੋਗ ਨਿਰੋਗ ਰਹਿਣ ਦਾ ਇੱਕੋ-ਇੱਕ ਅਤੇ ਸਭ ਤੋਂ ਸੁਲਭ ਸਾਧਨ ਹੈ। ਯੋਗ ਸਰੀਰ, ਮਨ ਅਤੇ ਆਤਮਾ ਨੂੰ ਇੱਕ ਦੂਜੇ ਨਾਲ ਜੋੜਦਾ ਹੈ ਅਤੇ ਸਾਨੂੰ ਮਜ਼ਬੂਤ ਤੇ ਸ਼ਾਂਤੀਪੂਰਨ ਬਣਾਉਂਦਾ ਹੈ।

ਕੇਂਦਰੀ ਮੰਤਰੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਯਤਨਾਂ ਸਦਕਾ 11 ਦਸੰਬਰ 2014 ਨੂੰ ਸੰਯੁਕਤ ਰਾਸ਼ਟਰ ਮਹਾਸਭਾ ਦੇ 193 ਮੈਂਬਰਾਂ ਨੇ ਰਿਕਾਰਡ 177 ਸਹਿ-ਸਮਰਥਕ ਦੇਸ਼ਾਂ ਦੇ ਨਾਲ 21 ਜੂਨ ਨੂੰ 'ਕੌਮਾਂਤਰੀ ਯੋਗ ਦਿਵਸ' ਮਨਾਉਣ ਦਾ ਮਤਾ ਸਰਵਸੰਮਤੀ ਨਾਲ ਪ੍ਰਵਾਨ ਕੀਤਾ। ਸੰਯੁਕਤ ਰਾਸ਼ਟਰ ਮਹਾਸਭਾ ਨੇ ਸਵੀਕਾਰ ਕੀਤਾ ਕਿ ਯੋਗ ਸਿਹਤ ਅਤੇ ਭਲਾਈ ਲਈ ਇੱਕ ਸੰਪੂਰਨ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ।

ਉਨ੍ਹਾਂ ਨੇ ਕਿਹਾ ਕਿ ਯੋਗ ਭਾਰਤ ਦੀ ਪ੍ਰਾਚੀਨ ਵਿੱਦਿਆ ਹੈ। ਅੱਜ ਪੂਰੇ ਦੇਸ਼ ਵਿੱਚ ਹੀ ਨਹੀਂ, ਸਗੋਂ ਦੁਨੀਆ ਭਰ ਵਿੱਚ ਇਸ ਨੂੰ ਇੱਕ ਸਾਲਾਨਾ ਉਤਸਵ ਵਜੋਂ ਮਨਾਇਆ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਯੋਗ ਵਿਧੀ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਮਹਾਰਿਸ਼ੀ ਪਤੰਜਲੀ ਅਤੇ ਆਧੁਨਿਕ ਸਮੇਂ ਵਿੱਚ ਸਵਾਮੀ ਰਾਮਦੇਵ ਵਰਗੀਆਂ ਸ਼ਖਸੀਅਤਾਂ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਬਚਪਨ ਵਿੱਚ ਸਰੀਰ ਬਹੁਤ ਲਚਕਦਾਰ ਹੁੰਦਾ ਹੈ ਅਤੇ ਇਸ ਉਮਰ ਵਿੱਚ ਯੋਗ ਦਾ ਸਭ ਤੋਂ ਵੱਧ ਲਾਭ ਮਿਲਦਾ ਹੈ। ਉਨ੍ਹਾਂ ਨੇ ਖੁਸ਼ੀ ਜ਼ਾਹਰ ਕੀਤੀ ਕਿ ਹੁਣ ਯੋਗ ਅਤੇ ਯੋਗਾਸਨ ਨੂੰ ਦੁਨੀਆ ਭਰ ਵਿੱਚ ਮੁਕਾਬਲੇ ਵਜੋਂ ਵੀ ਸ਼ਾਮਲ ਕੀਤਾ ਜਾਣ ਲੱਗਾ ਹੈ, ਜਿਸ ਵਿੱਚ ਭਾਰਤ ਵੱਲੋਂ ਪਿਛਲੇ ਸਾਲ 114 ਮੈਡਲ ਜਿੱਤੇ ਗਏ ਹਨ, ਜੋ ਭਾਰਤ ਲਈ ਮਾਣ ਵਾਲੀ ਗੱਲ ਹੈ।



ਪਲਵਲ ਵਿੱਚ ਆਯੋਜਿਤ ਜ਼ਿਲ੍ਹਾ ਪੱਧਰੀ ਯੋਗ ਪ੍ਰੋਗਰਾਮ ਵਿੱਚ ਕੇਂਦਰ ਸਰਕਾਰ ਦੇ ਕੇਂਦਰੀ ਸਹਿਕਾਰਤਾ ਰਾਜ ਮੰਤਰੀ ਕ੍ਰਿਸ਼ਨਪਾਲ ਗੁੱਜਰ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਕੇਂਦਰੀ ਸਹਿਕਾਰਤਾ ਰਾਜ ਮੰਤਰੀ ਕ੍ਰਿਸ਼ਨਪਾਲ ਗੁੱਜਰ ਨੇ ਨਾਗਰਿਕਾਂ ਨੂੰ 12ਵੇਂ ਕੌਮਾਂਤਰੀ ਯੋਗ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਯੋਗ ਨੂੰ ਇੱਕ ਦਿਨ ਦੀ ਨਹੀਂ ਸਗੋਂ ਰੋਜ਼ਾਨਾ ਦੀ ਆਦਤ ਬਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਯੋਗ ਭਾਰਤ ਦੀ ਪ੍ਰਾਚੀਨ ਸੰਸਕ੍ਰਿਤੀ ਦੀ ਅਮੁੱਲ ਵਿਰਾਸਤ ਹੈ, ਜਿਸ ਨੂੰ ਅੱਜ ਪੂਰੀ ਦੁਨੀਆ ਨੇ ਸਵੀਕਾਰ ਕੀਤਾ ਹੈ। ਯੋਗ ਨਾ ਸਿਰਫ਼ ਸਰੀਰ ਨੂੰ ਸਿਹਤਮੰਦ ਰੱਖਦਾ ਹੈ ਸਗੋਂ ਮਾਨਸਿਕ ਤਣਾਅ ਨੂੰ ਘੱਟ ਕਰਕੇ ਜੀਵਨ ਵਿੱਚ ਸਕਾਰਾਤਮਕ ਊਰਜਾ ਦਾ ਸੰਚਾਰ ਵੀ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯਤਨਾਂ ਸਦਕਾ ਯੋਗ ਨੂੰ ਵਿਸ਼ਵਵਿਆਪੀ ਪਛਾਣ ਮਿਲੀ ਹੈ ਅਤੇ ਅੱਜ ਵਿਸ਼ਵ ਦੇ ਕਈ ਦੇਸ਼ਾਂ ਵਿੱਚ ਯੋਗ ਦਿਵਸ ਮਨਾਇਆ ਜਾ ਰਹੀ ਹੈ। ਪ੍ਰਧਾਨ ਮੰਤਰੀ ਨੇ ਦੇਸ਼ ਅਤੇ ਦੁਨੀਆ ਦੇ ਲੋਕਾਂ ਨੂੰ ਯੋਗ ਨਾਲ ਜੋੜਨ ਦਾ ਇਤਿਹਾਸਕ ਕੰਮ ਕੀਤਾ ਹੈ।

ਰਾਜ ਸਭਾ ਮੈਂਬਰ ਸੁਭਾਸ਼ ਬਰਾਲਾ ਨੇ ਝੱਜਰ ਵਿੱਚ ਬਤੌਰ ਮੁੱਖ ਮਹਿਮਾਨ ਆਪਣੇ ਸੰਬੋਧਨ ਵਿੱਚ ਯੋਗ ਨੂੰ ਭਾਰਤ ਦੀ ਸੰਸਕ੍ਰਿਤੀ ਦਾ ਅਮੁੱਲ ਤੋਹਫ਼ਾ ਦੱਸਦਿਆਂ ਕਿਹਾ ਕਿ ਇਹ ਸਿਰਫ਼ ਕਸਰਤ ਨਹੀਂ, ਮਨ, ਤਨ ਅਤੇ ਆਤਮਾ ਦੇ ਸੁਮੇਲ (ਤਾਲਮੇਲ) ਦੀ ਕਲਾ ਹੈ। ਇਹ ਰਿਸ਼ੀ-ਮੁਨੀਆਂ ਦੀ ਅਮੁੱਲ ਵਿਰਾਸਤ ਹੈ, ਜੋ ਅਨਾਦਿ ਕਾਲ ਤੋਂ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਹੈ।

ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਅੱਜ ਯੋਗ ਪੂਰੇ ਵਿਸ਼ਵ ਵਿੱਚ ਅਪਣਾਇਆ ਜਾ ਰਿਹਾ ਹੈ ਅਤੇ ਇਹ ਭਾਰਤ ਦੀ ਸਨਾਤਨ ਸੰਸਕ੍ਰਿਤੀ ਨੂੰ ਵਿਸ਼ਵਵਿਆਪੀ ਪਛਾਣ ਦਿਵਾਉਣ ਦਾ ਕੰਮ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਯੋਗ ਮਨ ਅਤੇ ਸਰੀਰ ਨੂੰ ਇਕਾਗਰਤਾ ਪ੍ਰਦਾਨ ਕਰਦਾ ਹੈ ਅਤੇ ਮਾਨਸਿਕ ਸ਼ਾਂਤੀ ਦਾ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮ ਹੈ। ਨੌਜਵਾਨਾਂ ਨੂੰ ਸੱਦਾ ਦਿੰਦਿਆਂ ਉਨ੍ਹਾਂ ਨੇ ਕਿਹਾ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੀ ਊਰਜਾ ਅਤੇ ਸਮਰੱਥਾ ਦੀ ਵਰਤੋਂ ਰਾਸ਼ਟਰ ਨਿਰਮਾਣ ਅਤੇ ਸਕਾਰਾਤਮਕ ਕਾਰਜਾਂ ਵਿੱਚ ਕਰਨ।

ਸੋਨੀਪਤ ਵਿੱਚ ਜ਼ਿਲ੍ਹਾ ਪੱਧਰੀ ਯੋਗ ਪ੍ਰੋਗਰਾਮ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਰਾਜ ਸਭਾ ਮੈਂਬਰ ਕਾਰਤੀਕੇਯ ਸ਼ਰਮਾ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਮੌਕੇ 'ਤੇ ਰਾਜ ਸਭਾ ਮੈਂਬਰ ਕਾਰਤੀਕੇਯ ਸ਼ਰਮਾ ਨੇ ਕਿਹਾ ਕਿ ਯੋਗ ਸਿਰਫ਼ ਸਰੀਰਕ ਕਸਰਤ ਨਹੀਂ, ਸਗੋਂ ਜੀਵਨ ਨੂੰ ਹਾਂ-ਪੱਖੀ ਸੋਚ (ਸਕਾਰਾਤਮਕਤਾ), ਅਨੁਸ਼ਾਸਨ ਅਤੇ ਸੰਤੁਲਨ ਨਾਲ ਜਿਊਣ ਦੀ ਕਲਾ ਹੈ। ਉਨ੍ਹਾਂ ਕਿਹਾ ਕਿ ਯੋਗ ਉਹ ਅਮੁੱਲ ਵਿੱਦਿਆ ਹੈ, ਜਿਸ ਨੂੰ ਸਾਡੇ ਰਿਸ਼ੀ-ਮੁਨੀਆਂ ਨੇ ਹਿਮਾਲਿਆ ਦੀ ਤਪੋਭੂਮੀ ਵਿੱਚ ਸਾਧਨਾ ਦੇ ਮਾਧਿਅਮ ਨਾਲ ਖੋਜਿਆ ਸੀ। ਸਦੀਆਂ ਪਹਿਲਾਂ ਮਹਾਰਿਸ਼ੀ ਪਤੰਜਲੀ ਨੇ ਯੋਗ ਸੂਤਰਾਂ ਰਾਹੀਂ ਅਸ਼ਟਾਂਗ ਯੋਗ ਦਾ ਵਿਗਿਆਨਕ ਅਤੇ ਵਿਵਸਥਿਤ ਸਰੂਪ ਵਿਸ਼ਵ ਨੂੰ ਪ੍ਰਦਾਨ ਕੀਤਾ ਸੀ।

ਉਨ੍ਹਾਂ ਨੇ ਕਿਹਾ ਕਿ ਜੇਕਰ ਮਹਾਰਿਸ਼ੀ ਪਤੰਜਲੀ ਯੋਗ ਦੇ ਅਧਿਆਤਮਿਕ ਜਨਕ ਹਨ ਤਾਂ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਆਧੁਨਿਕ ਯੁੱਗ ਵਿੱਚ ਯੋਗ ਦੇ ਵਿਸ਼ਵਵਿਆਪੀ ਪੁਨਰਜਾਗਰਣ ਦੇ ਮੋਢੀ (ਪੁਰੋਧਾ) ਹਨ, ਜਿਨ੍ਹਾਂ ਨੇ ਆਸ਼ਰਮਾਂ ਅਤੇ ਪੁਸਤਕਾਂ ਤੱਕ ਸੀਮਤ ਯੋਗ ਨੂੰ ਜਨ-ਜਨ ਤੱਕ ਪਹੁੰਚਾ ਕੇ ਇਸ ਨੂੰ ਇੱਕ ਵਿਸ਼ਵਵਿਆਪੀ ਜਨ-ਅੰਦੋਲਨ ਦਾ ਰੂਪ ਪ੍ਰਦਾਨ ਕੀਤਾ ਹੈ।

# ਜਾਪਾਨ ਵਿੱਚ ਚੱਲ ਰਹੇ ਕੌਮਾਂਤਰੀ ਗੀਤਾ ਮਹੋਤਸਵ ਦੌਰਾਨ ਹੋਇਆ ਸ਼ਾਨਦਾਰ ਕੌਮਾਂਤਰੀ ਯੋਗ ਦਿਵਸ ਦਾ ਆਯੋਜਨ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਾਪਾਨ ਵਿੱਚ ਚੱਲ ਰਹੇ ਕੌਮਾਂਤਰੀ ਗੀਤਾ ਮਹੋਤਸਵ ਦੌਰਾਨ ਕੌਮਾਂਤਰੀ ਯੋਗ ਦਿਵਸ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਜਾਪਾਨੀ ਨਾਗਰਿਕਾਂ, ਭਾਰਤੀ ਭਾਈਚਾਰੇ ਦੇ ਨੁਮਾਇੰਦਿਆਂ ਅਤੇ ਵੱਖ-ਵੱਖ ਸਮਾਜਿਕ ਅਤੇ ਸੱਭਿਆਚਾਰਕ ਸੰਸਥਾਵਾਂ ਦੇ ਮੈਂਬਰਾਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ। ਯੋਗਾਭਿਆਸ, ਧਿਆਨ ਅਤੇ ਭਾਰਤੀ ਅਧਿਆਤਮਿਕ ਪਰੰਪਰਾਵਾਂ ਰਾਹੀਂ ਭਾਰਤ-ਜਾਪਾਨ ਮਿੱਤਰਤਾ ਅਤੇ ਸੱਭਿਆਚਾਰਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦਾ ਸੰਦੇਸ਼ ਦਿੱਤਾ ਗਿਆ।

ਪ੍ਰੋਗਰਾਮ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਵਿਸ਼ੇਸ਼ ਵੀਡੀਓ ਸੰਦੇਸ਼ ਵੀ ਪ੍ਰਸਾਰਿਤ ਕੀਤਾ ਗਿਆ। ਮੁੱਖ ਮੰਤਰੀ ਨੇ ਕੌਮਾਂਤਰੀ ਯੋਗ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਯੋਗ ਭਾਰਤ ਦੀ ਅਮੁੱਲ ਵਿਰਾਸਤ ਹੈ, ਜਿਸ ਨੇ ਅੱਜ ਪੂਰੇ ਵਿਸ਼ਵ ਨੂੰ ਸਿਹਤ, ਸੰਤੁਲਨ ਅਤੇ ਸ਼ਾਂਤੀ ਦਾ ਰਾਹ ਦਿਖਾਇਆ ਹੈ। ਉਨ੍ਹਾਂ ਨੇ ਜਾਪਾਨ ਵਿੱਚ ਆਯੋਜਿਤ ਕੌਮਾਂਤਰੀ ਗੀਤਾ ਮਹੋਤਸਵ ਦੀ ਸ਼ਲਾਘਾ ਕਰਦਿਆਂ ਪ੍ਰਬੰਧਕਾਂ ਅਤੇ ਭਾਗੀਦਾਰਾਂ ਨੂੰ ਵਧਾਈ ਦਿੱਤੀ।

ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਸਵਾਮੀ ਗਿਆਨਾਨੰਦ ਜੀ ਮਹਾਰਾਜ ਨੇ ਕਿਹਾ ਕਿ ਯੋਗ ਸਿਰਫ਼ ਸਰੀਰਕ ਕਸਰਤ ਨਹੀਂ, ਸਗੋਂ ਆਤਮਿਕ ਉੱਨਤੀ, ਮਾਨਸਿਕ ਸ਼ਾਂਤੀ ਅਤੇ ਵਿਸ਼ਵਵਿਆਪੀ ਸਦਭਾਵਨਾ ਦਾ ਰਾਹ ਹੈ।

ਉਨ੍ਹਾਂ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਤਣਾਅ, ਚਿੰਤਾ ਅਤੇ ਸੰਘਰਸ਼ ਤੋਂ ਗ੍ਰਸਤ ਵਿਸ਼ਵ ਨੂੰ ਯੋਗ ਅਤੇ ਸ਼੍ਰੀਮਦ ਭਗਵਦ ਗੀਤਾ ਦੇ ਸੰਦੇਸ਼ ਦੀ ਬਹੁਤ ਲੋੜ ਹੈ।

ਹਰਿਆਣਾ ਸਰਕਾਰ ਦੇ ਨੁਮਾਇੰਦੇ ਡਾ: ਅਮਿਤ ਅਗਰਵਾਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਹਰਿਆਣਾ ਸਰਕਾਰ ਯੋਗ ਅਤੇ ਗੀਤਾ ਦੇ ਵਿਸ਼ਵਵਿਆਪੀ ਪ੍ਰਚਾਰ-ਪ੍ਰਸਾਰ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਕੌਮਾਂਤਰੀ ਗੀਤਾ ਮਹੋਤਸਵ ਰਾਹੀਂ ਭਾਰਤ ਦੀ ਅਧਿਆਤਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਤੱਕ ਪਹੁੰਚਾਇਆ ਜਾ ਰਿਹਾ ਹੈ।

ਜਾਪਾਨ ਦੇ ਵੱਖ-ਵੱਖ ਸ਼ਹਿਰਾਂ ਵਿੱਚ ਵੀ ਯੋਗ ਦਿਵਸ 'ਤੇ ਪ੍ਰੋਗਰਾਮ ਆਯੋਜਿਤ ਕੀਤੇ ਗਏ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਜਾਪਾਨੀ ਨਾਗਰਿਕਾਂ ਨੇ ਭਾਗ ਲਿਆ। ਜਾਪਾਨ ਵਿੱਚ ਯੋਗ ਅਤੇ ਧਿਆਨ ਪ੍ਰਤੀ ਲੋਕਾਂ ਦੀ ਡੂੰਘੀ ਰੁਚੀ ਅਤੇ ਸਮਰਪਣ ਭਾਰਤ ਦੀਆਂ ਅਧਿਆਤਮਿਕ ਪਰੰਪਰਾਵਾਂ ਪ੍ਰਤੀ ਵਧਦੇ ਆਕਰਸ਼ਣ ਦਾ ਸਬੂਤ ਹੈ।

ਇਸ ਮੌਕੇ 'ਤੇ ਬੁਲਾਰਿਆਂ ਨੇ ਕਿਹਾ ਕਿ ਭਾਰਤ ਅੱਜ ਵਿਸ਼ਵਵਿਆਪੀ ਯੋਗ ਲਹਿਰ ਦੀ ਅਗਵਾਈ ਕਰ ਰਿਹਾ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਯਤਨਾਂ ਸਦਕਾ ਯੋਗ ਇੱਕ ਵਿਸ਼ਵਵਿਆਪੀ ਜਨ ਅੰਦੋਲਨ ਬਣ ਚੁੱਕਾ ਹੈ ਅਤੇ ਕਰੋੜਾਂ ਲੋਕ ਇਸ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਰਹੇ ਹਨ। ਯੋਗ ਮਨੁੱਖਤਾ ਨੂੰ ਸਿਹਤ, ਸ਼ਾਂਤੀ ਅਤੇ ਇਕਸੁਰਤਾ ਦਾ ਸੰਦੇਸ਼ ਦਿੰਦਾ ਹੈ।

ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਮੌਜੂਦ ਯੋਗਮਾਤਾ ਕੀਕੋ ਐਕਾਵਾ ਦਾ ਸਵਾਗਤ ਕੀਤਾ ਗਿਆ। ਯੋਗ ਮਾਤਾ ਨੇ ਹਾਲ ਹੀ ਵਿੱਚ ਭਾਰਤ ਵਿੱਚ ਆਯੋਜਿਤ ਮਹਾਕੁੰਭ ਵਿੱਚ ਭਾਗ ਲਿਆ ਸੀ ਅਤੇ ਭਾਰਤ ਪ੍ਰਵਾਸ ਦੌਰਾਨ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨਾਲ ਵੀ ਮੁਲਾਕਾਤ ਕੀਤੀ ਸੀ। ਉਨ੍ਹਾਂ ਨੇ ਯੋਗ ਅਤੇ ਧਿਆਨ ਰਾਹੀਂ ਵਿਸ਼ਵ ਸ਼ਾਂਤੀ ਅਤੇ ਮਨੁੱਖੀ ਭਲਾਈ 'ਤੇ ਆਪਣੇ ਵਿਚਾਰ ਸਾਂਝੇ ਕੀਤੇ।

ਯੋਗ ਮਾਤਾ ਨੇ ਕਿਹਾ ਕਿ ਭਾਰਤ ਦੀਆਂ ਅਧਿਆਤਮਿਕ ਪਰੰਪਰਾਵਾਂ ਸਮੁੱਚੀ ਮਨੁੱਖਤਾ ਲਈ ਪ੍ਰੇਰਨਾ ਦਾ ਸਰੋਤ ਹਨ ਅਤੇ ਜਾਪਾਨ ਵਿੱਚ ਯੋਗ ਅਤੇ ਧਿਆਨ ਪ੍ਰਤੀ ਲੋਕਾਂ ਦੀ ਵਧਦੀ ਰੁਚੀ ਦੋਵਾਂ ਦੇਸ਼ਾਂ ਦੇ ਸੱਭਿਆਚਾਰਕ ਸਬੰਧਾਂ ਨੂੰ ਹੋਰ ਮਜ਼ਬੂਤ ਕਰੇਗੀ।

ਇਸ ਮੌਕੇ 'ਤੇ ਸਵਾਮੀ ਗਿਆਨਾਨੰਦ ਜੀ ਮਹਾਰਾਜ, ਡਾ: ਅਮਿਤ ਅਗਰਵਾਲ, ਸ੍ਰੀ ਉਪੇਂਦਰ ਸਿੰਘਲ ਅਤੇ ਸ੍ਰੀ ਵਿਜੇ ਨਰੂਲਾ ਨੇ ਯੋਗ ਮਾਤਾ ਨੂੰ ਸ਼੍ਰੀਮਦ ਭਗਵਦ ਗੀਤਾ ਦੀ ਪ੍ਰਤੀ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਮੂਰਤੀ ਭੇਟ ਕਰਕੇ ਸਨਮਾਨਿਤ ਕੀਤਾ।

ਪ੍ਰੋਗਰਾਮ ਵਿੱਚ ਵਿਧਾਇਕ ਸਤਪਾਲ ਜਾਂਬਾ, ਮੇਅਰ ਸ਼ਿਆਮਲਾਲ ਬਾਂਸਲ, ਅਸ਼ੋਕ ਗੁੱਜਰ, ਅਲਕੇਸ਼ ਮੋਦਗਿਲ, ਅਸ਼ੋਕ ਰੋਸ਼ਾ, ਗੁਰਨਾਮ ਸੈਣੀ, ਡਾ: ਰਿਸ਼ੀਪਾਲ ਮਥਾਨਾ, ਡਾ: ਐਮ.ਕੇ. ਮੋਦਗਿਲ ਆਦਿ ਸ਼ਾਮਲ ਹੋਏ। ਪ੍ਰੋਗਰਾਮ ਦੇ ਅੰਤ ਵਿੱਚ ਸਮੂਹਿਕ ਯੋਗਾਭਿਆਸ, ਧਿਆਨ ਅਤੇ ਵਿਸ਼ਵ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਗਈ।



ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ 12ਵੇਂ ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ 'ਤੇ ਹਰਿਆਣਾ ਲੋਕ ਭਵਨ, ਚੰਡੀਗੜ੍ਹ ਵਿਖੇ ਆਯੋਜਿਤ ਇੱਕ ਪ੍ਰੋਗਰਾਮ ਦੌਰਾਨ ਯੋਗਾਸਨ ਕਰਦੇ ਹੋਏ।

# ਕੈਲਾਸ਼ ਸੈਣੀ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



**ਸ਼ਾਹਬਾਦ ਮਾਰਕੰਡਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਰਕੀਟ ਕਮੇਟੀ ਬਾਬੈਨ ਦੇ ਆਡੀਟੋਰੀਅਮ ਵਿੱਚ ਜਨ ਭਲਾਈ ਕੈਂਪ ਲਾਇਆ ਗਿਆ ਜਿਸ ਵਿੱਚ ਬਤੌਰ ਮੁੱਖ ਮਹਿਮਾਨ ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਕੈਲਾਸ਼ ਸੈਣੀ ਨੇ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਕੈਂਪ ਦਾ ਉਦਘਾਟਨ ਕਰਨ ਮਗਰੋਂ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦਾ ਨਿਬੇੜਾ ਕੀਤਾ। ਉਨ੍ਹਾਂ ਵੱਖ-ਵੱਖ ਪ੍ਰਸ਼ਾਸਨਿਕ ਵਿਭਾਗਾਂ ਵੱਲੋਂ ਲਗਾਏ ਸਟਾਲਾਂ ਦਾ ਦੌਰਾ ਕੀਤਾ ਤਾਂ ਜੋ ਵੱਖ-ਵੱਖ ਯੋਜਨਾਵਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ। ਉਨ੍ਹਾਂ ਨੇ ਕੈਂਪ ਵਿੱਚ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਬਾਰੇ ਚਾਨਣਾ ਪਾਇਆ।

ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਕੈਲਾਸ਼ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਵਾਸੀਆਂ ਨਾਲ ਆਰਥਿਕ ਵਿਕਾਸ ਤੇ ਕੌਮੀ ਸੁਰੱਖਿਆ ਨੂੰ ਮਜ਼ਬੂਤ ਕਰਨ ਦਾ ਵਾਅਦਾ ਹੁਣ ਪੂਰਾ ਹੋ ਰਿਹਾ ਹੈ। ਕੇਂਦਰ ਸਰਕਾਰ ਨੇ ਪਿਛਲੇ 12 ਸਾਲਾਂ ਵਿੱਚ ਇਨ੍ਹਾਂ ਸਾਰੇ ਖੇਤਰਾਂ ਵਿੱਚ ਸ਼ਾਨਦਾਰ ਕੰਮ ਕੀਤੇ ਹਨ ਜਿਸ ਦੇ ਨਤੀਜੇ ਪੂਰੇ ਦੇਸ਼ ਦੇ ਸਾਹਮਣੇ ਹਨ। 2014 ਵਿੱਚ ਭਾਰਤ ਦੁਨੀਆਂ ਦੀਆਂ ਅਰਥ ਵਿਵਸਥਾਵਾਂ 'ਚੋਂ 11ਵੇਂ ਸਥਾਨ 'ਤੇ ਸੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਹੁਣ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਅਰਥ ਵਿਵਸਥਾ ਬਣ ਗਿਆ ਹੈ। ਅੱਜ ਭਾਰਤ ਦੀ ਅਰਥ ਵਿਵਸਥਾ ਤੇਜ਼ੀ ਨਾਲ ਮਜ਼ਬੂਤ ਹੋ ਰਹੀ ਹੈ ਤੇ ਜਲਦੀ ਹੀ ਤੀਜੇ ਸਥਾਨ 'ਤੇ ਪੁੱਜਣ ਲਈ ਤਿਆਰ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ, ਆਯੂਸ਼ਮਾਨ ਭਾਰਤ ਯੋਜਨਾ, ਉੱਜਵਲਾ ਯੋਜਨਾ, ਕਿਸਾਨ ਸਨਮਾਨ ਨਿਧੀ, ਜਲ ਜੀਵਨ ਸਵੱਛ ਮਿਸ਼ਨ ਤੇ ਡਿਜੀਟਲ ਇੰਡੀਆ ਵਰਗੀਆਂ ਯੋਜਨਾਵਾਂ ਨੇ ਕਰੋੜਾਂ ਲੋਕਾਂ ਦੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆਂਦੇ ਹਨ। ਇਸ ਮੌਕੇ ਮੰਡਲ ਪ੍ਰਧਾਨ ਵਿਕਾਸ ਸ਼ਰਮਾ, ਮਾਰਕੀਟ ਕਮੇਟੀ ਚੇਅਰਮੈਨ ਜਸਵਿੰਦਰ ਜੱਸੀ, ਸਕੱਤਰ ਗੁਰਮੀਤ ਸੈਣੀ ਆਦਿ ਹਾਜ਼ਰ ਸਨ।

# ਵੋਟਰ ਸੂਚੀਆਂ ਦੀ ਸੁਧਾਈ ਲਈ ਸਿਖਲਾਈ

**ਰਤੀਆ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਚੋਣ ਕਮਿਸ਼ਨ ਦੇ ਹੁਕਮਾਂ ਅਨੁਸਾਰ ਚਲਾਏ ਜਾ ਰਹੇ ਐੱਸ ਆਈ ਆਰ-2026 ਪ੍ਰੋਗਰਾਮ ਤਹਿਤ ਬੀ ਡੀ ਪੀ ਓ ਦਫ਼ਤਰ ਰਤੀਆ ਵਿੱਚ ਸੁਪਰਵਾਈਜ਼ਰਾਂ ਅਤੇ ਬੂਥ ਲੈਵਲ ਅਧਿਕਾਰੀਆਂ (ਬੀ ਐੱਲ ਓ ਜ਼) ਲਈ ਤਿੰਨ ਦਿਨਾਂ ਟਰੇਨਿੰਗ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਇਹ ਟਰੇਨਿੰਗ 50-50 ਅਧਿਕਾਰੀਆਂ ਦੇ ਸਮੂਹਾਂ ਵਿੱਚ ਕਰਵਾਈ ਜਾ ਰਹੀ ਹੈ, ਜਿਸ ਦਾ ਉਦੇਸ਼ ਚੋਣੀ ਪ੍ਰਕਿਰਿਆ ਨਾਲ ਜੁੜੇ ਕਰਮਚਾਰੀਆਂ ਨੂੰ ਵੋਟਰ ਸੂਚੀਆਂ ਦੇ ਪੁਨਰੀਖਣ ਅਤੇ ਸਤਿਆਪਨ ਸਬੰਧੀ ਨਿਯਮਾਂ ਅਤੇ ਪ੍ਰਕਿਰਿਆਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦੇਣਾ ਹੈ। ਟਰੇਨਿੰਗ ਪ੍ਰੋਗਰਾਮ ਦੌਰਾਨ ਨਾਇਬ ਤਹਿਸੀਲਦਾਰ ਬਲਵਾਨ ਸਿੰਘ ਨੇ ਮੁੱਖ ਤੌਰ 'ਤੇ ਸ਼ਿਰਕਤ ਕੀਤੀ ਅਤੇ ਹਾਜ਼ਰ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਸਹੀ ਅਤੇ ਅੱਪਡੇਟ ਵੋਟਰ ਸੂਚੀ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰ ਯੋਗ ਨਾਗਰਿਕ ਦਾ ਨਾਮ ਵੋਟਰ ਸੂਚੀ ਵਿੱਚ ਦਰਜ ਹੋਣਾ ਚਾਹੀਦਾ ਹੈ ਅਤੇ ਕਿਸੇ ਵੀ ਅਪਾਤਰ ਵਿਅਕਤੀ ਦਾ ਨਾਮ ਨਿਯਮਾਂ ਅਨੁਸਾਰ ਹਟਾਇਆ ਜਾਣਾ ਚਾਹੀਦਾ ਹੈ। ਇਸ ਲਈ ਭਾਰਤ ਚੋਣ ਆਯੋਗ ਵੱਲੋਂ ਸਮੇਂ-ਸਮੇਂ 'ਤੇ ਵੋਟਰ ਸੂਚੀਆਂ ਦਾ ਵਿਸ਼ੇਸ਼ ਪੁਨਰ ਨਿਰੀਖਣ ਕਰਵਾਇਆ ਜਾਂਦਾ ਹੈ ਤਾਂ ਜੋ ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ ਅਤੇ ਭਰੋਸੇਯੋਗਤਾ ਬਣੀ ਰਹੇ। ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਗਹਿਰੇ ਪੁਨਰੀਖਣ-2026 ਅਧੀਨ ਜਲਦੀ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ।

# ਜੰਡਲੀ ਕਲਾਂ ਤੇ ਜੱਲੋਪੁਰ ਦੇ ਪੰਚਾਇਤ ਮੈਂਬਰ ਡੀ ਸੀ ਨੂੰ ਮਿਲੇ

**ਰਤੀਆ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਜਾਗਰੂਕ ਗ੍ਰਾਮ ਪੁਰਸਕਾਰ ਯੋਜਨਾ ਤਹਿਤ ਸੂਬੇ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਗ੍ਰਾਮ ਪੰਚਾਇਤ ਜੰਡਲੀ ਕਲਾਂ ਅਤੇ ਗ੍ਰਾਮ ਪੰਚਾਇਤ ਜੱਲੋਪੁਰ ਦੇ ਨੁਮਾਇੰਦਿਆਂ ਨੇ ਡਿਪਟੀ ਕਮਿਸ਼ਨਰ ਡਾ. ਵਿਵੇਕ ਭਾਰਤੀ ਨਾਲ ਮੁਲਾਕਾਤ ਨਾਲ ਕੀਤੀ। ਇਸ ਮੌਕੇ ਜ਼ਿਲ੍ਹਾ ਪਰਿਸ਼ਦ ਦੇ ਮੁੱਖ ਕਾਰਜਕਾਰੀ ਅਧਿਕਾਰੀ ਸੁਰੇਸ਼ ਕੁਮਾਰ, ਜੰਡਲੀ ਕਲਾਂ ਦੇ ਸਰਪੰਚ ਪ੍ਰਤੀਨਿਧੀ ਵਿਜੈ ਕਮਾਂਡੋ ਅਤੇ ਜੱਲੋਪੁਰ ਦੇ ਸਰਪੰਚ ਮਾਂਗੇਰਾਮ ਵੀ ਮੌਜੂਦ ਸਨ।

## ਸੰਪਾਦਕੀ

# ਜਾਅਲੀ ਡਿਗਰੀਆਂ ਵਾਲੇ ਵਕੀਲਾਂ ਨੂੰ ਬਾਹਰ ਦਾ ਰਾਹ ਦਿਖਾਉਣ ਵੱਲ ਸਾਰਥਿਕ ਕਦਮ

ਕਾਨੂੰਨੀ ਪੇਸ਼ੇ ਲਈ ਇੱਕ 'ਨੈਸ਼ਨਲ ਡਿਜੀਟਲ ਰਜਿਸਟਰੀ' ਕਾਇਮ ਕਰਨ ਦੀ ਤਜਵੀਜ਼ ਜਾਅਲੀ ਡਿਗਰੀਆਂ ਵਾਲੇ ਵਕੀਲਾਂ ਨੂੰ ਬਾਹਰ ਦਾ ਰਾਹ ਦਿਖਾਉਣ ਵੱਲ ਇੱਕ ਵੱਡਾ ਤੇ ਸਾਰਥਿਕ ਕਦਮ ਹੈ। ਸੁਪਰੀਮ ਕੋਰਟ ਨੇ ਵੀ ਇਸ ਨੂੰ ਇੱਕ 'ਨਿਵੇਕਲਾ ਵਿਚਾਰ' ਦੱਸਦਿਆਂ ਹਰੀ ਝੰਡੀ ਦਿੱਤੀ ਹੈ। ਇਹ ਸੁਝਾਅ ਉਨ੍ਹਾਂ ਚਿੰਤਾਜਨਕ ਦਾਅਵਿਆਂ ਤੋਂ ਬਾਅਦ ਸਾਹਮਣੇ ਆਇਆ ਹੈ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਭਾਰਤ ਵਿੱਚ ਲਗਪਗ 35 ਤੋਂ 40 ਫ਼ੀਸਦੀ ਵਕੀਲਾਂ ਕੋਲ ਫ਼ਰਜ਼ੀ ਜਾਂ ਕਾਨੂੰਨ ਦੀਆਂ ਗੈਰ-ਪ੍ਰਮਾਣਿਤ ਡਿਗਰੀਆਂ ਹੋ ਸਕਦੀਆਂ ਹਨ। ਇਹ ਸਥਿਤੀ ਕਾਨੂੰਨੀ ਪੇਸ਼ੇ ਅੰਦਰ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਸਖ਼ਤ ਲੋੜ ਵੱਲ ਇਸ਼ਾਰਾ ਕਰਦੀ ਹੈ। ਤਜਵੀਜ਼ਸ਼ੁਦਾ ਰਜਿਸਟਰੀ ਦਾ ਮੁੱਖ ਮਕਸਦ ਇੱਕ ਅਜਿਹਾ ਸਾਂਝਾ ਡਿਜੀਟਲ ਡੇਟਾਬੇਸ ਤਿਆਰ ਕਰਨਾ ਹੈ, ਜਿਸ ਵਿੱਚ ਹਰ ਵਕੀਲ ਦੀਆਂ ਪ੍ਰਮਾਣਿਤ ਯੋਗਤਾਵਾਂ, ਨਾਮਜ਼ਦਗੀ ਦੀ ਸਥਿਤੀ, ਅਨੁਸ਼ਾਸਨੀ ਰਿਕਾਰਡ ਅਤੇ ਇੱਕ ਵਿਲੱਖਣ ਪਛਾਣ ਨੰਬਰ ਸ਼ਾਮਲ ਹੋਵੇ। ਭਾਰਤ ਵਰਗੇ ਵੱਡੇ ਦੇਸ਼ ਵਿੱਚ ਲਗਪਗ 18 ਲੱਖ ਵਕੀਲ ਰਜਿਸਟਰਡ ਹਨ ਅਤੇ ਉਨ੍ਹਾਂ ਦਾ ਰਿਕਾਰਡ 23 ਸੂਬਾਈ ਬਾਰ ਕੌਂਸਲਾਂ ਵਿੱਚ ਖਿੰਡਿਆ ਹੋਇਆ ਹੈ। ਅਜਿਹੇ ਵਿੱਚ ਇੱਕ ਕੇਂਦਰੀ ਪੜਤਾਲ ਪ੍ਰਣਾਲੀ ਨਾ ਹੋਣ ਕਾਰਨ ਜਾਅਲੀ ਵਕੀਲ ਬਿਨਾਂ ਕਿਸੇ ਡਰ ਤੋਂ ਆਪਣਾ ਧੰਦਾ ਚਲਾ ਰਹੇ ਹਨ। ਜੇਕਰ ਵਕੀਲਾਂ ਦੇ ਰਿਕਾਰਡ ਨੂੰ ਯੂਨੀਵਰਸਿਟੀਆਂ, ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਬਾਰ ਕੌਂਸਲਾਂ ਨਾਲ ਇੱਕ ਕਿਊ ਆਰ ਕੋਡ ਆਧਾਰਿਤ ਪਲੇਟਫ਼ਾਰਮ ਰਾਹੀਂ ਜੋੜ ਦਿੱਤਾ ਜਾਵੇ ਤਾਂ ਇਨਸਾਫ਼ ਦੀ ਆਸ ਵਿੱਚ ਆਉਣ ਵਾਲੇ ਆਮ ਲੋਕ ਤੁਰੰਤ ਇਹ ਪਤਾ ਲਗਾ ਸਕਣਗੇ ਕਿ ਉਨ੍ਹਾਂ ਦਾ ਵਕੀਲ ਅਸਲ ਵਿੱਚ ਯੋਗ ਹੈ ਜਾਂ ਨਹੀਂ। ਅਜਿਹਾ ਪ੍ਰਬੰਧ ਨਾਗਰਿਕਾਂ ਨੂੰ ਕਾਨੂੰਨੀ ਧੋਖਾਧੜੀ ਤੋਂ ਬਚਾ ਸਕਦਾ ਹੈ। ਪਰ ਸਿਰਫ਼ ਤਕਨਾਲੋਜੀ ਦੇ ਭਰੋਸੇ ਹੀ ਇਸ ਸਮੱਸਿਆ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਇਸ ਰਜਿਸਟਰੀ ਦੀ ਸਫਲਤਾ ਪੂਰੀ ਤਰ੍ਹਾਂ ਯੂਨੀਵਰਸਿਟੀਆਂ, ਬਾਰ ਕੌਂਸਲ ਆਫ਼ ਇੰਡੀਆ ਅਤੇ ਸਰਕਾਰ ਦਰਮਿਆਨ ਆਪਸੀ ਤਾਲਮੇਲ 'ਤੇ ਨਿਰਭਰ ਕਰੇਗੀ। ਇਸ ਮੁਹਿੰਮ ਦੇ ਨਾਲ-ਨਾਲ ਰਿਕਾਰਡਾਂ ਦੀ ਲਗਾਤਾਰ ਪੜਤਾਲ (ਆਡਿਟ), ਸਖ਼ਤ ਜਾਂਚ ਪ੍ਰਕਿਰਿਆ ਅਤੇ ਦੋਸ਼ੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਵੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਕਾਨੂੰਨੀ ਪੇਸ਼ਾ ਸਾਡੇ ਸੰਵਿਧਾਨਕ ਲੋਕਤੰਤਰ ਦੀ ਰੀੜ੍ਹ ਦੀ ਹੱਡੀ ਹੈ। ਫ਼ਰਜ਼ੀ ਵਕੀਲਾਂ ਦੀ ਵਧ ਰਹੀ ਗਿਣਤੀ ਨਿਆਂ ਪ੍ਰਣਾਲੀ ਵਿੱਚ ਆਮ ਲੋਕਾਂ ਦੇ ਭਰੋਸੇ ਨੂੰ ਢਾਹ ਲਾਉਂਦੀ ਹੈ। ਜੇਕਰ ਸਾਰੇ ਸਬੰਧਿਤ ਪੱਖ ਇਸ ਡਿਜੀਟਲ ਰਜਿਸਟਰੀ ਨੂੰ ਪੂਰੇ ਮਨ ਨਾਲ ਅਪਣਾਉਣ ਤਾਂ ਇਹ ਨਾ ਸਿਰਫ਼ ਸਹੀ ਰਿਕਾਰਡ ਰੱਖਣ ਦਾ ਜ਼ਰੀਆ ਬਣੇਗੀ ਸਗੋਂ ਭਾਰਤ ਦੀਆਂ ਕਾਨੂੰਨੀ ਸੰਸਥਾਵਾਂ ਦੀ ਸਾਖ, ਇਮਾਨਦਾਰੀ, ਪੇਸ਼ੇਵਰ ਮਰਯਾਦਾ ਅਤੇ ਲੋਕਾਂ ਦੇ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਨ ਦਾ ਸੁਨਹਿਰੀ ਮੌਕਾ ਸਾਬਤ ਹੋਵੇਗੀ।

# ਵਿਧਾਇਕ ਸ਼ੈਰੀ ਕਲਸੀ ਨੇ ਪੁਰਾਣੀ ਤਹਿਸੀਲ ਬਟਾਲਾ ਵਿਚ ਕੰਮ ਕਰਦੇ ਵਸੀਕਾ ਨਵੀਸਾਂ, ਫੋਟੋ ਸਟੇਟ ਅਤੇ ਟਾਈਪਿਸਟਾਂ ਦੀ ਮੰਗ ਕੀਤੀ ਪੂਰੀ

**ਬਟਾਲਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬਟਾਲਾ ਦੇ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਵਲੋਂ ਪੁਰਾਣੀ ਤਹਿਸੀਲ, ਬੱਸ ਅੱਡਾ ਬਟਾਲਾ ਵਿਚ ਕੰਮ ਕਰਦੇ ਵਸੀਕਾ ਨਵੀਸ, ਫੋਟੋ ਸਟੇਟ ਵਾਲੇ ਅਤੇ ਟਾਈਪਿਸਟਾਂ ਦੀ ਮੰਗ ਪੂਰੀ ਕਰਦਿਆਂ ਅੱਜ ਨਵੇਂ ਤਹਿਸੀਲ ਕੰਪਲੈਕਸ, ਪੁਲਿਸ ਲਾਈਨ ਵਿਖੇ ਉਨ੍ਹਾਂ ਲਈ ਨਵੇਂ ਬੂਥਾਂ ਦਾ ਉਦਘਾਟਨ ਕੀਤਾ ਗਿਆ।



ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਨ੍ਹਾਂ ਵਲੋਂ ਵਸੀਕਾ ਨਵੀਸ, ਫੋਟੋ ਸਟੇਟ ਵਾਲੇ ਅਤੇ ਟਾਈਪਿਸਟਾਂ ਨਾਲ ਵਾਅਦਾ ਕੀਤਾ ਸੀ ਕਿ ਨਵੇਂ ਤਹਿਸੀਲ ਕੰਪਲੈਕਸ ਵਿੱਚ ਉਨ੍ਹਾਂ ਨੂੰ ਬੂਥ ਦਿੱਤੇ ਜਾਣਗੇ, ਜਿਸ ਨੂੰ ਅੱਜ ਪੂਰਾ ਕਰ ਦਿੱਤਾ ਗਿਆ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਨਾਂ ਦੀ ਹਮੇਸ਼ਾ ਕੋਸ਼ਿਸ ਰਹਿੰਦੀ ਹੈ ਕਿ ਉਹ ਬਟਾਲਾ ਵਾਸੀਆਂ ਨੂੰ ਮਿਲਕੇ ਉਨਾਂ ਦੀਆਂ ਜੋ ਦਰਪੇਸ਼ ਮੁਸ਼ਕਿਲਾਂ ਹੱਲ ਉਨਾਂ ਦਾ ਹੱਲ ਕੀਤਾ ਜਾਵੇ।

ਉਨਾਂ ਕਿਹਾ ਕਿ ਹਲਕਾ ਬਟਾਲਾ ਅਤੇ ਖਾਸਕਰਕੇ ਸ਼ਹਿਰ ਬਟਾਲਾ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾ ਰਹੀਆਂ ਹਨ ਅਤੇ ਵੱਖ-ਵੱਖ ਵਿਕਾਸ ਕੰਮ ਲੋਕਹਿੱਤ ਵਿੱਚ ਕਰਵਾਏ ਜਾ ਰਹੇ ਹਨ।

ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਦੱਸਿਆ ਕਿ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਅਤੇ ਟਰੈਫਿਕ ਦੀ ਸਮੱਸਿਆ ਨੂੰ ਮੁੱਖ ਰੱਖਦਿਆਂ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸਹੂਲਤਾਂ ਦੇਣ ਦੇ ਮਕਸਦ ਨਾਲ ਨਵਾਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਈ ਗਈ ਹ, ਜਿਥੇ ਰੋਜ਼ਾਨਾ ਵੱਡੀ ਗਿਣਤੀ ਵਿੱਚ ਲੋਕ ਵੱਖ ਵੱਖ ਸੇਵਾਵਾਂ ਦਾ ਲਾਭ ਹਾਸਿਲ ਕਰ ਰਹੇ ਹਨ।

ਇਸ ਮੌਕੇ ਵਸੀਕਾ ਨਵੀਸ ਯੂਨੀਅਨ ਦੇ ਪ੍ਰਧਾਨ ਅਸ਼ਵਨੀ ਕੁਮਾਰ ਮਹਾਜਨ, ਬਲਦੇਵ ਰਾਜ ਪ੍ਰਧਾਨ ਅਤੇ ਸੁਨੀਲ ਕੁਮਾਰ ਸ਼ਰਮਾ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਜੋ ਸਾਡੇ ਨਾਲ ਵਾਅਦਾ ਕੀਤਾ ਗਿਆ ਸੀ, ਉਸਨੂੰ ਪੂਰਾ ਕੀਤਾ ਗਿਆ ਹੈ,

ਜਿਸ ਲਈ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਜਦ ਵੀ ਵਿਧਾਇਕ ਸ਼ੈਰੀ ਕਲਸੀ ਕੋਲ ਆਪਣੀਆਂ ਮੁਸ਼ਕਿਲਾਂ ਲੈ ਕੇ ਜਾਂਦੇ ਹਨ ਤਾਂ ਉਨ੍ਹਾਂ ਵਲੋਂ ਤੁਰੰਤ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਕਰ ਦਿੱਤੀਆਂ ਜਾਂਦੀਆਂ ਹਨ

। ਉਨ੍ਹਾਂ ਕਿਹਾ ਕਿ ਨਵੇਂ ਤਹਿਸੀਲ ਕੰਪਲੈਕਸ ਵਿੱਚ ਉਨ੍ਹਾਂ ਨੂੰ ਨਵੇਂ ਬੂਥ ਮਿਲ ਜਾਣ ਨਾਲ ਉਨ੍ਹਾਂ ਦਾ ਰੋਜ਼ਗਾਰ ਪਹਿਲਾਂ ਦੀ ਤਰ੍ਹਾਂ ਚੱਲਦਾ ਰਹੇਗਾ, ਜਿਸ ਲਈ ਉਹ ਪੂਰੀ ਯੂਨੀਅਨ ਵਲੋਂ ਉਨ੍ਹਾਂ ਦਾ ਧੰਨਵਾਦ ਕਰਦੇ ਹਨ।

ਇਸ ਮੌਕੇ ਦੀਪਕ ਕੁਮਾਰ, ਰਣਜੀਤ ਲੰਬੜਦਾਰ, ਬਲਜੀਤ ਰੰਧਾਵਾ, ਰਜੇਸ਼ ਕੁਮਾਰ ਮਹਾਜਨ, ਰਾਮ ਸਰੂਪ, ਰਵੀ ਕੁਮਾਰ, ਗੁਰਵਿੰਦਰ ਸਿੰਘ, ਕੁਨਾਲ ਸ਼ਰਮਾ ਅਤੇ ਵਿਨੋਦ ਕੁਮਾਰ ਆਦਿ ਮੌਜੂਦ ਸਨ।

# ਨਾਗਰਿਕ ਸੁਰੱਖਿਆ ਵਿਚ ਔਰਤਾਂ ਦੀ ਹਿੱਸੇਦਾਰੀ ਤੇ ਅਗਵਾਈ ਵਿਸ਼ੇ 'ਤੇ ਕੀਤਾ ਜਾਗਰੂਕ




**ਬਟਾਲਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਿਵਲ ਡਿਫੈਂਸ ਵਲੋਂ ਨਾਗਰਿਕ ਸੁਰੱਖਿਆ ਵਿਚ ਔਰਤਾਂ ਦੀ ਹਿੱਸੇਦਾਰੀ ਤੇ ਅਗਵਾਈ 'ਤੇ 471ਵਾਂ ਜਾਗਰੂਕਤਾ ਕੈਂਪ ਰਾਣੀ ਝਾਂਸੀ ਲੇਡੀਜ਼ ਵੈਲਫੇਅਰ ਸੁਸਾਇਟੀ ਵਲੋਂ ਲਗਾਇਆ ਗਿਆ।

ਇਸ ਮੌਕੇ ਪੋਸਟ ਵਾਰਡਨ ਹਰਬਖਸ਼ ਸਿੰਘ, ਸੀਡੀ ਵਲੰਟੀਅਰ ਮਨਿੰਦਰ ਕੌਰ, ਡਿਸਟ੍ਰਿਕ ਪ੍ਰੋਜੈਕਟ ਇੰਚਾਰਜ ਸੰਤੋਸ਼ ਕੁਮਾਰੀ, ਵਕੇਸ਼ਨਲ ਟ੍ਰੇਨਰ ਪ੍ਰਮਪ੍ਰੀਤ ਕੌਰ ਤੇ ਸਰੋਜਬਾਲਾ ਦੇ ਨਾਲ ਸਿੱਖਿਆਰਥਣਾ ਹਾਜ਼ਰ ਸਨ।

ਇਸ ਮੌਕੇ ਪੋਸਟ ਵਾਰਡਨ ਹਰਬਖਸ਼ ਸਿੰਘ ਨੇ ਦਸਿਆ ਕਿ ਆਫਤਾਂ ਨੂੰ ਨਜਿੱਠਣ ਲਈ ਔਰਤਾਂ ਦੀ ਹਿੱਸੇਦਾਰੀ ਤੇ ਅਗਵਾਈ ਕਰਨ ਲਈ ਯੋਗ ਹੋਣੀਆਂ ਚਾਹੀਦੀਆਂ ਹਨ ਕਿਉਕਿ ਕਿਸੇ ਵੀ ਆਫਤ ਜਾਂ ਹਾਦਸੇ ਦਾ ਅਸਰ ਸਭ ਤੋਂ ਵੱਧ ਬੱਚਿਆਂ ਤੇ ਔਰਤਾਂ 'ਤੇ ਪੈਂਦਾ ਹੈ।

ਇਸ ਮੌਕੇ ਛੋਟੇ ਹਾਦਸਿਆਂ ਵਿੱਚ ਸਾਹ ਘੁੱਟਣ (ਚੌਂਕ) ਕਰਕੇ ਕਿਵੇਂ ਜਾਨ ਦਾ ਖ਼ਤਰਾ ਬਣ ਜਾਂਦਾ ਹੈ, ਇਸ ਮੌਕੇ ਕੀ ਕਰੀਏ-ਕੀ ਨਾ ਕਰੀਏ ਬਾਰੇ ਦਸਿਆ ਗਿਆ। ਹਾਜ਼ਰ ਸਾਰਿਆ ਪਾਸੋ ਰਿਕਵਰੀ ਪੋਜੀਸ਼ਨ ਤੇ ਹੀਟ ਵੇਵ ਸੁਰੱਖਿਆ ਦਾ ਅਭਿਆਸ ਵੀ ਕਰਵਾਇਆ।

ਇਸ ਤੋਂ ਬਾਅਦ ਵਿਚ ਸੀਡੀ ਵਲੰਟੀਅਰ ਮਨਿੰਦਰ ਕੌਰ ਵਲੋਂ ਦਸਿਆ ਗਿਆ ਕਿ ਨਾਗਰਿਕ ਸੁਰੱਖਿਆ ਦੇ ਗੁਰ ਸਿੱਖ ਕੇ ਕਿਵੇਂ ਕਿਸੇ ਵੀ ਅਣਸੁਖਾਵੀ ਘਟਨਾ ਮੌਕੇ ਕੀਮਤੀ ਜਾਨ ਬਚਾਈ ਜਾ ਸਕਦੀ ਇਸ ਬਾਰੇ ਸਾਂਝ ਪਾਉਂਦੇ ਹੋਏ ਰਾਸ਼ਟਰੀ ਸਹਾਇਤਾ ਨੰਬਰ 112-ਐਪ ਬਾਰੇ ਦਸਿਆ। ਇਸ ਐਪ ਨੂੰ ਆਪਣੇ ਮੋਬਾਇਲ ਵਿਚ ਵੀ ਸੇਫ ਕਰੋ। ਉਹਨਾਂ ਵਲੋਂ ਸਿਵਲ ਡਿਫੈਂਸ ਦੇ ਮੈਂਬਰ ਬਨਣ ਲਈ ਵੀ ਪ੍ਰੇਰਿਤ ਕੀਤਾ। ਕਿੱਤਾ ਹੁਨਰ ਦੇ ਨਾਲ ਆਪਣੀ ਨਾਗਰਿਕ ਸੁਰੱਖਿਆ ਦੇ ਗੁਰ ਪਹਿਲ ਦੇ ਆਧਾਰ ਤੇ ਸਿਖਣੇ ਜਰੂਰ ਹਨ।

ਆਖਰ ਵਿਚ ਸਮੂਹ ਹਾਜ਼ਰੀਨ ਵਲੋਂ ਟੀਮ ਸਿਵਲ ਡਿਫੈਂਸ ਦਾ ਧੰਨਵਾਦ ਕੀਤਾ ਤੇ ਅਗਾਂਹ ਵੀ ਜਾਗਰੂਕਤਾ ਕਰਨ ਲਈ ਕਿਹਾ।

# ਜ਼ਿਲ੍ਹਾ ਪ੍ਰਸ਼ਾਸਨ ਨੇ ਹੜ੍ਹ ਪ੍ਰਬੰਧਨ ਦੀਆਂ ਤਿਆਰੀਆਂ ਤੇਜ਼ ਕੀਤੀਆਂ

**ਹੁਸ਼ਿਆਰਪੁਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਸੰਭਾਵਿਤ ਹੜ੍ਹ ਦੀ ਸਥਿਤੀ ਨਾਲ ਨਜਿੱਠਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਆਪਣੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਇਸ ਸਬੰਧੀ ਵੀਰਵਾਰ ਨੂੰ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿੱਚ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਦੀ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਦੀ ਅਗਵਾਈ ਜ਼ਿਲ੍ਹਾ ਮਾਲ ਅਧਿਕਾਰੀ-ਕਮ-ਨੋਡਲ ਅਧਿਕਾਰੀ (ਹੜ੍ਹ ਪ੍ਰਬੰਧਨ) ਅਮਨਦੀਪ ਚਾਵਲਾ ਨੇ ਕੀਤੀ।



ਮੀਟਿੰਗ ਨੂੰ ਸੰਬੋਧਨ ਕਰਦਿਆਂ ਅਮਨਦੀਪ ਚਾਵਲਾ ਨੇ ਕਿਹਾ ਕਿ ਬਰਸਾਤ ਦਾ ਮੌਸਮ ਸ਼ੁਰੂ ਹੋ ਚੁੱਕਾ ਹੈ, ਇਸ ਲਈ ਸਾਰੇ ਸਬੰਧਤ ਵਿਭਾਗ ਸਮੇਂ ਸਿਰ ਆਪਣੀਆਂ ਤਿਆਰੀਆਂ ਮੁਕੰਮਲ ਕਰ ਲੈਣ ਤਾਂ ਜੋ ਕਿਸੇ ਵੀ ਐਮਰਜੈਂਸੀ ਸਥਿਤੀ ਦਾ ਪ੍ਰਭਾਵਸ਼ਾਲੀ ਢੰਗ ਨਾਲ ਸਾਹਮਣਾ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਦੇ ਕਮਰਾ ਨੰਬਰ 138 ਵਿੱਚ ਹੜ੍ਹ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ ਅਤੇ ਇਸ ਦਾ ਹੈਲਪਲਾਈਨ ਨੰਬਰ 01882-220412 ਹੈ।

ਉਨ੍ਹਾਂ ਨਿਰਦੇਸ਼ ਦਿੱਤੇ ਕਿ ਉਪ-ਮੰਡਲ ਪੱਧਰ 'ਤੇ ਕਿਸ਼ਤੀਆਂ ਸਮੇਤ ਹੋਰ ਲੋੜੀਂਦੇ ਸਰੋਤਾਂ ਦੀ ਉਪਲਬੱਧਤਾ ਯਕੀਨੀ ਬਣਾਈ ਜਾਵੇ। ਜੇਕਰ ਕੋਈ ਕਿਸ਼ਤੀ ਖ਼ਰਾਬ ਹੈ ਤਾਂ ਉਸ ਦੀ ਮੁਰੰਮਤ ਨੂੰ ਤਰਜੀਹੀ ਆਧਾਰ 'ਤੇ ਕਰਵਾਇਆ ਜਾਵੇ। ਇਸ ਤੋਂ ਇਲਾਵਾ ਗੋਤਾਖੋਰਾਂ ਦੀ ਪਛਾਣ ਵੀ ਪਹਿਲਾਂ ਹੀ ਕਰ ਲਈ ਜਾਵੇ। ਉਨ੍ਹਾਂ ਕਿਹਾ ਕਿ ਤਹਿਸੀਲ ਪੱਧਰ 'ਤੇ ਵੀ ਹੜ੍ਹ ਕੰਟਰੋਲ ਰੂਮ ਸਥਾਪਿਤ ਕਰਕੇ ਇਸ ਦੀ ਜਾਣਕਾਰੀ ਡਿਪਟੀ ਕਮਿਸ਼ਨਰ ਦਫ਼ਤਰ ਨੂੰ ਦਿੱਤੀ ਜਾਵੇ।

ਉਨ੍ਹਾਂ ਸਿਵਲ ਸਰਜਨ ਨੂੰ ਲੋੜੀਂਦੀਆਂ ਦਵਾਈਆਂ ਅਤੇ ਸਿਹਤ ਸਬੰਧੀ ਤਿਆਰੀਆਂ ਮੁਕੰਮਲ ਰੱਖਣ, ਪਸ਼ੂ ਪਾਲਣ ਵਿਭਾਗ ਨੂੰ ਪਸ਼ੂਆਂ ਲਈ ਚਾਰੇ ਦੀ ਵਿਵਸਥਾ ਕਰਨ ਅਤੇ ਡਰੇਨੇਜ ਵਿਭਾਗ ਨੂੰ ਪਾਣੀ ਦੀ ਨਿਕਾਸੀ ਸਬੰਧੀ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਇਸ ਤੋਂ ਇਲਾਵਾ ਸਕੂਲ ਸਿੱਖਿਆ ਵਿਭਾਗ ਨੂੰ ਸਕੂਲ ਇਮਾਰਤਾਂ ਦੀ ਜਾਂਚ ਕਰਕੇ ਲੋੜੀਂਦੀਆਂ ਵਿਵਸਥਾਵਾਂ ਯਕੀਨੀ ਬਣਾਉਣ ਅਤੇ ਲੋਕ ਨਿਰਮਾਣ ਵਿਭਾਗ ਨੂੰ ਸੜਕਾਂ ਅਤੇ ਹੋਰ ਬੁਨਿਆਦੀ ਢਾਂਚੇ ਨਾਲ ਸਬੰਧਤ ਤਿਆਰੀਆਂ ਬਣਾਈ ਰੱਖਣ ਲਈ ਕਿਹਾ ਗਿਆ। ਉਨ੍ਹਾਂ ਹੋਰ ਸਾਰੇ ਵਿਭਾਗਾਂ ਨੂੰ ਵੀ ਪੂਰੀ ਚੌਕਸੀ ਅਤੇ ਆਪਸੀ ਤਾਲਮੇਲ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ।

ਅਮਨਦੀਪ ਚਾਵਲਾ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਪੱਸ਼ਟ ਨਿਰਦੇਸ਼ ਦਿੱਤੇ ਹਨ ਕਿ ਆਫ਼ਤ ਪ੍ਰਬੰਧਨ ਨਾਲ ਜੁੜੇ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਦਾ ਮੋਬਾਈਲ ਫੋਨ ਬੰਦ ਨਹੀਂ ਹੋਣਾ ਚਾਹੀਦਾ, ਤਾਂ ਜੋ ਲੋੜ ਪੈਣ 'ਤੇ ਤੁਰੰਤ ਸੰਪਰਕ ਸਥਾਪਿਤ ਕਰਕੇ ਰਾਹਤ ਅਤੇ ਬਚਾਅ ਕਾਰਜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਇਆ ਜਾ ਸਕੇ। ਇਸ ਮੌਕੇ 'ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਵਿਸ਼ੇਸ਼ ਗਹਿਰੀ ਸੁਧਾਈ: 25 ਜੂਨ ਤੋਂ ਘਰ ਘਰ ਜਾਣਗੇ : ਬੀ.ਐਲ.ਓ

**ਬਠਿੰਡਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਦੱਸਿਆ ਕਿ ਵਿਸ਼ੇਸ਼ ਗਹਿਰੀ ਸੁਧਾਈ (ਐਸ ਆਈ ਆਰ) 2026 ਤਹਿਤ ਬੂਥ ਲੈਵਲ ਅਫਸਰ (ਬੀ ਐਲ ਓ) 25 ਜੂਨ ਤੋਂ 24 ਜੁਲਾਈ 2026 ਤਕ ਘਰ ਘਰ ਜਾਣਗੇ।

ਇਸ ਗਹਿਰੀ ਸੁਧਾਈ ਦਾ ਉਦੇਸ਼ ਹਰ ਯੋਗ ਵੋਟਰ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨਾ ਅਤੇ ਹਰ ਅਯੋਗ ਵੋਟਰ ਨੂੰ ਵੋਟਰ ਸੂਚੀ ਵਿੱਚੋਂ ਬਾਹਰ ਕਰਨਾ ਅਤੇ ਵੋਟਰ ਸੂਚੀ ਨੂੰ ਅਪਡੇਟ ਕਰਨਾ ਹੈ। ਇਸ ਪ੍ਰਕਿਰਿਆ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ 25 ਜੂਨ 2026 ਤੋਂ 24 ਜੁਲਾਈ 2026 ਤੱਕ ਬੀ ਐਲ ਓ ਦੁਆਰਾ ਘਰ ਘਰ ਜਾ ਕੇ ਗਣਨਾ ਫਾਰਮ ਦੀਆਂ ਦੋ ਕਾਪੀਆਂ ਦਿੱਤੀਆਂ ਜਾਣਗੀਆਂ। ਫਾਰਮ ਵਿੱਚ ਵੋਟਰ ਦਾ ਨਾਮ, ਐਪਿਕ ਨੰਬਰ, ਪੁਰਾਣੀ ਫੋਟੋ ਆਦਿ ਕੁਝ ਜਾਣਕਾਰੀ ਪਹਿਲਾਂ ਤੋਂ ਹੀ ਭਰੀ ਹੋਵੇਗੀ। ਫਾਰਮ ਵਿੱਚ ਸਾਰੀ ਜਾਣਕਾਰੀ ਭਰਣ ਉਪਰੰਤ ਇੱਕ ਕਾਪੀ ਵੋਟਰ ਵਲੋਂ ਦਸਤਖ਼ਤ ਕਰਕੇ ਬੀ ਐਲ ਓ ਕੋਲ ਜਮ੍ਹਾਂ ਕਰਵਾਈ ਜਾਵੇਗੀ ਅਤੇ ਇੱਕ ਕਾਪੀ ਬੀ ਐਲ ਓ ਦੁਆਰਾ ਦਸਤਖ਼ਤ ਕਰਕੇ ਵੋਟਰ ਨੂੰ ਰਸੀਦ ਵਜੋਂ ਦਿੱਤੀ ਜਾਵੇਗੀ।

ਇਸ ਪ੍ਰਕਿਰਿਆ ਸਬੰਧੀ ਵੱਖ ਵੱਖ ਪੜਾਵਾਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ 24 ਜੁਲਾਈ 2026 ਤੱਕ ਪੋਲਿੰਗ ਸਟੇਸ਼ਨਾਂ ਦੀ ਰੈਸ਼ਨਲਾਈਜੇਸ਼ਨ (ਤਰਕ ਸੰਗਤ ਕਰਨਾ), 3 ਅਗਸਤ 2026 ਨੂੰ ਡਰਾਫਟ ਵੋਟਰ ਸੂਚੀ ਦਾ ਪ੍ਰਕਾਸ਼ਨ, 02 ਅਗਸਤ 2026 ਤੋਂ 02 ਸਤੰਬਰ 2026 ਤੱਕ ਦਾਅਵੇ ਅਤੇ ਇਤਰਾਜ਼ ਦਾਇਰ ਕਰਨ ਦੀ ਮਿਆਦ ਤੇ 03 ਅਗਸਤ 2026 ਤੋਂ 28 ਸਤੰਬਰ 2026 ਤੱਕ ਦਾਅਵੇ ਅਤੇ ਇਤਰਾਜ਼ਾਂ ਦਾ ਨਿਪਟਾਰਾ ਅਤੇ 1 ਅਕਤੂਬਰ 2026 ਨੂੰ ਅੰਤਿਮ ਵੋਟਰ ਸੂਚੀ ਦਾ ਪ੍ਰਕਾਸ਼ਨ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮੁੱਖ ਚੋਣ ਅਫਸਰ ਪੰਜਾਬ ਵੱਲੋਂ ਇੱਕ ਟੋਲ ਫ੍ਰੀ ਨੰਬਰ 1950 ਜਾਰੀ ਕੀਤਾ ਗਿਆ ਹੈ। ਓਹਨਾਂ ਸਮੂਹ ਜ਼ਿਲ੍ਹਾ ਵੋਟਰਾਂ ਨੂੰ ਅਪੀਲ ਕੀਤੀ ਕਿ ਇਸ ਗਹਿਰੀ ਸੁਧਾਈ ਦੀ ਪ੍ਰਕਿਰਿਆ ਨੂੰ ਸੁਚਾਰੂ ਰੂਪ ਵਿੱਚ ਨੇਪਰੇ ਚਾੜ੍ਹਨ ਲਈ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ ਅਤੇ ਹਰ ਵੋਟਰ ਆਪਣਾ ਗਣਨਾ ਫਾਰਮ ਜ਼ਰੂਰ ਭਰੇ।

# ਜੈਕਟਾਂ ਬਣਾਉਣ ਵਾਲੀ ਫੈਕਟਰੀ 'ਚ ਅੱਗ ਲੱਗੀ

**ਲੁਧਿਆਣਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਹੌਜ਼ਰੀ ਦਾ ਗੜ੍ਹ ਮੰਨੇ ਜਾਂਦੇ ਵੇਟਗੰਜ ਇਲਾਕੇ ਵਿੱਚ ਅੱਜ ਸ਼ਾਮ ਨੂੰ ਇੱਕ ਬਹੁ-ਮੰਜ਼ਿਲਾ ਜੈਕਟ ਬਣਾਉਣ ਵਾਲੀ ਫੈਕਟਰੀ ਵਿੱਚ ਅਚਾਨਕ ਭਿਆਨਕ ਅੱਗ ਲੱਗ ਗਈ। ਫੈਕਟਰੀ ਵਿੱਚ ਜੈਕਟਾਂ, ਸਵੈਟਰ ਅਤੇ ਹੋਰ ਤਿਆਰ ਹੋਜ਼ਰੀ ਦਾ ਵੱਡੀ ਮਾਤਰਾ ਵਿੱਚ ਸਟਾਕ ਰੱਖਿਆ ਹੋਇਆ ਸੀ। ਅੱਗ ਦੀਆਂ ਉੱਠਦੀਆਂ ਉੱਚੀਆਂ ਲਾਟਾਂ ਅਤੇ ਧੂੰਏਂ ਦੇ ਗੁਬਾਰ ਨੂੰ ਦੇਖ ਕੇ ਆਸ-ਪਾਸ ਦੀਆਂ ਫੈਕਟਰੀਆਂ ਵਿੱਚ ਕੰਮ ਕਰਦੇ ਕਾਰੀਗਰ ਤੇ ਮਜ਼ਦੂਰ ਆਪਣੀ ਜਾਨ ਬਚਾਉਣ ਲਈ ਬਾਹਰ ਭੱਜੇ। ਫੈਕਟਰੀ ਮਾਲਕਾਂ ਨੇ ਤੁਰੰਤ ਇਸ ਦੀ ਸੂਚਨਾ ਫਾਇਰ ਬ੍ਰਿਗੇਡ ਨੂੰ ਦਿੱਤੀ, ਜਿਸ ਤੋਂ ਬਾਅਦ ਅੱਗ ਬੁਝਾਊ ਵਿਭਾਗ ਦੀਆਂ ਕਰੀਬ 15 ਗੱਡੀਆਂ ਨੇ ਮੌਕੇ 'ਤੇ ਪਹੁੰਚ ਕੇ ਬੜੀ ਮੁਸ਼ਕਲ ਨਾਲ ਅੱਗ 'ਤੇ ਕਾਬੂ ਪਾਇਆ।

ਜਾਣਕਾਰੀ ਅਨੁਸਾਰ ਮਾਧੋਪੁਰ ਨੇੜੇ ਤਿਲਕ ਨਗਰ ਸਥਿਤ 'ਐਮ ਜੇ ਵਿਆਸ ਫੈਕਟਰੀ' ਵਿੱਚ ਸ਼ਾਮੀਂ ਕਰੀਬ ਸਵਾ ਪੰਜ ਵਜੇ ਦੂਜੀ ਮੰਜ਼ਿਲ 'ਤੇ ਅਚਾਨਕ ਅੱਗ ਲੱਗ ਗਈ। ਦੇਖਦਿਆਂ ਹੀ ਦੇਖਦਿਆਂ ਕੁਝ ਹੀ ਮਿੰਟਾਂ ਵਿੱਚ ਅੱਗ ਨੇ ਭਿਆਨਕ ਰੂਪ ਧਾਰ ਲਿਆ ਅਤੇ ਇਹ ਦੂਜੀ ਮੰਜ਼ਿਲ ਤੋਂ ਹੁੰਦੀ ਹੋਈ ਤੀਜੀ ਮੰਜ਼ਿਲ ਤੱਕ ਫੈਲ ਗਈ। ਫੈਕਟਰੀ ਮਾਲਕ ਦੇ ਭਰਾ ਰਾਜਨ ਵਿਆਸ ਨੇ ਦੱਸਿਆ ਕਿ ਸ਼ਾਮ ਵੇਲੇ ਸਭ ਕੁਝ ਠੀਕ-ਠਾਕ ਚੱਲ ਰਿਹਾ ਸੀ। ਉਹ ਖ਼ੁਦ ਸਾਹਮਣੇ ਵਾਲੀ ਫੈਕਟਰੀ ਵਿੱਚ ਮੌਜੂਦ ਸੀ, ਜਦੋਂ ਅਚਾਨਕ ਸ਼ਾਰਟ-ਸਰਕਟ ਹੋਣ ਕਾਰਨ ਅੱਗ ਲੱਗ ਗਈ। ਉਹ ਤੁਰੰਤ ਗੋਦਾਮ ਵੱਲ ਭੱਜੇ ਅਤੇ ਉੱਥੇ ਰੱਖੇ ਫਾਇਰ ਸੇਫਟੀ ਉਪਕਰਨਾਂ ਦੀ ਵਰਤੋਂ ਕਰ ਕੇ ਅੱਗ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਲਾਟਾਂ ਇੰਨੀਆਂ ਤੇਜ਼ ਸਨ ਕਿ ਸਭ ਸੜ ਕੇ ਸੁਆਹ ਹੋ ਗਿਆ।

ਉਨ੍ਹਾਂ ਦੱਸਿਆ ਕਿ ਕੁਝ ਤਿਆਰ ਮਾਲ ਤਾਂ ਮੁਸ਼ਕਲ ਨਾਲ ਬਾਹਰ ਕੱਢ ਲਿਆ ਗਿਆ ਪਰ ਵੱਡੀ ਮਾਤਰਾ ਵਿੱਚ ਜੈਕਟਾਂ ਅਤੇ ਹੋਰ ਕੀਮਤੀ ਸਾਮਾਨ ਅੰਦਰ ਹੀ ਸੜ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਸਾਰੇ ਪ੍ਰਸ਼ਾਸਨਿਕ ਹੈਲਪਲਾਈਨ ਨੰਬਰਾਂ 'ਤੇ ਫੋਨ ਕੀਤੇ ਗਏ ਪਰ ਤੁਰੰਤ ਕੋਈ ਹੁੰਗਾਰਾ ਨਹੀਂ ਮਿਲਿਆ ਅਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਵੀ ਕਰੀਬ 20 ਮਿੰਟ ਦੇਰੀ ਨਾਲ ਪਹੁੰਚੀਆਂ।

ਮੌਕੇ 'ਤੇ ਪਹੁੰਚੇ ਫਾਇਰ ਬ੍ਰਿਗੇਡ ਦੇ ਅਧਿਕਾਰੀ ਆਤਿਸ਼ ਰਾਏ ਨੇ ਦੱਸਿਆ ਕਿ ਅੱਗ ਲੱਗਣ ਦੀ ਸੂਚਨਾ ਮਿਲਦਿਆਂ ਹੀ ਗੱਡੀਆਂ ਨੂੰ ਰਵਾਨਾ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਲਾਕੇ ਦੀਆਂ ਗਲੀਆਂ ਬਹੁਤ ਤੰਗ ਹੋਣ ਕਾਰਨ ਫਾਇਰ ਟੈਂਡਰਾਂ ਨੂੰ ਅੰਦਰ ਲਿਜਾਣ ਅਤੇ ਅੱਗ ਬੁਝਾਉਣ ਵਿੱਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।

ਹਾਲਾਤ ਨੂੰ ਦੇਖਦਿਆਂ ਫਾਇਰ ਬ੍ਰਿਗੇਡ ਕਰਮਚਾਰੀਆਂ ਨੂੰ ਆਸ-ਪਾਸ ਦੀਆਂ ਇਮਾਰਤਾਂ ਦੀਆਂ ਛੱਤਾਂ 'ਤੇ ਚੜ੍ਹ ਕੇ ਪਾਣੀ ਦੀਆਂ ਬੌਛਾਰਾਂ ਮਾਰਨੀਆਂ ਪਈਆਂਵਾਰਦਾਤ ਦੀ ਸੂਚਨਾ ਮਿਲਦਿਆਂ ਹੀ ਥਾਣਾ ਡਿਵੀਜ਼ਨ ਨੰਬਰ 3 ਦੇ ਮੁੱਖ ਅਫ਼ਸਰ ਇੰਸਪੈਕਟਰ ਗੁਰਜੀਤ ਸਿੰਘ ਪੁਲੀਸ ਫੋਰਸ ਸਣੇ ਮੌਕੇ 'ਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ।ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਰਾਹਤ ਵਾਲੀ ਗੱਲ ਇਹ ਰਹੀ ਕਿ ਹਾਦਸੇ ਸਮੇਂ ਫੈਕਟਰੀ ਦੇ ਅੰਦਰ ਕੋਈ ਵੀ ਵਰਕਰ ਜਾਂ ਮਜ਼ਦੂਰ ਮੌਜੂਦ ਨਹੀਂ ਸੀ, ਜਿਸ ਕਾਰਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਫਿਲਹਾਲ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ਅਤੇ ਅੱਗ ਬੁਝਾ ਦਿੱਤੀ ਗਈ ਹੈ। ਨੁਕਸਾਨ ਦਾ ਜਾਇਜ਼ਾ ਲਿਆ ਜਾ ਰਿਹਾ ਹੈ।

ਇੱਥੇ ਕੱਚਾ ਮਲਕ ਰੋਡ 'ਤੇ ਸਥਿਤ ਸੁੰਦਰ ਨਗਰ ਵਿੱਚ ਲੱਕੜ ਅਤੇ ਕੋਲੇ ਨਾਲ ਭਰੇ ਸਟੋਰ 'ਚ ਅਚਾਨਕ ਅੱਗ ਲੱਗ ਗਈ। ਜਦੋਂ ਸਵੇਰੇ ਮੁਹੱਲਾ ਵਾਸੀਆਂ ਨੇ ਅੱਗ ਦੀਆਂ ਲਾਟਾਂ ਦੇਖੀਆਂ ਤਾਂ ਤੁਰੰਤ ਪੁਲੀਸ ਚੌਕੀ ਬੱਸ ਅੱਡਾ ਨੂੰ ਸੂਚਿਤ ਕੀਤਾ। ਮੌਕੇ 'ਤੇ ਪੁਲੀਸ ਪਾਰਟੀ ਅਤੇ ਨਗਰ ਕੌਂਸਲ ਦਾ ਅੱਗ ਬੁਝਾਊ ਅਮਲਾ ਗੱਡੀਆਂ ਲੈ ਕੇ ਪਹੁੰਚਿਆ। ਘੰਟਿਆਂ ਬੱਧੀ ਯਤਨਾਂ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ ਪਰ ਉਦੋਂ ਤੱਕ ਗੁਦਾਮ 'ਚ ਪਈ ਸੁੱਕੀ ਲੱਕੜ ਅਤੇ ਕੋਲਾ ਸੜ ਚੁੱਕੇ ਸਨ।

ਗੁਦਾਮ ਵਿੱਚੋਂ ਭਾਰੀ ਮਾਤਰਾ 'ਚ ਗੈਸ ਸਿਲੰਡਰ ਵੀ ਮਿਲੇ ਹਨ। ਆਸੇ-ਪਾਸੇ ਰਹਿਣ ਵਾਲੇ ਲੋਕਾਂ ਨੇ ਦੱਸਿਆ ਕਿ ਗੁਦਾਮ ਦਾ ਮਾਲਕ ਮੈਰਿਜ ਪੈਲੇਸਾਂ ਨੂੰ ਗੈਸ, ਲੱਕੜ ਦੇ ਗੁੱਲੇ ਅਤੇ ਕੋਲੇ ਦੀ ਵੱਡੀ ਪੱਧਰ 'ਤੇ ਸਪਲਾਈ ਕਰਦਾ ਹੈ। ਗੁਦਾਮ 'ਚੋਂ ਲੋਕਾਂ ਅਤੇ ਅੱਗ ਬੁਝਾਊ ਅਮਲੇ ਨੇ ਕਰੀਬ 25 ਗੈਸ ਸਿਲੰਡਰ ਬਾਹਰ ਕੱਢੇ, ਜਿਸ ਕਾਰਨ ਵੱਡਾ ਹਾਦਸਾ ਟਲ ਗਿਆ। ਲੋਕਾਂ ਨੇ ਪੁਲੀਸ ਕੋਲ ਸ਼ਿਕਾਇਤ ਕੀਤੀ ਕਿ ਉਨ੍ਹਾਂ ਕਈ ਵਾਰ ਇੱਥੋਂ ਗੁਦਾਮ ਚੁੱਕਣ ਲਈ ਪ੍ਰਸ਼ਾਸਨ ਨੂੰ ਜਾਣੂ ਕਰਵਾਇਆ ਹੈ। ਚੌਕੀ ਇੰਚਾਰਜ ਸਹਾਇਕ ਸਬ-ਇੰਸਪੈਕਟਰ ਆਤਮਾ ਸਿੰਘ ਨੇ ਕਿਹਾ ਕਿ ਅੱਗ 'ਤੇ ਕਾਬੂ ਪੈਣ ਨਾਲ ਵੱਡਾ ਹਾਦਸਾ ਟਲ ਗਿਆ ਹੈ। ਗੁਦਾਮ ਵਿੱਚ ਪਏ ਸਿਲੰਡਰਾਂ ਬਾਰੇ ਪੁੱਛ-ਗਿੱਛ ਕੀਤੀ ਜਾਵੇਗੀ।

# ਸਾਰੀਆਂ ਯੋਗ ਮਹਿਲਾਵਾਂ ਨੂੰ ਮਿਲੇਗਾ ਮਾਵਾਂ-ਧੀਆਂ ਸਤਿਕਾਰ ਯੋਜਨਾ ਦਾ ਲਾਭ : ਵਿਧਾਇਕ ਬ੍ਰਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮਹੱਤਵਪੂਰਨ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਸਾਰੀਆਂ ਯੋਗ ਮਹਿਲਾਵਾਂ ਨੂੰ ਲਾਭ ਮਿਲੇਗਾ । ਉਨ੍ਹਾਂ ਕਿਹਾ ਕਿ ਇਸ ਯੋਜਨਾ ਨੂੰ ਲੈ ਕੇ ਮਹਿਲਾਵਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਅਤੇ ਵੱਡੀ ਗਿਣਤੀ ਵਿੱਚ ਮਹਿਲਾਵਾਂ ਆਪਣੀ ਰਜਿਸਟ੍ਰੇਸ਼ਨ ਕਰਵਾ ਰਹੀਆਂ ਹਨ।ਵਿਧਾਇਕ ਜਿੰਪਾ ਨੇ ਦੱਸਿਆ ਕਿ ਸਤਿਕਾਰ ਸਖੀਆਂ ਦੇ ਜ਼ਰੀਏ ਮਹਿਲਾਵਾਂ ਦੇ ਫਾਰਮ ਭਰੇ ਜਾ ਰਹੇ ਹਨ ਅਤੇ ਪੂਰੀ ਪ੍ਰਕਿਰਿਆ ਸੁਚਾਰੂ ਢੰਗ ਨਾਲ ਚੱਲ ਰਹੀ ਹੈ। ਉਨ੍ਹਾਂ ਮਹਿਲਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਕਿਸੇ ਵੀ ਤਰ੍ਹਾਂ ਦੀ ਚਿੰਤਾ ਜਾਂ ਘਬਰਾਹਟ ਨਾ ਕਰਨ, ਕਿਉਂਕਿ ਪੰਜਾਬ ਸਰਕਾਰ ਵੱਲੋਂ ਹਰ ਯੋਗ ਨੂੰ ਸਕੀਮ ਤਹਿਤ ਲਾਭ ਦਿੱਤਾ ਜਾਵੇਗਾ । ਉਨ੍ਹਾਂ ਕਿਹਾ ਕਿ ਜੇਕਰ ਕਿਸੇ ਮਹਿਲਾ ਦਾ ਫਾਰਮ ਕਿਸੇ ਕਾਰਨ ਕਰਕੇ ਦੇਰੀ ਨਾਲ ਭਰਿਆ ਗਿਆ ਹੈ ਤਾਂ ਵੀ ਉਸ ਨੂੰ ਹੋਰ ਲਾਭਪਾਤਰੀਆਂ ਵਾਂਗ ਵਿੱਤੀ ਸਹਾਇਤਾ ਬਰਾਬਰ ਤੌਰ 'ਤੇ ਮਿਲੇਗੀ। ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਅਧੀਨ 18 ਸਾਲ ਤੋਂ ਵੱਧ ਉਮਰ ਦੀਆਂ ਹੋਰ ਸਾਰੀਆਂ ਸ਼੍ਰੇਣੀਆਂ ਦੀਆਂ ਮਹਿਲਾਵਾਂ ਨੂੰ ਪ੍ਰਤੀ ਮਹੀਨਾ 1,000 ਰੁਪਏ ਅਤੇ ਅਨੁਸੂਚਿਤ ਜਾਤੀ ਵਰਗ ਦੀਆਂ ਮਹਿਲਾਵਾਂ ਨੂੰ 1,500 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਆਮ ਲੋਕਾਂ, ਖ਼ਾਸ ਕਰਕੇ ਗਰੀਬ ਪਰਿਵਾਰਾਂ ਲਈ ਇਹ ਰਕਮ ਬਹੁਤ ਮਹੱਤਵਪੂਰਨ ਹੈ। ਇਹ ਵਿੱਤੀ ਸਹਾਇਤਾ ਕੇਵਲ ਇੱਕ ਯੋਜਨਾ ਨਹੀਂ, ਸਗੋਂ ਮਾਵਾਂ ਅਤੇ ਧੀਆਂ ਦੇ ਸਨਮਾਨ ਦਾ ਪ੍ਰਤੀਕ ਹੈ।

# ਇਲਾਕੇ ਦੀ ਤਰੱਕੀ ਲਈ ਕੀਤੀ ਅਰਦਾਸ



**ਫਾਜ਼ਿਲਕਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਾਲ ਸਿੰਘ ਸਵਨਾ ਨੇ ਪਿੰਡ ਗੁਲਾਬਾ ਾਣੀ ਵਿਖੇ ਭਾਰਤ ਪਾਕਿਸਤਾਨ ਸਰਹੱਦ ਤੇ ਸਥਿਤ ਪੀਰ ਬਾਬਾ ਬੁਰਜੀ ਵਾਲੇ ਜੀ ੀ ਦਰਗਾਹ ਤੇ ਸਲਾਨਾ ਮੇਲੇ ਦੌਰਾਨ ਾਰਿਵਾਰ ਸਮੇਤ ਮੱਥਾ ਟੇਕਿਆ ਅਤੇ ਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ੀਤਾ। ਇਸ ਮੌਕੇ ਉਨਾਂ ਦੀ ਧਰਮ ਤਨੀ ਸ਼੍ਰੀਮਤੀ ਖੁਸ਼ਬੂ ਸਾਵਨਸੁਖਾ ਵਨਾ ਉਹਨਾਂ ਦੇ ਨਾਲ ਮੌਜੂਦ ਸਨ।

ਇਸ ਦੌਰਾਨ ਉਨ੍ਹਾਂ ਸਰਬੱਤ ੇ ਭਲੇ ਅਤੇ ਸ਼ਾਂਤੀ ਲਈ ਅਰਦਾਸ ੀਤੀ ਅਤੇ ਇਲਾਕਾ ਵਾਸੀਆਂ ਨੂੰ ਆਪਸੀ ਭਾਈਚਾਰੇ ਦਾ ਸੁਨੇਹਾ ਦਿੱਤਾ। ਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਇਹ ਮੇਲਾ ਹਰ ਸਾਲ ਬੜੀ ਸ਼ਰਧਾ ਅਤੇ ਮ ਧਾਮ ਨਾਲ ਮਨਾਇਆ ਜਾਂਦਾ ਹੈ ਤੇ ਆਪਣੇ ਆਪ ਨੂੰ ਬੜਾ ਭਾਗਾਂ ਵਾਲਾ ਮੰਨਦੇ ਹਨ ਕਿ ਅੱਜ ਭਾਗਾਂ ਨਾਲ ਪੀਰ ਬਾਬਾ ਜੀ ਦੀ ਦਰਗਾਹ ਤੇ ਅਸ਼ੀਰਵਾਦ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ, ਜਿੱਥੇ ਉਨ੍ਹਾਂ ਦੀ ਅਪਾਰ ਕਿਰਪਾ ਸਦਕਾ ਪੰਜਾਬ ਤਰੱਕੀ ਦੀਆਂ ਬੁਲੰਦੀਆਂ @ਤੇ ਹੈ। ਉਨ੍ਹਾਂ ਕਿ ਆਓ ਅਸੀਂ ਸਾਰੇ ਬਾਬਾ ਜੀ ਦੀ ਦਰਗਾਹ ਤੇ ਅਰਦਾਸ ਕਰੀਏ ਕਿ ਸਮੂਹ ਜਗਤ ਤੇ ਮਿਹਰ ਭਰਿਆ ਹੱਥ ਰੱਖਣ ਤੇ ਇਲਾਕੇ ਨੂੰ ਹੋਰ ਤਰੱਕੀ ਬਖਸ਼ਣ!

ਇਸ ਮੌਕੇ ਜ਼ਿਲ੍ਹਾ ਪ੍ਰਸ਼ਿਦ ਮੈਂਬਰ ਅਮਿਤ ਰਿਣਵਾ, ਬਲਾਕ ਪ੍ਰਧਾਨ ਸੋਮਾ ਰਾਣੀ, ਸਰਪੰਚ ਸੁਭਾਸ਼ ਸਿੰਘ, ਸਰਪੰਚ ਬਲਵੰਤ ਸਿੰਘ, ਸਰਪੰਚ ਚੰਨ ਸਿੰਘ, ਸਰਪੰਚ ਰਮੇਸ਼ ਸਿੰਘ, ਸਾਬਕਾ ਸਰਪੰਚ ਬਚਨ ਸਿੰਘ, ਸਾਬਕਾ ਸਰਪੰਚ ਬੱਗੂ ਸਿੰਘ, ਸਰਪੰਚ ਬਲਵਿੰਦਰ ਸਿੰਘ ਅਤੇ ਸਰਪੰਚ ਜਰਨੈਲ ਸਿੰਘ ਵੀ ਮੌਜੂਦ ਸਨ!

# ਪ੍ਰੇਮੀ ਜੋੜੇ ਨੇ ਨਹਿਰ ਵਿੱਚ ਮਾਰੀ ਛਾਲ

**ਲੁਧਿਆਣਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੂੰਮ ਕਲਾਂ ਪੁਲੀਸ ਨੇ ਇੱਕ ਅਜਿਹੀ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਜਿਸ ਵਿੱਚ ਇੱਕ ਲੜਕੇ ਅਤੇ ਉਸ ਦੀ ਪ੍ਰੇਮਿਕਾ ਨੇ ਲੜਕੀ ਦੇ ਪਰਿਵਾਰਕ ਮੈਂਬਰਾਂ ਤੋਂ ਬਚਣ ਲਈ ਨਹਿਰ ਵਿੱਚ ਛਾਲ ਮਾਰ ਦਿੱਤੀ। ਇਹ ਘਟਨਾ ਉਦੋਂ ਵਾਪਰੀ ਜਦੋਂ ਚੰਦੜ ਪਿੰਡ ਦਾ ਹਰਮਨਦੀਪ ਸਿੰਘ ਹਾਲ ਹੀ ਵਿੱਚ ਆਪਣੀ ਪ੍ਰੇਮਿਕਾ ਨਾਲ ਮੋਟਰਸਾਈਕਲ 'ਤੇ ਜਾ ਰਿਹਾ ਸੀ ਅਤੇ ਨੀਲੋਂ ਪਿੰਡ ਨੇੜੇ ਸਰਹਿੰਦ ਨਹਿਰ ਦੀ ਸਿੱਧਵਾਂ ਸ਼ਾਖਾ ਕੋਲ ਲੜਕੀ ਦੇ ਪਰਿਵਾਰ ਨਾਲ ਸਬੰਧਤ ਨੌਜਵਾਨਾਂ ਨੇ ਉਨ੍ਹਾਂ ਨੂੰ ਦੇਖ ਲਿਆ।

ਹਰਮਨਦੀਪ ਨੇ ਦਾਅਵਾ ਕੀਤਾ ਕਿ ਉਸਦੀ ਪ੍ਰੇਮਿਕਾ ਨੇ ਇੱਕ ਜ਼ਰੂਰੀ ਮੁੱਦੇ 'ਤੇ ਚਰਚਾ ਕਰਨ ਲਈ ਉਸ ਨੂੰ ਬੁਲਾਇਆ ਸੀ। ਉਸ ਨੇ ਵਿਆਹ ਕਰਨ ਤੋਂ ਇਨਕਾਰ ਕਰਨ ਦੀ ਸੂਰਤ ਵਿੱਚ ਨਹਿਰ ਵਿੱਚ ਛਾਲ ਮਾਰਨ ਦੀ ਧਮਕੀ ਦਿੱਤੀ ਸੀ। ਕਟਾਣੀ ਪਿੰਡ ਦੇ ਦੀਪੀ, ਸੁੱਖੀ ਅਤੇ ਰਵੀ ਸਮੇਤ ਇੱਕ ਅਣਪਛਾਤੇ ਸਾਥੀ ਵਜੋਂ ਪਛਾਣੇ ਗਏ ਨੌਜਵਾਨਾਂ ਨੇ ਦੋਵਾਂ ਨੂੰ ਰੋਕਿਆ।

# ਏ ਟੀ ਐਮ ਚੋਰੀ ਮਾਮਲਾ: ਦੋਵੇਂ ਮੁਲਜ਼ਮ ਲਖਨਊ ਤੋਂ ਕਾਬੂ

**ਲੁਧਿਆਣਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਪ੍ਰਤਾਪ ਚੌਕ ਇਲਾਕੇ ਵਿੱਚ ਸਥਿਤ ਬੈਂਕ ਆਫ ਬੜੌਦਾ ਦੇ ਏ ਟੀ ਐਮ ਚੋਰੀ ਮਾਮਲੇ ਨੂੰ ਸੁਲਝਾਉਂਦਿਆਂ ਥਾਣਾ ਡਿਵੀਜ਼ਨ ਨੰਬਰ 6 ਦੀ ਪੁਲੀਸ ਨੇ ਦੋ ਮੁਲਜ਼ਮਾਂ ਨੂੰ ਲਖਨਊ ਤੋਂ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਮੁਲਜ਼ਮਾਂ ਕੋਲੋਂ 13.75 ਲੱਖ ਰੁਪਏ ਬਰਾਮਦ ਕੀਤੇ ਹਨ।



ਇੱਕ ਮੁਲਜ਼ਮ ਦੀ ਪਛਾਣ ਕਪੂਰਥਲਾ ਦੇ ਆਲੋਵਾਲ ਵਾਸੀ ਸੁਧਾਂਸ਼ੂ ਮਹਾਜਨ, ਜਦਕਿ ਦੂਜੇ ਦੀ ਪਛਾਣ ਉੱਤਰ ਪ੍ਰਦੇਸ਼ ਦੇ ਅਮੇਠੀ ਜ਼ਿਲ੍ਹੇ ਦੇ ਗੌਰੀਗੰਜ ਵਾਸੀ ਵਸੀਮ ਖ਼ਾਨ ਉਰਫ਼ ਮੋਟੂ ਵਜੋਂ ਹੋਈ ਹੈ ਅਤੇ ਦੋਵੇਂ ਅੱਜ-ਕੱਲ੍ਹ ਢੋਲੇਵਾਲ ਰਹਿ ਰਹੇ ਸਨ। ਦੋਵਾਂ ਨੇ 12 ਅਤੇ 13 ਜੂਨ ਦੀ ਦਰਮਿਆਨੀ ਰਾਤ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਜਾਂਚ ਦੌਰਾਨ ਪਤਾ ਲੱਗਿਆ ਕਿ ਮੁਲਜ਼ਮ ਸੁਧਾਂਸ਼ੂ ਰਾਤ ਵੇਲੇ ਏ ਸੀ ਕਾਰਨ ਏ ਟੀ ਐਮ ਦੇ ਅੰਦਰ ਸੌਂ ਜਾਂਦਾ ਸੀ। ਆਰਥਿਕ ਤੰਗੀ ਨਾਲ ਜੂਝ ਰਹੇ ਸੁਧਾਂਸ਼ੂ ਨੂੰ ਜਦੋਂ ਦਿਹਾੜੀ ਮਿਲਣੀ ਬੰਦ ਹੋ ਗਈ ਤਾਂ ਉਸ ਨੇ ਵਸੀਮ ਨਾਲ ਮਿਲ ਕੇ ਸਾਜ਼ਿਸ਼ ਰਚੀ। ਮੁਲਜ਼ਮਾਂ ਨੇ ਕਿਸੇ ਗੈਸ ਕਟਰ ਜਾਂ ਆਧੁਨਿਕ ਔਜ਼ਾਰ ਦੀ ਵਰਤੋਂ ਕੀਤੇ ਬਿਨਾਂ ਹੀ ਏ ਟੀ ਐਮ ਦਾ ਲਾਕ ਖੋਲ੍ਹਿਆ ਅਤੇ ਅੰਦਰ ਪਏ 17.98 ਲੱਖ ਰੁਪਏ ਚੋਰੀ ਕੀਤੇ।

ਪੁੱਛ ਪੜਤਾਲ ਦੌਰਾਨ ਖੁਲਾਸਾ ਹੋਇਆ ਕਿ ਮੁਲਜ਼ਮ ਵਸੀਮ ਖ਼ਾਨ ਨੂੰ ਆਪਣੀ ਭੈਣ ਦੇ ਵਿਆਹ ਅਤੇ ਸੁਧਾਂਸ਼ੂ ਮਹਾਜਨ ਨੇ ਮਕਾਨ ਖ਼ਰੀਦਣ ਲਈ ਚੋਰੀ ਕੀਤੀ। ਚੋਰੀ ਦੀ ਰਕਮ ਆਪਸ ਵਿੱਚ ਵੰਡ ਕੇ ਦੋਵੇਂ ਲੁਧਿਆਣਾ ਰੇਲਵੇ ਸਟੇਸ਼ਨ ਤੋਂ ਰੇਲਗੱਡੀ ਰਾਹੀਂ ਲਖਨਊ ਫ਼ਰਾਰ ਹੋ ਗਏ। ਮਾਮਲੇ 'ਚ ਬੈਂਕ ਪ੍ਰਬੰਧਕਾਂ ਦੀ ਲਾਪ੍ਰਵਾਹੀ ਵੀ ਸਾਹਮਣੇ ਆਈ ਹੈ, ਜਿਨ੍ਹਾਂ ਸੁਰੱਖਿਆ ਦੇ ਕੋਈ ਪੁਖ਼ਤਾ ਇੰਤਜ਼ਾਮ ਨਹੀਂ ਕੀਤੇ ਸਨ।

# ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੰਜਾਬ ਸਰਕਾਰ ਵਚਨਬੱਧ : ਨਰਿੰਦਰਪਾਲ ਸਿੰਘ ਸਵਨਾ

**ਫਾਜ਼ਿਲਕਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਵਿਧਾਇਕ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਸਟੇਟ ਟਰੇਡਰ ਕਮਿਸ਼ਨ ਦੇ ਵਾਨ ਬਾਜ਼ਾਰ ਫ਼ਾਜ਼ਿਲਕਾ ਵਿਖੇ ਵਪਾਰੀਆ ਨਾਲ ਮੀਟਿੰਗ ਕੀਤੀ ਗਈ। ਜਿਸ ਦੌਰਾਨ ਵਪਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਸਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿੱਚ ਐਸ.ਡੀ.ਐਮ ਜੁਗਰਾਜ ਸਿੰਘ ਸਮੇਤ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀ ਵੀ ਮੌਜੂਦ ਰਹੇ।ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਵਿਧਾਇਕ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਪਾਰੀਆਂ ਦੀਆਂ ਜਾਇਜ਼ ਮੰਗਾਂ ਅਤੇ ਸਮੱਸਿਆਵਾਂ ਦੇ ਹੱਲ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸੇ ਤਹਿਤ ਹੀ ਉਹ ਦੁਕਾਨਦਾਰਾਂ/ਵਪਾਰੀਆਂ ਕੋਲ ਹੀ ਉਨ੍ਹਾਂ ਦੇ ਬਾਜ਼ਾਰਾਂ ਵਿੱਚ ਜਾ ਕੇ ਉਨ੍ਹਾਂ ਵਿੱਚ ਵਿਚਰ ਕੇ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਰਿਹਾ ਹੈ ਤੇ ਇਹ ਪ੍ਰੋਗਰਾਮ ਆਉਣ ਵਾਲੇ ਦਿਨਾਂ ਵਿੱਚ ਵੀ ਜਾਰੀ ਰਹਿਣਗੇ।ਇਸ ਮੌਕੇ ਵਪਾਰੀਆਂ ਨਾਲ ਸ਼ਹਿਰ ਦੇ ਵਿਕਾਸ ਕਾਰਜਾਂ, ਬਾਜ਼ਾਰਾਂ ਵਿੱਚ ਬੁਨਿਆਦੀ ਸਹੂਲਤਾਂ ਦੇ ਸੁਧਾਰ, ਟ੍ਰੈਫਿਕ ਪ੍ਰਬੰਧਨ,ਨਾਲ ਜੁੜੀਆਂ ਹੋਰ ਚੁਣੌਤੀਆਂ ਸਬੰਧੀ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ।




# ਮੇਅਰ ਮਹਿਤਾ ਵੱਲੋਂ ਗ੍ਰੀਨ ਸਿਟੀ ਰੋਡ 'ਤੇ ਨਵੀਆਂ ਸਟ੍ਰੀਟ ਲਾਈਟਾਂ ਦਾ ਉਦਘਾਟਨ

**ਬਠਿੰਡਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਰਡ ਨੰਬਰ 4 ਵਿੱਚ ਸਥਿਤ ਗ੍ਰੀਨ ਸਿਟੀ ਰੋਡ 'ਤੇ ਲਗਭਗ 10 ਲੱਖ ਰੁਪਏ ਦੀ ਲਾਗਤ ਨਾਲ ਲਗਾਈਆਂ ਗਈਆਂ ਨਵੀਆਂ ਸਟ੍ਰੀਟ ਲਾਈਟਾਂ ਦਾ ਉਦਘਾਟਨ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਸਵਿੱਚ ਆਨ ਕਰਕੇ ਕੀਤਾ। ਇਸ ਮੌਕੇ 'ਤੇ ਕੌਂਸਲਰ ਸ੍ਰੀ ਉਮੇਸ਼ ਗਰਗ 'ਗੋਗੀ', ਐਕਸੀਅਨ ਨਗਰ ਨਿਗਮ ਸ੍ਰੀ ਨੀਰਜ ਕੁਮਾਰ ਸਮੇਤ ਹੋਰ ਲੋਕ ਵੀ ਹਾਜ਼ਰ ਸਨ।

ਇਸ ਦੌਰਾਨ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕਿਹਾ ਕਿ ਸ਼ਹਿਰ ਦੇ ਸਾਰੇ ਵਾਰਡਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨਾ ਨਗਰ ਨਿਗਮ ਦੀ ਪ੍ਰਮੁੱਖ ਤਰਜੀਹ ਹੈ। ਗ੍ਰੀਨ ਸਿਟੀ ਰੋਡ 'ਤੇ ਨਵੀਆਂ ਸਟ੍ਰੀਟ ਲਾਈਟਾਂ ਲੱਗਣ ਨਾਲ ਇਲਾਕੇ ਵਿੱਚ ਰਾਤ ਦੇ ਸਮੇਂ ਆਵਾਜਾਈ ਹੋਰ ਵੀ ਸੁਰੱਖਿਅਤ ਅਤੇ ਸੁਵਿਧਾਜਨਕ ਹੋਵੇਗੀ। ਉਨ੍ਹਾਂ ਕਿਹਾ ਕਿ ਬਿਹਤਰ ਰੌਸ਼ਨੀ ਪ੍ਰਬੰਧ ਨਾਲ ਨਾ ਸਿਰਫ਼ ਸੜਕ ਹਾਦਸਿਆਂ ਵਿੱਚ ਕਮੀ ਆਵੇਗੀ, ਸਗੋਂ ਸਮਾਜ ਵਿਰੋਧੀ ਗਤੀਵਿਧੀਆਂ 'ਤੇ ਵੀ ਅੰਕੁਸ਼ ਲੱਗੇਗਾ।

ਮੇਅਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਵਿਕਾਸ ਕਾਰਜ ਲਗਾਤਾਰ ਅੱਗੇ ਵਧਾਏ ਜਾ ਰਹੇ ਹਨ ਅਤੇ ਲੋਕਾਂ ਦੀਆਂ ਲੋੜਾਂ ਅਨੁਸਾਰ ਨਵੀਆਂ ਯੋਜਨਾਵਾਂ ਵੀ ਤਿਆਰ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਸ਼ਹਿਰ ਦੀ ਸੁੰਦਰਤਾ ਅਤੇ ਸਫ਼ਾਈ ਨੂੰ ਬਰਕਰਾਰ ਰੱਖਣ ਲਈ ਸਹਿਯੋਗ ਦੇਣ ਦੀ ਅਪੀਲ ਕੀਤੀ।ਇਸ ਮੌਕੇ 'ਤੇ ਕੌਂਸਲਰ ਸ੍ਰੀ ਉਮੇਸ਼ ਗਰਗ 'ਗੋਗੀ' ਨੇ ਮੇਅਰ ਸ੍ਰੀ ਮਹਿਤਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੰਬੇ ਸਮੇਂ ਤੋਂ ਇਲਾਕਾ ਨਿਵਾਸੀਆਂ ਵੱਲੋਂ ਬਿਹਤਰ ਰੌਸ਼ਨੀ ਪ੍ਰਬੰਧ ਦੀ ਮੰਗ ਕੀਤੀ ਜਾ ਰਹੀ ਸੀ, ਜਿਸ ਨੂੰ ਹੁਣ ਪੂਰਾ ਕਰ ਦਿੱਤਾ ਗਿਆ ਹੈ। ਨਵੀਆਂ ਸਟ੍ਰੀਟ ਲਾਈਟਾਂ ਸ਼ੁਰੂ ਹੋਣ ਨਾਲ ਸਥਾਨਕ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਇਲਾਕੇ ਦੇ ਸਮੁੱਚੇ ਵਿਕਾਸ ਨੂੰ ਵੀ ਯਕੀਨੀ ਬਣਾਇਆ ਜਾਵੇਗਾ।

**ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਕਰਾਇਆ ਗੁਰੂ ਰਵਿਦਾਸ ਤੇ ਸੈਮੀਨਾਰ**

## ਅਧਿਆਤਮਿਕਤਾ ਦੇ ਨਾਲ ਨਾਲ ਇਨਸਾਨੀ ਹੱਕਾਂ ਦੀ ਤਰਜਮਾਨੀ ਕਰਦੇ ਹੈ ਰਵਿਦਾਸ ਦੀ ਬਾਣੀ : ਡਾ. ਧਰਮ ਸਿੰਘ



ਪਟਿਆਲਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਸ੍ਰੀ ਬੇਗਮਪੁਰਾ ਮਿਸ਼ਨ ਰਜਿ ਪੰਜਾਬ ਦੇ ਸਹਿਯੋਗ ਨਾਲ ਭਾਸ਼ਾ ਵਿਭਾਗ ਦੇ ਲੈਕਚਰ ਹਾਲ ਵਿਚ ਸ੍ਰੀ ਗੁਰੂ ਰਵਿਦਾਸ ਜੀ ਨਾਲ ਸੰਬੰਧਿਤ 'ਗੁਰੂ ਰਵਿਦਾਸ : ਜੀਵਨ ਤੇ ਫ਼ਲਸਫ਼ਾ' ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ।

ਸੈਮੀਨਾਰ ਵਿਚ ਪ੍ਰਧਾਨਗੀ ਭਾਸ਼ਣ ਦਿੰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਡਾ. ਧਰਮ ਸਿੰਘ ਨੇ ਕਿਹਾ ਗੁਰੂ ਸਾਹਿਬਾਨਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਲਈ ਦਰਜ ਕੀਤੀ ਕਿਉਂਕਿ ਉਹ ਅਧਿਆਤਮਿਕਤਾ ਦੇ ਨਾਲ ਨਾਲ ਇਨਸਾਨੀਅਤ ਦੀ ਤਰਜਮਾਨੀ ਵੀ ਕਰਦੀ ਹੈ। ਪ੍ਰੋ. ਕਿਰਪਾਲ ਕਜ਼ਾਕ ਨੇ ਕਿਹਾ ਕਿ ਗੁਰੂ ਰਵਿਦਾਸ ਦੀ ਬਾਣੀ ਦੇ ਫ਼ਲਸਫ਼ੇ ਨੂੰ ਦੁਨੀਆਂ ਵਿਚ ਪ੍ਰਚਾਰਨ ਦੀ ਲੋੜ। ਗੁਰੂ ਨਾਨਕ ਦੀ ਬਾਣੀ ਜਿੱਥੇ ਸੱਤਾ ਨੂੰ ਵੰਗਾਰਦੀ ਹੈ ਉੱਥੇ ਹੀ ਰੱਬ ਨੂੰ ਵੀ ਚੇਤੇ ਰੱਖਦੀ ਹੈ। ਇੱਥੇ ਪਰਚਾ ਪੜ੍ਹਦਿਆਂ ਲੇਖਕ ਤੇ ਚਿੰਤਕ ਪ੍ਰੋ. ਭੀਮ ਇੰਦਰ ਸਿੰਘ ਨੇ ਕਿਹਾ ਕਿ ਵਰਣ ਵੰਡ ਕਰਕੇ ਹੀ ਇਨਸਾਨ ਇਨਸਾਨ ਨੂੰ ਨਫ਼ਰਤ ਕਰਨ ਲੱਗਾ ਜਿਸ ਕਰਕੇ ਬੰਦੇ ਤੋਂ ਬੰਦੇ ਵਿਚਲਾ ਪਾੜਾ ਨੇੜੇ ਹੁੰਦਿਆਂ ਵੀ ਬਹੁਤ ਦੂਰ ਦਾ ਬਣ ਗਿਆ। ਖੋਜਾਰਥੀ ਜਗਪਾਲ ਸਿੰਘ ਨੇ ਪਰਚੇ ਵਿਚ ਕਿਹਾ ਕਿ ਗੁਰੂ ਰਵਿਦਾਸ ਦੀ ਬਾਣੀ ਸਾਨੂੰ ਮਿਲ ਬੈਠ ਕੇ ਚਿੰਤਨ ਕਰਨ ਦਾ ਸੰਦੇਸ਼ ਦਿੰਦੀ ਹੈ। ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਸੀਨੀਅਰ ਪੱਤਰਕਾਰ ਗੁਰਨਾਮ ਸਿੰਘ ਅਕੀਦਾ ਨੇ ਕਿਹਾ ਕਿ ਗੁਰੂ ਰਵਿਦਾਸ ਦੀ ਬਾਣੀ ਇਹ ਸਿੱਧਾ ਸੰਕੇਤ ਦਿੰਦੀ ਹੈ ਕਿ ਜੋ ਵੀ ਧਰਮ ਇਨਸਾਨ ਨੂੰ ਇਨਸਾਨ ਨਾਲ ਨਫ਼ਰਤ ਕਰਨੀ ਸਿਖਾਉਂਦਾ ਹੈ ਉਹ ਧਰਮ ਸਿਆਸੀ ਹੋ ਸਕਦਾ ਹੈ ਪਰ ਰੂਹਾਨੀਅਤ ਨਹੀਂ। ਇੱਥੇ ਬੋਲਦਿਆਂ ਉੱਘੇ ਦਲਿਤ ਚਿੰਤਕ ਡਾ. ਗੁਰਮੀਤ ਕੱਲਰਮਾਜਰੀ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਮਝਣ ਦੀ ਲੋੜ ਹੈ ਨਾ ਕਿ ਸਿਰਫ਼ ਮੱਥੇ ਟੇਕ ਹੀ ਆਪਣਾ ਫ਼ਰਜ਼ ਪੂਰਾ ਕਰਨਾ। ਇੱਥੇ ਸ੍ਰੀ ਬੇਗਮਪੁਰਾ ਮਿਸ਼ਨ ਰਜਿ ਦੇ ਮੁਖੀ ਕੁਲਵੰਤ ਸਿੰਘ ਨਾਰੀਕੇ ਨੇ ਕਿਹਾ ਕਿ ਗੁਰੂ ਸਾਨੂੰ ਰਸਤਾ ਦਿਖਾਉਂਦੇ ਹਨ ਪਰ ਚੱਲਣਾ ਤਾਂ ਸਾਨੂੰ ਹੀ ਪਵੇਗਾ। ਪ੍ਰਗਤੀਸ਼ੀਲ ਲੇਖਕ ਸੰਘ ਦੇ ਜ਼ਿਲ੍ਹਾ ਪ੍ਰਧਾਨ ਡਾ. ਸੰਤੋਖ ਸਿੰਘ ਨੇ ਗੁਰੂ ਰਵਿਦਾਸ ਨਾਲ ਸਬੰਧਿਤ ਆਪਣੀ ਕਵਿਤਾ ਪੜ੍ਹੀ, ਇਸ ਤੋਂ ਇਲਾਵਾ ਗੁਰਮੁਖ ਸਿੰਘ ਤੇ ਕੁਲਵੰਤ ਸਿੰਘ ਸੈਦੋਕੇ ਨੇ ਗੁਰੂ ਰਵਿਦਾਸ ਨਾਲ ਸਬੰਧਿਤ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ, ਇਸ ਵੇਲੇ ਭਾਸ਼ਾ ਵਿਭਾਗ ਦੇ ਸਾਬਕਾ ਐਡੀਸ਼ਨਲ ਡਾਇਰੈਕਟਰ ਸਤਨਾਮ ਸਿੰਘ, ਪ੍ਰਗਤੀਸ਼ੀਲ ਲੇਖਕ ਸੰਘ ਦੇ ਸੂਬਾ ਆਗੂ ਕੁਲਦੀਪ ਦੀਪ, ਗੁਰਚਰਨ ਸਿੰਘ ਚੰਨ, ਨਾਟਕਕਾਰ ਜੋਗਾ ਸਿੰਘ ਖੀਵਾ ਆਦਿ ਨੇ ਵੀ ਆਪਣੇ ਵਿਚਾਰ ਰੱਖੇ।

# ਕੰਪਿਊਟਰ ਅਧਿਆਪਕਾਂ ਨੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਕੋਠੀ ਅੱਗੇ ਦਿੱਤਾ ਰੋਸ਼ ਧਰਨਾ ਪ੍ਰਦਰਸ਼ਨ



ਸੁਨਾਮ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਕੰਪਿਊਟਰ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ ਜ਼ਿਲ੍ਹਾ ਸੰਗਰੂਰ, ਬਰਨਾਲਾ, ਮਲੇਰਕੋਟਲਾ ਅਤੇ ਮਾਨਸਾ ਦੇ ਕੰਪਿਊਟਰ ਅਧਿਆਪਕਾਂ ਵੱਲੋਂ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਦੀ ਰਿਹਾਇਸ਼ ਅੱਗੇ ਆਪਣੀਆਂ ਮੰਗਾਂ ਨੂੰ ਲੈ ਕੇ ਜਬਰਦਸਤ ਪ੍ਰਦਰਸ਼ਨ ਕੀਤਾ ਗਿਆ। ਇਸ ਤੋਂ ਪਹਿਲਾਂ ਇਹਨਾਂ ਅਧਿਆਪਕਾਂ ਨੇ ਸਥਾਨਕ ਮਾਤਾ ਮੋਦੀ ਪਾਰਕ ਵਿਖੇ ਮੀਟਿੰਗ ਦੌਰਾਨ ਨਾਰੇਬਾਜ਼ੀ ਕੀਤੀ ਗਈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੂਬਾ ਆਗੂ ਨਰਦੀਪ ਸ਼ਰਮਾ, ਸਿਕੰਦਰ ਸਿੰਘ, ਕੁਲਦੀਪ ਸਿੰਘ, ਨਾਇਬ ਸਿੰਘ, ਰਿਸ਼ਵ ਗੋਇਲ, ਕੁਲਵਿੰਦਰ ਸਿੰਘ, ਪਰਦੀਪ ਕੁਮਾਰ, ਸਤਪ੍ਰਤਾਪ ਸਿੰਘ, ਸੁਖਜੀਤ ਕੌਰ, ਨਿਰਮਲ ਸਿੰਘ, ਰਾਜਦੀਪ ਸਿੰਘ ਵੱਲੋਂ ਦੱਸਿਆ ਗਿਆ ਕਿ ਪੰਜਾਬ ਦੇ 6640 ਕੰਪਿਊਟਰ ਅਧਿਆਪਕਾਂ ਨੂੰ 2.12.2010 ਵਿੱਚ ਰਾਜਪਾਲ ਦੀ ਪ੍ਰਵਾਨਗੀ ਨਾਲ ਪੰਜਾਬ ਸਰਕਾਰ ਵੱਲੋਂ ਜਾਰੀ ਰੈਗੂਲਰ ਨੋਟੀਫਿਕੇਸ਼ਨ ਅਤੇ 2011 ਵਿੱਚ ਰੈਗੂਲਰ ਨਿਯੁਕਤੀ ਪੱਤਰ ਮਿਲਣ ਦੇ ਬਾਵਜੂਦ ਸੋਸਾਇਟੀ (ਪਿਕਟਸ) ਦੇ ਨਾਂਅ 'ਤੇ ਗੁੰਮਰਾਹ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਣਯੋਗ ਹਾਈਕੋਰਟ ਵਿੱਚ ਕੰਪਿਊਟਰ ਅਧਿਆਪਕਾਂ ਦੇ ਹੱਕ ਵਿੱਚ ਫੈਸਲਾ ਆਉਣ ਦੇ ਬਾਵਜੂਦ ਪੰਜਾਬ ਸਰਕਾਰ ਉਸਨੂੰ ਲਾਗੂ ਕਰਨ ਦੀ ਥਾਂ ਸੁਪਰੀਮ ਕੋਰਟ ਚਲੀ ਗਈ ਹੈ ਅਤੇ ਕੰਪਿਊਟਰ ਅਧਿਆਪਕਾਂ ਦੀਆਂ ਹੱਕੀ ਮੰਗਾਂ ਨੂੰ ਲਾਗੂ ਕਰਨ ਤੋਂ ਭੱਜ ਰਹੀ ਹੈ। ਆਗੂਆਂ ਨੇ ਦੱਸਿਆ ਕਿ ਸਰਕਾਰ ਸਿਰਫ਼ ਵੋਟਾਂ ਵੇਲੇ ਵਾਅਦੇ ਕਰਦੀ ਹੈ ਪਰ ਅਮਲੀ ਰੂਪ ਵਿੱਚ ਹਮੇਸ਼ਾ ਉਨਾਂ ਨੂੰ ਲਾਗੂ ਕਰਨ ਤੋਂ ਭੱਜ ਜਾਂਦੀ ਹੈ। ਉਹਨਾਂ ਕਿਹਾ ਕਿ 6640 ਕੰਪਿਊਟਰ ਅਧਿਆਪਕ ਪਿਛਲੇ 21 ਸਾਲਾਂ ਤੋਂ ਸਰਕਾਰੀ ਸਕੂਲਾਂ ਵਿੱਚ ਪੂਰੀ ਤਨਦੇਹੀ ਨਾਲ ਆਪਣੀ ਸੇਵਾ ਨਿਭਾ ਰਹੇ ਹਨ ਪਰ ਰੈਗੂਲਰ ਨੋਟੀਫਿਕੇਸ਼ਨ ਅਤੇ ਨਿਯੁਕਤੀ ਪੱਤਰਾਂ ਨੂੰ ਅੱਜ ਤੱਕ ਕਿਸੇ ਵੀ ਸਰਕਾਰ ਨੇ ਇਨ-ਬਿਨ ਲਾਗੂ ਨਹੀਂ ਕੀਤਾ। ਇਸ ਰੋਸ਼ ਪੱਤਰ ਵਿੱਚ ਕਿਹਾ ਗਿਆ ਕਿ ਪੰਜਾਬ ਦੇ ਸਕੂਲਾਂ ਵਿੱਚ ਸੇਵਾ ਨਿਭਾ ਰਹੇ ਕੰਪਿਊਟਰ ਅਧਿਆਪਕਾਂ ਨੂੰ ਅਜੇ ਵੀ ਕਈ ਸਰਕਾਰੀ ਸੁਵਿਧਾਵਾਂ ਅਤੇ ਹੱਕਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਯੂਨੀਅਨ ਨੇ ਇਹ ਵੀ ਇਲਜ਼ਾਮ ਲਗਾਇਆ ਕਿ ਕਈ ਵਾਰ ਵਿਭਾਗੀ ਮੀਟਿੰਗਾਂ ਅਤੇ ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਵੀ ਕੰਪਿਊਟਰ ਅਧਿਆਪਕਾਂ ਦੇ ਮਸਲਿਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ।

ਆਗੂਆਂ ਨੇ ਦੱਸਿਆ ਕਿ ਇਸ ਦੌਰਾਨ 112 ਕੰਪਿਊਟਰ ਅਧਿਆਪਕ ਇਸ ਦੁਨੀਆ ਤੋਂ ਰੁਖਸਤ ਹੋ ਗਏ ਹਨ ਅਤੇ 6 ਕੰਪਿਊਟਰ ਅਧਿਆਪਕ ਬਿਨਾਂ ਕੋਈ ਲਾਭ ਪ੍ਰਾਪਤ ਕੀਤੇ ਰਿਟਾਇਰ ਵੀ ਹੋ ਚੁੱਕੇ ਹਨ ਪਰ ਉਨਾਂ ਦੇ ਪਰਿਵਾਰ ਅੱਜ ਵੀ ਸਮਾਜਿਕ ਸੁਰੱਖਿਆ ਅਤੇ ਬਣਦੇ ਹੱਕਾਂ ਲਈ ਤਰਸ ਰਹੇ ਹਨ। ਅਧਿਆਪਕਾਂ ਨੇ ਸਪੱਸ਼ਟ ਕੀਤਾ ਹੈ ਕਿ ਜਦੋਂ ਤੱਕ 02.12.2010 ਦਾ ਨੋਟੀਫਿਕੇਸ਼ਨ, ਚੋਣ ਮੈਨੀਫੈਸਟੋ ਵਿੱਚ ਕੀਤਾ ਵਾਅਦਾ ਅਤੇ 15 ਸਤੰਬਰ 2022 ਨੂੰ ਸਿੱਖਿਆ ਮੰਤਰੀ ਵੱਲੋਂ ਕੀਤਾ ਅਧਿਕਾਰਤ ਐਲਾਨ ਇੰਨ-ਬਿੰਨ ਲਾਗੂ ਨਹੀਂ ਹੁੰਦਾ ਤਦ ਤੱਕ ਉਹਨਾਂ ਦਾ ਸੰਘਰਸ਼ ਜਾਰੀ ਰਹੇਗਾ। ਆਗੂਆਂ ਨੇ ਦੱਸਿਆ ਕਿ ਕੰਪਿਊਟਰ ਅਧਿਆਪਕਾਂ ਦੀਆਂ ਹੱਕੀ ਮੰਗਾਂ 6ਵਾਂ ਪੇਅ ਕਮਿਸ਼ਨ ਲਾਗੂ ਕਰਵਾਉਣਾ ਜਾਂ ਅਨਰਿਵਾਈਜ਼ਡ ਡੀ.ਏ. ਲਾਗੂ ਕਰਵਾਉਣਾ, ਛੱਤ ਪਾਲਿਸੀ ਲਾਗੂ ਕਰਵਾਉਣਾ ਅਤੇ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਅਨੁਸਾਰ ਕੰਪਿਊਟਰ ਅਧਿਆਪਕਾਂ ਨੂੰ ਬਿਨਾਂ ਸ਼ਰਤ ਸਿੱਖਿਆ ਵਿਭਾਗ ਵਿੱਚ ਮਰਜ ਕਰਨਾ ਆਦਿ ਮੁੱਖ ਮੰਗਾਂ ਨੂੰ ਮਨਵਾਉਣ ਲਈ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ, ਜਿਸਦੇ ਦਬਾਅ ਤਹਿਤ ਪ੍ਰਸ਼ਾਸਨ ਵੱਲੋਂ 23 ਜੂਨ ਨੂੰ ਕੈਬਨਿਟ ਸਬ-ਕਮੇਟੀ ਨਾਲ ਮੀਟਿੰਗ ਫਿਕਸ ਕਰਵਾਈ ਗਈ ਅਤੇ ਮੌਕੇ 'ਤੇ ਜਥੇਬੰਦੀ ਆਗੂਆਂ ਵੱਲੋਂ ਆਪਣਾ ਮੰਗ-ਪੱਤਰ ਸੌਂਪਿਆ ਗਿਆ।

ਯੂਨੀਅਨ ਨੇ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ ਦਾ ਹੱਲ ਨਾ ਹੋਇਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

## ਮਿਸ਼ਨ ਲਾਲੀ ਤੇ ਹਰਿਆਲੀ ਵੱਲੋਂ 348ਵਾਂ ਖ਼ੂਨਦਾਨ ਕੈਂਪ ਲਗਾਇਆ




ਪਟਿਆਲਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਲੋੜਵੰਦ ਮਰੀਜ਼ਾਂ ਲਈ ਯੂਨੀਵਰਸਲ ਵੈਲਫੇਅਰ ਕਲੱਬ ਪੰਜਾਬ ਅਤੇ ਹਿਊਮਨ ਵੈਲਫੇਅਰ ਫਾਊਂਡੇਸ਼ਨ ਵੱਲੋਂ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਸੈਂਟਰ ਵਿਖੇ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ 348 ਵਾਂ ਰੈਗੂਲਰ ਖੂਨਦਾਨ ਕੈਂਪ ਲਗਾਇਆ। ਜਿਸ ਦਾ ਉਦਘਾਟਨ ਜਗਵੰਤ ਸਿੰਘ ਜੱਗੀ ਨੇ ਆਪਣੇ ਸਪੁੱਤਰ ਨਵਜੋਤ ਸਿੰਘ ਦੇ ਜਨਮ ਦਿਨ ਮੌਕੇ ਖੂਨਦਾਨ ਕਰਕੇ ਕੀਤਾ, ਇਸ ਮੌਕੇ ਅਵਤਾਰ ਸਿੰਘ ਸਵਾਜਪੁਰ, ਭੁਪਿੰਦਰ ਸਿੰਘ ਝੰਡੀ, ਐਡਵੋਕੇਟ ਦਲਜੀਤ ਸਿੰਘ ਦੋਦੜਾ, ਗਾਇਕ ਬਲਦੇਵ ਸਰੋਏ, ਗੁਲਾਬਦੀਨ ਬਲਬੇੜਾ ਤੇ ਜੋਹਨਪਾਲ ਸਿੰਘ ਨੇ ਵੀ ਖੂਨਦਾਨ ਕੀਤਾ। ਖੂਨਦਾਨੀਆਂ ਨੂੰ ਆਸ਼ੀਰਵਾਦ ਦੇਣ ਲਈ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅੰਤਰਰਾਸ਼ਟਰੀ ਸਿੱਖਿਆ ਸਾਸ਼ਤਰੀ ਅਨਿਲ ਭਾਰਤੀ ਪਹੁੰਚੇ। ਖੂਨਦਾਨੀਆਂ ਨੂੰ ਸਰਟੀਫਿਕੇਟ ਤੇ ਯਾਦਗਾਰੀ ਮੱਗ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰੋ. ਬਡੂੰਗਰ ਨੇ ਕਿਹਾ ਕਿ ਪਿਛਲੇ ਲੰਮੇਂ ਸਮੇਂ ਤੋਂ ਖੂਨਦਾਨ ਸੇਵਾ ਨੂੰ ਜਾਰੀ ਰੱਖਣਾ ਅਤੇ ਪਿਛਲੇ 14 ਸਾਲਾਂ ਤੋਂ ਲਗਾਤਾਰ ਬਲੱਡ ਬੈਂਕ ਵਿਖੇ ਹੀ ਲੜੀਵਾਰ ਖੂਨਦਾਨ ਕੈਂਪ ਲਗਾਉਣਾ ਸ਼ਲਾਘਾਯੋਗ ਹੈ। ਇਸ ਸੇਵਾ ਲਈ ਹਰਦੀਪ ਸਿੰਘ ਸਨੌਰ ਦੀ ਟੀਮ ਵਧਾਈ ਦੀ ਪਾਤਰ ਹੈ। ਉਨ੍ਹਾਂ ਕਿਹਾ ਕਿ ਤੰਦਰੁਸਤ ਇਨਸਾਨਾਂ ਨੂੰ ਲੋੜਵੰਦ ਮਰੀਜਾਂ ਲਈ ਖੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਈ ਜਾ ਸਕਦੇ। ਇਸ ਮੌਕੇ ਮਿਸ਼ਨ ਦੇ ਮੋਢੀ ਹਰਦੀਪ ਸਿੰਘ ਸਨੌਰ, ਸਹਿਯੋਗ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਜਸਪਾਲ ਸਿੰਘ ਜੋਸ਼ਨ, ਜਥੇਦਾਰ ਕਰਨ ਸਿੰਘ ਜੌਲੀ, ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਠੇਕੇਦਾਰ ਗੁਰਬਚਨ ਸਿੰਘ, ਅਵਤਾਰ ਸਿੰਘ ਬਲਬੇੜਾ, ਮਨਵਿੰਦਰ ਸਿੰਘ ਮਨੀ ਟੌਹੜਾ, ਰਣਜੀਤ ਸਿੰਘ ਝੰਡੀ, ਅੰਮ੍ਰਿਤਪਾਲ ਸਿੰਘ ਤੇ ਮਨਸਾਹਿਬ ਸਿੰਘ ਵੀ ਹਾਜ਼ਰ ਸਨ।

## ਵਰਧਮਾਨ ਸਪੈਸ਼ਲ ਸਟੀਲਜ਼ ਵੱਲੋਂ ਮੁਫ਼ਤ ਅੱਖਾਂ ਦੀ ਜਾਂਚ ਕੈਂਪ, 250 ਮਰੀਜ਼ਾਂ ਦੀ ਜਾਂਚ ਤੇ 18 ਮੋਤੀਏ ਦੇ ਆਪਰੇਸ਼ਨਾਂ ਲਈ ਚੋਣ




ਲੁਧਿਆਣਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਨੇ ਆਪਣੀ ਸੀ.ਐਸ.ਆਰ ਪਹਿਲਕਦਮੀ 'ਸਵਸਥ ਸਮਾਜ' ਤਹਿਤ ਨਗਰ ਨਿਗਮ ਦੇ ਸਹਿਯੋਗ ਨਾਲ ਮੁਫ਼ਤ ਅੱਖਾਂ ਦੀ ਜਾਂਚ ਕੈਂਪ ਦਾ ਆਯੋਜਨ ਕੀਤਾ। ਕੈਂਪ ਦੌਰਾਨ ਕਰੀਬ 250 ਮਰੀਜ਼ਾਂ ਦੀ ਅੱਖਾਂ ਦੀ ਜਾਂਚ ਕੀਤੀ ਗਈ, ਜਦਕਿ 18 ਮਰੀਜ਼ਾਂ ਨੂੰ ਮੁਫ਼ਤ ਮੋਤੀਏ ਦੇ ਆਪਰੇਸ਼ਨ ਲਈ ਚੁਣਿਆ ਗਿਆ। ਇਸ ਤੋਂ ਇਲਾਵਾ 250 ਲੋੜਵੰਦ ਲੋਕਾਂ ਨੂੰ ਐਨਕਾਂ ਵੀ ਵੰਡੀਆਂ ਗਈਆਂ।

ਇਸ ਮੌਕੇ ਲੁਧਿਆਣਾ ਦੀ ਮੇਅਰ ਸ੍ਰੀਮਤੀ ਇੰਦਰਜੀਤ ਕੌਰ, ਜ਼ੋਨਲ ਕਮਿਸ਼ਨਰ ਸ੍ਰੀ ਜਸਦੇਵ ਸੇਖੋਂ ਅਤੇ ਸਹਾਇਕ ਕਮਿਸ਼ਨਰ ਪੁਲਿਸ ਸ. ਰਣਜੀਤ ਸਿੰਘ ਨੇ ਵਰਧਮਾਨ ਸਪੈਸ਼ਲ ਸਟੀਲਜ਼ ਦੇ ਚੇਅਰਮੈਨ ਸ੍ਰੀ ਸਚਿਤ ਜੈਨ, ਕਾਰਜਕਾਰੀ ਨਿਰਦੇਸ਼ਕ ਸ੍ਰੀਮਤੀ ਸੌਮਿਆ ਜੈਨ ਅਤੇ ਸੀ.ਐਸ.ਆਰ ਟੀਮ ਵੱਲੋਂ ਸਮਾਜ ਭਲਾਈ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਮੇਅਰ ਇੰਦਰਜੀਤ ਕੌਰ ਨੇ ਖ਼ਾਸ ਤੌਰ 'ਤੇ ਸੀ.ਐਸ.ਆਰ ਮੁਖੀ ਅਮਿਤ ਧਵਨ ਦੇ ਯੋਗਦਾਨ ਦੀ ਸਰਾਹਨਾ ਕਰਦਿਆਂ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਸਮਾਜ ਦੇ ਲੋੜਵੰਦ ਵਰਗਾਂ ਲਈ ਬਹੁਤ ਲਾਭਕਾਰੀ ਸਾਬਤ ਹੋ ਰਹੀਆਂ ਹਨ।

## ਵਿਧਾਇਕ ਦੇਵ ਮਾਨ ਨੇ ਪਿੰਡ ਮੇਘ ਕਲੋਨੀ ਵਿਖੇ ਕੀਤੀ ਲੋਕ ਮਿਲਣੀ, ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



ਨਾਭਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਨਾਭਾ ਦੇ ਪਿੰਡ ਮੇਘ ਕਲੋਨੀ ਵਿਖੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਲੋਕ ਮਿਲਣੀ ਕਰਕੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ। ਵਿਧਾਇਕ ਦੇਵ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਸੂਬੇ ਅੰਦਰ ਵੱਡੇ ਪੱਧਰ 'ਤੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਅਤੇ ਲੋਕ ਭਲਾਈ ਦੀਆਂ ਸਕੀਮਾਂ ਦਾ ਲਾਭ ਹਰ ਵਰਗ ਦੇ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਹਲਕਾ ਨਾਭਾ ਦੇ ਪਿੰਡਾਂ ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ, ਜਿਨ੍ਹਾਂ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਲਾਕੇ ਵਿੱਚ ਨਵੀਆਂ ਸੜਕਾਂ ਦੀ ਉਸਾਰੀ ਅਤੇ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਵਿਧਾਇਕ ਦੇਵ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਵਾਂ-ਭੈਣਾਂ ਅਤੇ ਲੋੜਵੰਦ ਪਰਿਵਾਰਾਂ ਲਈ ਸ਼ੁਰੂ ਕੀਤੀਆਂ ਲੋਕ ਭਲਾਈ ਸਕੀਮਾਂ ਤਹਿਤ ਯੋਗ ਲਾਭਪਾਤਰੀਆਂ ਦੇ ਫਾਰਮ ਬਿਨਾਂ ਕਿਸੇ ਭੇਦਭਾਵ ਦੇ ਭਰੇ ਜਾ ਰਹੇ ਹਨ, ਤਾਂ ਜੋ ਹਰ ਜ਼ਰੂਰਤਮੰਦ ਪਰਿਵਾਰ ਤੱਕ ਸਰਕਾਰੀ ਸਹੂਲਤਾਂ ਪਹੁੰਚ ਸਕਣ।

ਇਸ ਦੌਰਾਨ ਵਿਧਾਇਕ ਦੇਵ ਮਾਨ ਨੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਇਸ ਮੌਕੇ ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ, ਧਰਮਿੰਦਰ ਸਿੰਘ ਸੁਖੇਵਾਲ, ਭੁਪਿੰਦਰ ਸਿੰਘ ਕੱਲਰ ਮਾਜਰੀ ਵਾਇਸ ਚੇਅਰਮੈਨ, ਬਹਾਦਰ ਸਿੰਘ, ਸਿਮਰਨਜੀਤ ਸਿੰਘ ਅੜਕ ਚੋਹਾਨ, ਸੁਖਦੀਪ ਸਿੰਘ ਖਹਿਰਾ, ਕੁਲਵੰਤ ਸਿੰਘ ਅਟਵਾਲ ਸਰਪੰਚ, ਜੋਗਾ ਸਿੰਘ ਅਲਹੋਰਾਂ, ਰਣਜੀਤ ਸਿੰਘ ਜੱਜ ਸਰਪੰਚ, ਵਰਿੰਦਰ ਕੌਰ ਅਟਵਾਲ ਮੈਂਬਰ ਬਲਾਕ ਸੰਮਤੀ, ਰਾਮ ਰਤਨ, ਕਮਲਪ੍ਰੀਤ ਕੌਰ ਪੰਚ, ਗਗਨਪ੍ਰੀਤ ਸਿੰਘ ਪੰਚ, ਸੰਦੀਪ ਕੌਰ ਪੰਚ, ਤਾਰਇੰਦਰ ਸਿੰਘ ਪੰਚ ਤੋਂ ਇਲਾਵਾ ਮੈਂਬਰ ਪੰਚਾਇਤ, ਪਾਰਟੀ ਅਹੁਦੇਦਾਰ, ਵਰਕਰ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਪੰਜਾਬ ਖੱਤਰੀ ਅਰੋੜਾ ਵੈਲਫੇਅਰ ਬੋਰਡ ਦੀ ਪਹਿਲੀ ਮੀਟਿੰਗ, ਨਵ-ਨਿਯੁਕਤ ਅਹੁਦੇਦਾਰਾਂ ਦਾ ਸਨਮਾਨ



ਲੁਧਿਆਣਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਖੱਤਰੀ ਅਰੋੜਾ ਵੈਲਫੇਅਰ ਬੋਰਡ ਦੇ ਚੇਅਰਮੈਨ ਸ. ਰਜਿੰਦਰ ਸਿੰਘ ਬਸੰਤ ਦੀ ਅਗਵਾਈ ਹੇਠ ਬੋਰਡ ਦੀ ਪਹਿਲੀ ਮੀਟਿੰਗ ਬੱਚਤ ਭਵਨ, ਮਿੰਨੀ ਸਕੱਤਰੇਤ ਵਿਖੇ ਆਯੋਜਿਤ ਕੀਤੀ ਗਈ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਨਿਯੁਕਤ ਜ਼ਿਲ੍ਹਾ ਚੇਅਰਮੈਨਾਂ, ਵਾਈਸ ਚੇਅਰਮੈਨਾਂ ਅਤੇ ਸਟੇਟ ਮੈਂਬਰਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਮੀਟਿੰਗ ਵਿੱਚ ਵਿਧਾਇਕ ਕੁਲਵੰਤ ਸਿੰਘ ਸਿੱਧੂ, ਅਸ਼ੋਕ ਪਰਾਸ਼ਰ ਪੱਪੀ, ਮੇਅਰ ਇੰਦਰਜੀਤ ਕੌਰ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਜਤਿੰਦਰ ਸਿੰਘ ਖੰਗੂੜਾ ਸਮੇਤ ਕਈ ਪ੍ਰਮੁੱਖ ਆਗੂ ਹਾਜ਼ਰ ਰਹੇ। ਆਪਣੇ ਸੰਬੋਧਨ ਵਿੱਚ ਸ. ਰਜਿੰਦਰ ਸਿੰਘ ਬਸੰਤ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਖੱਤਰੀ ਅਰੋੜਾ ਬਿਰਾਦਰੀ ਨੂੰ ਇਕਜੁੱਟ ਕਰਕੇ ਪੰਜਾਬ ਦੀ ਤਰੱਕੀ ਅਤੇ ਆਮ ਆਦਮੀ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਕੀਤਾ ਜਾਵੇਗਾ।

ਉਨ੍ਹਾਂ ਨਵ-ਨਿਯੁਕਤ ਅਹੁਦੇਦਾਰਾਂ ਨੂੰ ਸਮਾਜ ਅਤੇ ਬਿਰਾਦਰੀ ਦੀ ਭਲਾਈ ਲਈ ਪੂਰੀ ਤਨਦੇਹੀ ਨਾਲ ਸੇਵਾ ਕਰਨ ਦਾ ਸੱਦਾ ਦਿੱਤਾ।

## ਪੀ.ਆਰ.ਟੀ.ਸੀ. ਵਿੱਚ ਕੰਮ ਕਰਦੀਆਂ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਅਤੇ ਪੀ.ਆਰ.ਟੀ.ਸੀ. ਮੈਨੇਜਮੈਂਟ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ

ਪਟਿਆਲਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਪੀ.ਆਰ.ਟੀ.ਸੀ. ਵਿੱਚ ਕੰਮ ਕਰਦੀਆਂ ਜਥੇਬੰਦੀਆਂ ਸਬੰਧਤ ਏਟਕ, ਇੰਟਕ, ਕਰਮਚਾਰੀ ਦਲ, ਐਸ.ਸੀ.ਬੀ.ਸੀ. ਸੀਟੂ ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ਤੇ ਆਧਾਰਤ ਪੀ.ਆਰ.ਟੀ.ਸੀ. ਵਰਕਰਜ਼ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਾਨ ਸਰਵ ਸ੍ਰੀ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਰਾਕੇਸ਼ ਕੁਮਾਰ ਦਾਤਾਰਪੁਰੀ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਪੰਜਾਬ ਸਰਕਾਰ ਅਤੇ ਪੀ.ਆਰ.ਟੀ.ਸੀ. ਮੈਨੇਜਮੈਂਟ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁਫ਼ਤ ਸਫਰ ਸਹੂਲਤਾਂ ਦੇ ਬਦਲੇ ਬਣਦੀ ਅਦਾਇਗੀ ਪੀ.ਆਰ.ਟੀ.ਸੀ. ਨੂੰ ਨਹੀਂ ਕਰਦੀ ਜਿਸਦਾ ਸਿੱਧੇ ਤੌਰ ਤੇ ਖਮਿਆਜਾ ਪੀ.ਆਰ.ਟੀ.ਸੀ. ਦੇ ਮੌਜੂਦਾ ਅਤੇ ਸੇਵਾ ਮੁਕਤ ਕਰਮਚਾਰੀ ਭੁਗਤਦੇ ਹਨ ਜਿਨ੍ਹਾਂ ਨੂੰ ਕਦੇ ਵੀ ਤਨਖਾਹ-ਪੈਨਸ਼ਨ ਸਮੇਂ ਸਿਰ ਨਹੀਂ ਮਿਲਦੀ ਅਤੇ ਇਸ ਤੋਂ ਇਲਾਵਾ ਪੇ ਕਮਿਸ਼ਨ ਦੇ ਬਕਾਏ, ਡੀ.ਏ. ਦੇ ਬਕਾਏ, ਫੁੱਟਕਲ ਬਕਾਏ, ਸੇਵਾ ਮੁਕਤ ਹੋਏ ਕਰਮਚਾਰੀਆਂ ਦੇ ਸੇਵਾ ਮੁਕਤੀ ਲਾਭ, ਮੈਡੀਕਲ ਬਿੱਲਾਂ ਦੀ ਅਦਾਇਗੀ ਆਦਿ ਵੀ ਸਾਲਾਂ ਬੱਧੀ ਸਮੇਂ ਤੋਂ ਨਹੀਂ ਦਿੱਤੇ ਜਾ ਰਹੇ, ਬਾਵਜੂਦ ਇਸਦੇ ਕਿ ਮੁਫ਼ਤ ਸਫਰ ਬਦਲੇ ਪੰਜਾਬ ਸਰਕਾਰ ਤੋਂ ਲਗਭਗ 800 ਕਰੋੜ ਰੁਪਏ ਪੀ.ਆਰ.ਟੀ.ਸੀ. ਨੇ ਲੈਣੇ ਹਨ। ਪਰ ਸਰਕਾਰ ਮੁਲਾਜ਼ਮਾਂ-ਮਜਦੂਰਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਦੀ ਬਜਾਏ ਪੂਰੀ ਤਰ੍ਹਾਂ ਬੇਪਰਵਾਹੀ ਨਾਲ ਨਜ਼ਰ ਅੰਦਾਜ ਕਰਦੀ ਆ ਰਹੀ ਹੈ। ਐਕਸ਼ਨ ਕਮੇਟੀ ਦੇ ਆਗੂਆਂ ਨੇ ਪੀ.ਆਰ.ਟੀ.ਸੀ. ਦੀ ਮੈਨੇਜਮੈਂਟ ਦੇ ਕਰਮਚਾਰੀ ਵਿਰੋਧੀ ਧਾਰਨ ਕੀਤੇ ਹੋਏ ਰਵਈਏ ਸਬੰਧੀ ਕਿਹਾ ਕਿ ਤਨਖਾਹ ਅਤੇ ਪੈਨਸ਼ਨ ਸੰਵਿਧਾਨਕ ਤੌਰ ਤੇ ਅਦਾਰੇ ਦੀਆਂ ਬਾਕੀ ਅਦਾਇਗੀਆਂ ਤੋਂ ਪਹਿਲਾਂ ਦੇਣੀ ਬਣਦੀ ਹੈ। ਪਰ ਪੀ.ਆਰ.ਟੀ.ਸੀ. ਵਿੱਚ ਪ੍ਰਬੰਧਕ ਮਨਮਰਜੀ ਨਾਲ ਤਨਖਾਹਾਂ-ਪੈਨਸ਼ਨ ਤੋਂ ਪਹਿਲਾਂ ਹੋਰ ਖਰਚੇ ਕਰਨ ਨੂੰ ਤਰਜੀਹ ਦਿੰਦੇ ਹਨ ਜਿਨ੍ਹਾਂ ਵਿੱਚ ਕਈ ਗੈਰ ਜ਼ਰੂਰੀ ਅਤੇ ਬੇਲੋੜੇ ਵੀ ਹੁੰਦੇ ਹਨ ਵਰਕਰਾਂ ਦੀਆਂ ਅਦਾਇਗੀਆਂ ਦੀ ਚਿੰਤਾ ਨਹੀਂ ਕੀਤੀ ਜਾ ਰਹੀ। ਅੱਜ 20 ਤਾਰੀਖ ਹੋਣ ਤੱਕ ਵੀ ਪੂਰੀ ਤਨਖਾਹ-ਪੈਨਸ਼ਨ ਵਰਕਰਾਂ ਨੂੰ ਨਸੀਬ ਨਹੀਂ ਹੋਈ। ਇਸ ਤੋਂ ਇਲਾਵਾ ਵਰਕਰਾਂ ਦੇ ਹੋਰ ਕਾਨੂੰਨੀ ਅਤੇ ਭਲਾਈ ਦੇ ਕੰਮਾਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਹੋਇਆ ਹੈ। ਕੰਟਰੈਕਟ/ ਆਊਟ ਸੋਰਸ ਵਰਕਰਾਂ ਨੂੰ ਰੈਗੂਲਰ ਕਰਨ ਦੇ ਆਏ ਫੈਸਲਿਆਂ ਦੇ ਬਾਵਜੂਦ ਅਜਿਹੇ ਫੈਸਲੇ ਸਾਰੇ ਵਰਕਰਾਂ ਤੇ ਲਾਗੂ ਨਹੀਂ ਕੀਤੇ ਜਾ ਰਹੇ। ਵਰਕਰਾਂ ਨੂੰ ਅਦਾਲਤਾਂ ਵਿੱਚ ਕੇਸ ਕਰਨ ਲਈ ਹੀ ਮਜਬੂਰ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਵਲੋਂ ਇੱਕ ਸਾਲ ਤੋਂ ਵੱਧ ਸਮੇਂ ਤੋਂ ਟੀ.ਏ. ਰੇਟ ਸੋਧ ਦਿੱਤੇ ਗਏ ਹਨ ਪਰ ਪੀ.ਆਰ.ਟੀ.ਸੀ. ਵਲੋਂ ਇਹ ਰੇਟ ਅਜੇ ਤੱਕ ਲਾਗੂ ਨਾ ਕਰਕੇ ਵਰਕਰਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਐਨ.ਪੀ.ਐਸ. ਸਕੀਮ ਲਾਗੂ ਕਰਨੀ ਲਾਜਮੀ ਸੀ ਪਰ ਪੀ.ਆਰ.ਟੀ.ਸੀ. ਵਿੱਚ ਅਜੇ ਤੱਕ ਵੀ ਇਹ ਸਕੀਮ ਲਾਗੂ ਨਹੀਂ ਕੀਤੀ ਗਈ। ਸਰਕਾਰ ਵੱਲੋਂ 1-1-2004 ਤੋਂ ਬਾਅਦ ਵਿੱਚ ਭਰਤੀ ਹੋਏ ਕਰਮਚਾਰੀ ਜਿਹਨਾਂ ਨੇ 2004 ਤੋਂ ਪਹਿਲਾਂ ਅਪਲਾਈ ਕੀਤਾ ਹੋਇਆ ਸੀ ਉਨ੍ਹਾਂ ਨੂੰ ਪੈਨਸ਼ਨ ਦੇ ਦਾਇਰੇ ਵਿੱਚ ਲਿਆਉਣਾ ਸੀ ਇੱਥੇ ਇਹ ਵੀ ਨਹੀਂ ਕੀਤਾ ਗਿਆ, ਪਿਛਲੇ 4 ਸਾਲ ਤੋਂ ਵੱਧ ਸਮੇਂ ਤੋਂ ਕੋਈ ਨਵੀਂ ਬਸ ਅਦਾਰੇ ਦੀ ਮਾਲਕੀ ਵਾਲੀ ਨਹੀਂ ਪਾਈ ਗਈ। ਸਟਾਫ ਦੀ ਬਹੁਤ ਜਿਆਦਾ ਘਾਟ ਹੋਣ ਕਾਰਨ ਵਰਕਰਾਂ ਤੋਂ ਗੈਰ ਕਾਨੂੰਨੀ ਤੌਰ ਤੇ ਵਾਧੂ ਡਿਊਟੀ ਲਈ ਜਾ ਰਹੀ ਹੈ ਛੁੱਟੀਆਂ-ਰੈਸਟਾਂ ਵਰਕਰਾਂ ਨੂੰ ਸਮੇਂ ਸਿਰ ਨਹੀਂ ਮਿਲਦੀਆਂ, ਰਿਟਾਇਰੀਜ਼ ਨੂੰ ਦੋ ਸਾਲ ਬਾਅਦ ਇੱਕ ਬੇਸਿਕ ਪੇ ਦੇ ਬਰਾਬਰ ਮਿਲਣ ਵਾਲਾ ਯਾਤਰਾ ਭੱਤਾ ਨਹੀਂ ਦਿੱਤਾ ਜਾ ਰਿਹਾ। ਬਣਦੀਆਂ ਤਰੱਕੀਆ ਨਹੀਂ ਕੀਤੀਆਂ ਜਾ ਰਹੀਆਂ, 1992 ਦੀ ਪੈਨਸ਼ਨ ਸਕੀਮ ਤੋਂ ਵਾਂਝੇ ਰਹਿ ਗਏ ਚਾਰ ਕੁ ਸੌ ਕਰਮਚਾਰੀਆਂ ਨੂੰ ਪੈਨਸ਼ਨ ਦੇਣਾ ਆਦਿ ਐਕਸ਼ਨ ਕਮੇਟੀ ਵਲੋਂ ਫੈਸਲਾ ਕੀਤਾ ਗਿਆ ਹੈ ਕਿ ਜੇਕਰ ਮੈਨੇਜਮੈਂਟ ਨੇ ਇਨ੍ਹਾਂ ਮਸਲਿਆਂ ਦਾ ਜਲਦੀ ਕੋਈ ਨਿਪਟਾਰਾ ਨਾ ਕੀਤਾ ਅਤੇ ਐਕਸ਼ਨ ਕਮੇਟੀ ਨਾਲ ਮੰਗ ਪੱਤਰਾਂ ਤੇ ਕੋਈ ਗੱਲਬਾਤ ਨਾ ਕੀਤੀ ਤਾਂ ਅਗਲਾ ਐਕਸ਼ਨ ਪ੍ਰੋਗਰਾਮ ਉਲੀਕ ਦਿੱਤਾ ਜਾਵੇਗਾ।

## ਕ੍ਰੀਏਟਿਵ ਲੇਡੀਜ਼ ਕਲੱਬ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ




ਲੁਧਿਆਣਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਕ੍ਰੀਏਟਿਵ ਲੇਡੀਜ਼ ਕਲੱਬ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਬੜੇ ਉਤਸ਼ਾਹ, ਜੋਸ਼ ਅਤੇ ਸਕਾਰਾਤਮਕਤਾ ਨਾਲ ਮਨਾਇਆ ਗਿਆ। ਇਹ ਵਿਸ਼ੇਸ਼ ਪ੍ਰੋਗਰਾਮ ਕਲੱਬ ਦੀ ਡਾਇਰੈਕਟਰ ਸ਼੍ਰੀਮਤੀ ਸੁਰਿੰਦਰ ਬੰਸਲ, ਚੇਅਰਪਰਸਨ ਸ਼੍ਰੀਮਤੀ ਮੀਨਾ ਕੋਚਰ, ਪ੍ਰਧਾਨ ਸ਼੍ਰੀਮਤੀ ਸਤਿੰਦਰ ਸੋਨੀ, ਸਕੱਤਰ ਸ਼੍ਰੀਮਤੀ ਸਾਕਸ਼ੀ ਗੁਪਤਾ ਅਤੇ ਸਮੂਹ ਬੋਰਡ ਮੈਂਬਰਾਂ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਯੋਗਾ ਸੈਸ਼ਨ ਦੀ ਅਗਵਾਈ ਕਲੱਬ ਦੀ ਬੋਰਡ ਮੈਂਬਰ ਅਤੇ ਯੋਗਾ ਇੰਸਟਰੱਕਟਰ ਸ਼੍ਰੀਮਤੀ ਸਿਮਰਨ ਆਹੂਜਾ ਵੱਲੋਂ ਕੀਤੀ ਗਈ। ਉਨ੍ਹਾਂ ਨੇ ਭਾਗੀਦਾਰਾਂ ਨੂੰ ਵੱਖ-ਵੱਖ ਯੋਗ ਆਸਨਾਂ ਅਤੇ ਸਾਹ ਲੈਣ ਦੀਆਂ ਕਸਰਤਾਂ ਬਾਰੇ ਜਾਣਕਾਰੀ ਦਿੱਤੀ। ਸੈਸ਼ਨ ਦੌਰਾਨ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਲਾਭਕਾਰੀ ਤਕਨੀਕੀ ਜਾਣਕਾਰੀ ਵੀ ਸਾਂਝੀ ਕੀਤੀ ਗਈ, ਜਿਸ ਦਾ ਸਾਰੇ ਮੈਂਬਰਾਂ ਨੇ ਭਰਪੂਰ ਲਾਭ ਲਿਆ।

ਇਸ ਮੌਕੇ ਸ਼੍ਰੀਮਤੀ ਦੀਪਿਕਾ ਸ਼ਰਮਾ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਯੋਗਾ ਦੀ ਮਹੱਤਤਾ ਅਤੇ ਸਿਹਤਮੰਦ ਜੀਵਨ ਸ਼ੈਲੀ ਵਿੱਚ ਇਸ ਦੀ ਅਹਿਮ ਭੂਮਿਕਾ ਬਾਰੇ ਚਾਨਣਾ ਪਾਇਆ।

ਪ੍ਰੋਗਰਾਮ ਦੌਰਾਨ ਸਮਾਈਲ ਪਲੇਵੇ ਵੱਲੋਂ ਪੌਦੇ ਅਤੇ ਉਪਹਾਰ ਭੇਟ ਕਰਕੇ ਸਿਹਤ ਅਤੇ ਵਾਤਾਵਰਣ ਸੰਭਾਲ ਦਾ ਸੰਦੇਸ਼ ਦਿੱਤਾ ਗਿਆ। ਕ੍ਰੀਏਟਿਵ ਲੇਡੀਜ਼ ਕਲੱਬ ਵੱਲੋਂ ਸਾਰੇ ਭਾਗੀਦਾਰਾਂ ਲਈ ਰਿਫਰੈਸ਼ਮੈਂਟ ਦਾ ਵੀ ਪ੍ਰਬੰਧ ਕੀਤਾ ਗਿਆ, ਜਿਸ ਨਾਲ ਸਮਾਗਮ ਹੋਰ ਵੀ ਯਾਦਗਾਰ ਬਣ ਗਿਆ।

ਕਲੱਬ ਦੀ ਸਕੱਤਰ ਸ਼੍ਰੀਮਤੀ ਸਾਕਸ਼ੀ ਗੁਪਤਾ ਦੇ ਸਮਰਪਿਤ ਸਹਿਯੋਗ ਅਤੇ ਪ੍ਰਬੰਧਕੀ ਯੋਗਦਾਨ ਦੀ ਵਿਸ਼ੇਸ਼ ਸਰਾਹਨਾ ਕੀਤੀ ਗਈ। ਇਸ ਦੇ ਨਾਲ ਹੀ ਪ੍ਰਧਾਨ ਸ਼੍ਰੀਮਤੀ ਸਤਿੰਦਰ ਸੋਨੀ ਦਾ ਵੀ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੀ ਅਗਵਾਈ ਹੇਠ ਇਹ ਸ਼ਾਨਦਾਰ ਪ੍ਰੋਗਰਾਮ ਸਫਲਤਾਪੂਰਵਕ ਸੰਪੰਨ ਹੋਇਆ।

ਕਲੱਬ ਵੱਲੋਂ ਸਾਰੇ ਮੈਂਬਰਾਂ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੇ ਉਤਸ਼ਾਹ ਅਤੇ ਸਹਿਯੋਗ ਨਾਲ ਅੰਤਰਰਾਸ਼ਟਰੀ ਯੋਗਾ ਦਿਵਸ ਦਾ ਇਹ ਸਮਾਗਮ ਯਾਦਗਾਰ ਅਤੇ ਸਫਲ ਬਣਿਆ।

## ਤਨਖਾਹਾਂ ਨਾ ਮਿਲਣ 'ਤੇ ਭੜਕੇ ਜੰਗਲਾਤ ਕਾਮੇ 26ਜੂਨ ਨੂੰ ਵਣ ਮੰਤਰੀ ਦੇ ਹਲਕਾ ਭੋਆ 'ਚ ਕਰਨਗੇ ਰੋਸ ਪ੍ਰਦਰਸ਼ਨ



ਪਟਿਆਲਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਨਾਲ ਸੰਬਧਤ ਜੰਗਲਾਤ ਜੰਗਲੀ ਜੀਵ ਤੇ ਕਾਰਪੋਰੇਸ਼ਨ ਕਾਮਿਆ ਦੀ ਸੰਘਰਸ਼ੀਲ ਜੱਥੇਬੰਦੀ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾਈ ਪ੍ਰਧਾਨ ਅਮਰੀਕ ਸਿੰਘ ਗੜਸੰਕਰ ਦੀ ਪ੍ਰਧਾਨਗੀ ਵਿਚ ਪਿਛਲੇ ਦਿਨੀ ਹੋਈ ਮੀਟਿੰਗ ਦੀ ਕਾਰਵਾਈ ਸੂਬਾ ਸਕੱਤਰ ਜਸਵਿੰਦਰ ਸਿੰਘ ਸੌਜਾ ਨੇ ਪ੍ਰੈਸ ਦੇ ਨਾਂ ਜਾਰੀ ਕਰਦਿਆ ਕਿਹਾ ਕਿ ਮੀਟਿੰਗ ਵਿੱਚ ਹਾਜਰ ਹੋਏ ਸਾਥੀ ਜਨਰਲ ਸਕੱਤਰ ਜਸਵੀਰ ਸਿੰਘ ਸੀਰਾ, ਵਿਤ ਸੱਕਤਰ ਅਮਨਦੀਪ ਸਿੰਘ ਛੱਤ, ਚੇਅਰਮੈਨ ਵਿਰਸਾ ਸਿੰਘ ਚਹਿਲ, ਸੀਨੀ.ਮੀਤ ਰਣਜੀਤ ਸਿੰਘ ਗੁਰਦਾਸਪੁਰ ਅਤੇ ਬਲਰਾਜ ਪਠਾਨਕੋਟ ਨੇ ਕਿਹਾ ਕਿ ਵਣ ਅਤੇ ਜੰਗਲੀ ਜੀਵ ਵਿਭਾਗ ਵਿੱਚ ਪਿਛਲੇ 27/28 ਸਾਲਾਂ ਤੋ ਕੰਮ ਕਰਦੇ ਡੇਲੀਵੇਜ ਸੀਨੀਅਰ ਅਨਪੜ੍ਹ ਕਾਮਿਆਂ ਨੂੰ ਪੰਜਾਬ ਸਰਕਾਰ ਨੇ ਪੱਕਿਆ ਤਾ ਕੀ ਕਰਨਾ ਸੀ, ਸਰਕਾਰ ਨੇ ਇਨ੍ਹਾਂ ਕਾਮਿਆ ਨੂੰ ਪਿਛਲੇ ਤਿੰਨ ਮਹੀਨਿਆ ਤੋ ਤਨਖਾਹਾਂ ਵੀ ਨਹੀ ਦਿੱਤੀਆ ਗਈਆ ਜਿਸ ਕਾਰਨ ਜੰਗਲਾਤ ਕਾਮਿਆ ਦੇ ਬੱਚੇ ਭੁੱਖ ਮਰੀ ਦਾ ਸ਼ਿਕਾਰ ਹੋ ਰਹੇ ਹਨ ਤੇ ਬੁੱਢੇ ਮਾਪਿਆ ਨੂੰ ਦਵਾਈ ਨਾ ਮਿਲਣ ਕਾਰਨ ਪ੍ਰੇਸ਼ਾਨ ਹਨ ਜਿਸ ਜਗਲਾਤ ਕਾਮਿਆਂ ਵਿੱਚ ਭਾਰੀ ਰੋਸ ਦੇ ਬੇਚੈਨੀ ਪਾਈ ਜਾ ਰਹੀ ਹੈ ਜੰਗਲਾਤ ਵਿਭਾਗ ਦੇ ਫੀਲਡ ਕਾਮਿਆਂ ਦਾ ਮਾਨਯੋਗ ਹਾਈਕੋਰਟ ਦੇ 26.02.2024 ਦੇ ਫੈਸਲੇ ਵਿੱਚ ਜਿਨ੍ਹਾਂ ਸਾਥੀਆਂ ਦਾ ਏਰੀਅਲ ਬਕਾਇਆ ਬਣਾਇਆ ਗਿਆ ਹੈ, ਪਰ ਸਰਕਾਰ ਨੇ ਕੁਝ ਕੁ ਜੂਨੀਅਰ ਵਰਕਰਾਂ ਦਾ ਏਰੀਅਰ ਬਕਾਇਆ ਜਾਰੀ ਕੀਤਾ ਅਤੇ ਸੀਨੀਅਰ ਵਰਕਰਾਂ ਨੂੰ ਸਰਕਾਰ ਨੇ ਪੱਕਿਆ ਤਾ ਕੀ ਕਰਨਾ ਸੀ ਉਹਨਾ ਵਰਕਰਾਂ ਦਾ ਏਰੀਅਲ ਬਕਾਇਆ ਵੀ ਇਨ੍ਹਾਂ ਵਰਕਰਾਂ ਦੇ ਖਾਤਿਆਂ ਵਿੱਚ ਨਹੀ ਪਾਇਆ ਗਿਆ ਅਤੇ ਇਹ ਪਹਿਲੀ ਬਾਰ ਹੋਇਆ ਜਦੋਂ ਆਮ ਆਦਮੀ ਸਰਕਾਰ ਨੇ ਜੰਗਲਾਤ ਕਾਮਿਆਂ ਦੀਆਂ ਪਿਛਲੇ ਕਈ ਮਹੀਨਿਆ ਤਨਖ਼ਾਹਾਂ ਨਾ ਮਿਲਣ ਕਾਰਨ ਜੰਗਲਾਤ ਕਾਮਿਆਂ ਦੇ ਪਰਿਵਾਰ ਪ੍ਰੇਸ਼ਾਨ ਹਨ ਅਤੇ ਆਪਣੇ ਬੱਚਿਆ ਨੂੰ ਸਕੂਲਾਂ ਵਿਚ ਦਾਖਲੇ ਨਾ ਕਰਵਾਉਣ ਕਾਰਨ ਅਪਣੇ ਬੱਚਿਆਂ ਨੂੰ ਪੜ੍ਹਾਉਣ ਅਸਮਰਥ ਹਨ। ਮਾਨਯੋਗ ਅਦਾਲਤਾਂ ਦੇ ਫੈਸਲਿਆਂ ਦੀਆਂ ਸਰਕਾਰ ਵੱਲੋਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

ਬਲਵੀਰ ਤਰਨਤਾਰਨ, ਰਵੀ ਲੁਧਿਆਣਾ, ਬੱਬੂ ਮਾਨਸਾ, ਸਤਨਾਮ ਸੰਗਰੂਰ, ਰਵੀਕਾਂਤ ਰੋਪੜ ਅਤੇ ਸੁਖਦੇਵ ਜਲੰਧਰ ਦੱਸਿਆ ਕਿ ਅੰਤਾਂ ਦੀ ਮਹਿੰਗਾਈ ਵਿੱਚ ਅਪਣੇ ਪਰਿਵਾਰਾਂ ਦਾ ਗੁਜਾਰਾਂ ਕਰਨਾ ਮੁਸ਼ਕਿਲ ਹੋ ਗਿਆ ਹੈ। ਜਿਸ ਕਾਰਨ ਜਥੇਬੰਦੀ ਵੱਲੋਂ ਫੈਸਲਾ ਕੀਤਾ ਗਿਆ ਕਿ ਫੈਡਰੇਸ਼ਨ ਦੇ ਸਹਿਯੋਗ ਨਾਲ ਮੰਗ ਪੱਤਰ ਵਿੱਚ ਦਰਜ ਇਹਨਾ ਮੰਗਾ ਜਿਵੇ ਕਿ ਸਾਲ 2006 ਤੱਕ 10 ਸਾਲ ਪੂਰੇ ਕਰਦੇ 14 ਵਰਕਰਾਂ ਨੂੰ ਵੀ ਸਰਕਾਰ ਨੇ ਹੁਣ ਤੱਕ ਪੱਕਾ ਨਹੀਂ ਕੀਤਾ ਅਤੇ 519 ਸੀਨੀਅਰ ਅਨਪੜ੍ਹ ਕਾਮੇ ਪੱਕੇ ਹੋਣ ਤੋਂ ਰਹਿ ਗਏ ਹਨ, ਉਹਨਾ ਸਾਰੇ ਕਾਮਿਆਂ ਨੂੰ ਬਿਨਾ ਸ਼ਰਤ ਪੱਕਿਆ ਕਰਵਾਉਣ ਲਈ, 30ਜੁਲਾਈ ਨੂੰ ਮੁੱਖ ਮੰਤਰੀ ਜੀ ਵਲੋਂ ਨਿਯੁਕਤੀ ਪੱਤਰ ਦਿੱਤੇ ਵਰਕਰਾਂ ਨੂੰ ਫੁੱਲ ਸਕੇਲ ਰਾਹੀ ਤਨਖਾਹਾਂ ਦਿਵਾਉਣ ਲਈ ਵਿਭਾਗ ਦੇ ਕਾਮਿਆਂ ਦੀ ਸੀਨੀਅਰਤਾ ਸੂਚੀ 31-03-2026 ਤੱਕ ਅਪਡੇਟ ਕਰਨ ਲਈ, ਵਿਭਾਗ ਵਿੱਚ ਨਵੇਂ ਕੰਮ ਚਲਾਉਣ ਲਈ, ਮਨਰੇਗਾ ਵਰਕਰਾਂ ਤੋਂ ਅਤੇ ਠੇਕੇਦਾਰਾਂ ਤੋਂ ਵਿਭਾਗ ਦੇ ਕੰਮ ਨਾ ਕਰਵਾਏ ਜਾਣ, ਵਿਭਾਗ ਵਿੱਚ ਨਵੇਂ ਕਾਮਿਆਂ ਨੂੰ ਕੰਮ ਤੇ ਰੱਖਿਆ ਜਾਵੇ, ਘੱਟੋ-ਘੱਟ ਉਜਰਤਾਂ ਵਿਚ ਹੋਏ ਨਿਗੂਣੇ ਵਾਧੇ ਦਾ ਏਰੀਅਰ ਜਾਰੀ ਕਰਵਾਉਣ ਲਈ ਅਤੇ ਹੋਰ ਮੰਗ ਪੱਤਰ ਵਿੱਚ ਦਰਜ ਮੰਗਾਂ ਦਾ ਹੱਲ ਨਾ ਕੀਤਾ ਗਿਆ ਅਤੇ ਵਣ ਮੰਤਰੀ ਜੀ ਵਲੋ ਜੰਥੇਬੰਦੀ ਨਾਲ ਆਉਣ ਵਾਲੀ 24ਜੂਨ 2026 ਨੂੰ ਮੀਟਿੰਗ ਕਰਕੇ ਮੰਗਾ ਦਾ ਹੱਲ ਨਾ ਕੀਤਾ ਤਾ ਮਜਬੂਰਨ ਜੰਥੇਬੰਦੀ 26ਜੂਨ ਨੂੰ ਵਿਧਾਨ ਸਭਾ ਹਲਕਾ ਭੋਆ (ਪਠਾਨਕੋਟ)ਵਿੱਚ ਸੁਬਾਰਡੀਨੇਟ ਸਰਵਿਸ਼ਿਸ ਫੈਡਰੇਸ਼ਨ ਦੇ ਸਹਿਯੋਗ ਨਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ।

ਮੀਟਿੰਗ ਵਿੱਚ ਹੋਰਨਾ ਤੋ ਇਲਾਵਾ ਸੁਲੱਖਣ ਮੌਹਾਲੀ ਮਲਕੀਤ ਮੁਕਤਸਰ ਪਵਨ ਹੁਸ਼ਿਆਰਪੁਰ ਰਾਣਾ ਫਿਰੋਜ਼ਪੁਰ ਭੁਪਿੰਦਰ ਦਸੂਹਾ ਕਰਮ ਸਿੰਘ ਹਰੀਕੇ ਪੱਤਣ ਜਗਤਾਰ ਸਾਹਪੁਰ, ਭੂਪਿੰਦਰ ਸਿੰਘ ਸਾਧੋਹੇੜੀ ਆਦਿ ਹਾਜ਼ਰ ਸਨ।

## ਮੁੱਖ ਮੰਤਰੀ ਦੀਆਂ ਲੋਕ ਭਲਾਈ ਨੀਤੀਆਂ ਅਤੇ ਵਿਕਾਸ ਕਾਰਜਾਂ ਨੂੰ ਘਰ-ਘਰ ਪਹੁੰਚਾਉਣ ਲਈ ਸੁਨੇਹਾ



ਪਟਿਆਲਾ, 23 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਦੀ ਅਗਵਾਈ ਵਿੱਚ ਵਾਰਡ ਨੰਬਰ 30 ਵਿੱਚ ਅੱਜ ਇੱਕ ਵਿਸ਼ਾਲ ਲੋਕ ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਵਸਨੀਕਾਂ ਨੇ ਸ਼ਿਰਕਤ ਕਰਕੇ ਆਪਣੇ ਸੁਝਾਅ ਅਤੇ ਮੰਗਾਂ ਪ੍ਰਸ਼ਾਸਨ ਅੱਗੇ ਰੱਖੀਆਂ। ਮੀਟਿੰਗ ਦੌਰਾਨ ਮੁੱਖ ਮਹਿਮਾਨ ਵਜੋਂ ਪਹੁੰਚੇ ਐਮਐਲਏ ਸ਼ਹਿਰੀ ਅਜੀਤ ਪਾਲ ਸਿੰਘ ਕੋਹਲੀ ਨੇ ਵਾਰਡ ਦੀ ਜਨਤਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸਿੱਖਿਆ, ਸਿਹਤ, ਬਿਜਲੀ, ਸੜਕਾਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਲਗਾਤਾਰ ਕੰਮ ਕੀਤੇ ਜਾ ਰਹੇ ਹਨ, ਜਿਸ ਦਾ ਸਿੱਧਾ ਲਾਭ ਆਮ ਲੋਕਾਂ ਨੂੰ ਮਿਲ ਰਿਹਾ ਹੈ।

ਐਮਐਲਏ ਕੋਹਲੀ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਪਾਰਦਰਸ਼ੀ ਅਤੇ ਲੋਕ-ਪੱਖੀ ਸ਼ਾਸਨ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਾਲ-ਨਾਲ ਹਰ ਵਰਗ ਦੇ ਲੋਕਾਂ ਲਈ ਭਲਾਈ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ।

ਇਸ ਮੌਕੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਵਾਰਡ ਨੰਬਰ 30 ਦੇ ਵਿਕਾਸ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਲਾਕੇ ਵਿੱਚ ਸੜਕਾਂ ਦੀ ਮੁਰੰਮਤ, ਸਫਾਈ ਪ੍ਰਬੰਧਾਂ ਵਿੱਚ ਸੁਧਾਰ, ਸੀਵਰੇਜ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਹੋਰ ਬੁਨਿਆਦੀ ਸਹੂਲਤਾਂ ਦੇ ਵਿਸਥਾਰ ਲਈ ਯੋਜਨਾਬੱਧ ਢੰਗ ਨਾਲ ਕੰਮ ਕੀਤਾ ਜਾ ਰਿਹਾ ਹੈ।

ਮੀਟਿੰਗ ਦੌਰਾਨ ਇਲਾਕਾ ਵਾਸੀਆਂ ਨੇ ਸਰਕਾਰ ਅਤੇ ਨਗਰ ਨਿਗਮ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਲੋਕ-ਹਿੱਤ ਕਾਰਜ ਜਾਰੀ ਰੱਖਣ ਦੀ ਉਮੀਦ ਜਤਾਈ। ਅੰਤ ਵਿੱਚ ਮੇਅਰ ਅਤੇ ਐਮਐਲਏ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦੇ ਜਲਦ ਨਿਪਟਾਰੇ ਦਾ ਭਰੋਸਾ ਦਿੱਤਾ।

# ਯੋਗ ਸਿਰਫ਼ ਕਸਰਤ ਨਹੀਂ, ਸੰਪੂਰਨ ਜੀਵਨ ਪੱਧਤੀ ਹੈ : ਨਾਇਬ ਸਿੰਘ ਸੈਣੀ

## ਮੁੱਖ ਮੰਤਰੀ ਨੇ ਸਿਰਸਾ ਵਿੱਚ ਮੁੱਖ ਧਾਮ ਬਾਬਾ ਭੂਮਣਸ਼ਾਹ ਵਿਖੇ ਕੌਮਾਂਤਰੀ ਯੋਗ ਦਿਵਸ ਦੇ ਉਪਲਖ ਵਿੱਚ ਆਯੋਜਿਤ ਯੋਗ ਕੈਂਪ ਵਿੱਚ ਕੀਤੀ ਸ਼ਿਰਕਤ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਯੋਗ ਭਾਰਤ ਦੀ ਸਨਾਤਨ ਸੰਸਕ੍ਰਿਤੀ ਦਾ ਉਹ ਅਨਮੋਲ ਤੋਹਫ਼ਾ ਹੈ, ਜਿਸ ਨੂੰ ਸਾਡੇ ਰਿਸ਼ੀ-ਮੁਨੀਆਂ ਨੇ ਸੰਪੂਰਨ ਮਨੁੱਖਤਾ ਦੇ ਕਲਿਆਣ ਲਈ ਦਿੱਤਾ ਹੈ। ਹਜ਼ਾਰਾਂ ਸਾਲ ਪਹਿਲਾਂ ਸ਼ੁਰੂ ਹੋਈ ਯੋਗ ਦੀ ਯਾਤਰਾ ਅੱਜ ਵਿਸ਼ਵ ਵਿਆਪੀ ਰੂਪ ਧਾਰਨ ਕਰ ਚੁੱਕੀ ਹੈ। ਯੋਗ ਸਿਰਫ਼ ਸਰੀਰਕ ਅਭਿਆਸ ਨਹੀਂ, ਸਗੋਂ ਸਰੀਰ, ਮਨ, ਆਤਮਾ ਅਤੇ ਸਮਾਜ ਨੂੰ ਜੋੜਨ ਵਾਲੀ ਇੱਕ ਸੰਪੂਰਨ ਜੀਵਨ ਪੱਧਤੀ ਹੈ। ਮੁੱਖ ਮੰਤਰੀ ਸ਼ੁੱਕਰਵਾਰ ਨੂੰ ਸਿਰਸਾ ਦੇ ਪਿੰਡ ਬਾਬਾ ਭੂਮਣਸ਼ਾਹ (ਸੰਗਰ ਸਰਿਸਤਾ) ਵਿੱਚ ਸਥਿਤ ਮੁੱਖ ਧਾਮ ਬਾਬਾ ਭੂਮਣਸ਼ਾਹ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਦੇ ਉਪਲਖ ਵਿੱਚ ਆਯੋਜਿਤ ਯੋਗ ਅਭਿਆਸ ਪ੍ਰੋਗਰਾਮ ਵਿੱਚ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਮੁੱਖ ਮੰਤਰੀ ਨੇ ਬਾਬਾ ਬ੍ਰਹਮਦਾਸ ਮਹਾਰਾਜ ਅਤੇ ਕੁਰੂਕਸ਼ੇਤਰ ਤੋਂ ਮਹੰਤ ਮਹੇਸ਼ ਮੁਨੀ ਮਹਾਰਾਜ ਨੂੰ ਸ਼ਾਲ ਭੇਟ ਕੀਤੀ। ਉਨ੍ਹਾਂ ਨੇ ਕਿਹਾ ਕਿ ਇਸ ਪਵਿੱਤਰ ਧਰਤੀ ’ਤੇ ਸਥਿਤ ਅਧਿਆਤਮਕ ਚੇਤਨਾ ਦੇ ਕੇਂਦਰ ਡੇਰਾ ਬਾਬਾ ਭੂਮਣਸ਼ਾਹ ਦੇ ਆਸ਼ਰਮ ਵਿੱਚ ਆ ਕੇ ਉਨ੍ਹਾਂ ਨੂੰ ਅਥਾਹ ਸ਼ਾਂਤੀ ਅਤੇ ਊਰਜਾ ਦਾ ਅਨੁਭਵ ਹੋਇਆ ਹੈ।

ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ 21 ਜੂਨ ਨੂੰ ਪੂਰਾ ਵਿਸ਼ਵ ਕੌਮਾਂਤਰੀ ਯੋਗ ਦਿਵਸ ਮਨਾਉਣ ਜਾ ਰਿਹਾ ਹੈ। ਇਸੇ ਲੜੀ ਤਹਿਤ ਹਰਿਆਣਾ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਯੋਗ ਅਭਿਆਸ ਪ੍ਰੋਗਰਾਮ ਆਯੋਜਿਤ ਕੀਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਯਤਨਾਂ ਸਦਕਾ ਅੱਜ ਯੋਗ ਅੰਤਰਰਾਸ਼ਟਰੀ ਸਰੂਪ ਲੈ ਚੁੱਕਾ ਹੈ। ਉਨ੍ਹਾਂ ਦੇ ਅਣਥੱਕ ਯਤਨਾਂ ਦੇ ਨਤੀਜੇ ਵਜੋਂ ਸਾਲ 2014 ਵਿੱਚ ਸੰਯੁਕਤ ਰਾਸ਼ਟਰ ਮਹਾਸਭਾ ਨੇ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਘੋਸ਼ਿਤ ਕੀਤਾ। ਉਸ ਸਮੇਂ 177 ਦੇਸ਼ਾਂ ਨੇ ਇਸ ਪ੍ਰਸਤਾਵ ਦਾ ਸਮਰਥਨ ਕੀਤਾ ਸੀ ਅਤੇ ਅੱਜ ਵਿਸ਼ਵ ਦਾ ਲਗਭਗ ਹਰ ਦੇਸ਼ ਯੋਗ ਨਾਲ ਜੁੜ ਚੁੱਕਾ ਹੈ।

ਉਨ੍ਹਾਂ ਨੇ ਕਿਹਾ ਕਿ ਨਿਊਯਾਰਕ ਦੇ ਟਾਈਮਜ਼ ਸਕੁਏਅਰ ਤੋਂ ਲੈ ਕੇ ਪੈਰਿਸ ਦੇ ਐਫਿਲ ਟਾਵਰ ਅਤੇ ਟੋਕੀਓ ਤੋਂ ਟੋਰਾਂਟੋ ਤੱਕ ਯੋਗ ਦੇ ਮਾਧਿਅਮ ਰਾਹੀਂ ਭਾਰਤ ਦੀ ਅਧਿਆਤਮਕ ਵਿਰਾਸਤ ਨੂੰ ਸਨਮਾਨ ਮਿਲ ਰਿਹਾ ਹੈ। ਇਹ ਭਾਰਤ ਦੀ ਉਹ ਸ਼ਕਤੀ ਹੈ, ਜੋ ਤਲਵਾਰ ਨਾਲ ਨਹੀਂ ਸਗੋਂ ਤਪੱਸਿਆ ਅਤੇ ਸੰਸਕ੍ਰਿਤੀ ਦੇ ਬਲ ’ਤੇ ਸਥਾਪਿਤ ਹੋਈ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਯਤਨਾਂ ਸਦਕਾ ਯੋਗਾਸਨ ਨੂੰ ਖੇਡ ਦਾ ਦਰਜਾ ਮਿਲਿਆ ਅਤੇ ‘ਖੇਲੋ ਇੰਡੀਆ ਯੂਥ ਗੇਮਜ਼’ ਵਿੱਚ ਵੀ ਯੋਗਾਸਨ ਨੂੰ ਸ਼ਾਮਲ ਕੀਤਾ ਗਿਆ। ਪ੍ਰਧਾਨ ਮੰਤਰੀ ਵੱਲੋਂ ਦਿੱਤੇ ਗਏ ਸੰਦੇਸ਼ ‘ਖੇਡੇਗਾ ਭਾਰਤ ਤਾਂ ਖਿੜੇਗਾ ਭਾਰਤ’ ਅਤੇ ‘ਯੋਗ ਦੀ ਡੋਜ਼, ਅੱਧਾ ਘੰਟਾ ਰੋਜ਼’ ਅੱਜ ਹਰ ਇੱਕ ਵਿਅਕਤੀ ਲਈ ਪ੍ਰੇਰਣਾ ਸਰੋਤ ਬਣੇ ਹੋਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸੁਖਦ ਸੰਯੋਗ ਹੈ ਕਿ ਇਸ ਸਾਲ ਕੌਮਾਂਤਰੀ ਯੋਗ ਦਿਵਸ, ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ 12 ਸਾਲ ਪੂਰੇ ਹੋ ਰਹੇ ਹਨ। ਇਨ੍ਹਾਂ ਸਾਲਾਂ ਵਿੱਚ ਭਾਰਤ ਨੇ ਬੁਨਿਆਦੀ ਢਾਂਚੇ, ਤਕਨੀਕ ਅਤੇ ਆਰਥਿਕਤਾ ਦੇ ਖੇਤਰ ਵਿੱਚ ਨਵੀਆਂ ਉਚਾਈਆਂ ਨੂੰ ਛੂਹਿਆ ਹੈ, ਉੱਥੇ ਹੀ ਯੋਗ ਦੇ ਮਾਧਿਅਮ ਰਾਹੀਂ ਪੂਰੀ ਦੁਨੀਆ ਨੂੰ ਮਾਨਸਿਕ ਸ਼ਾਂਤੀ ਅਤੇ ਬਿਹਤਰ ਸਿਹਤ ਦਾ ਰਸਤਾ ਵੀ ਦਿਖਾਇਆ ਹੈ। ਉਨ੍ਹਾਂ ਨੇ ਕਿਹਾ ਕਿ ਵਿਕਾਸ ਦੇ ਇਹ 12 ਸਾਲ ਅਤੇ ਯੋਗ ਦੇ ਵਿਸ਼ਵ ਵਿਆਪੀ ਪ੍ਰਸਾਰ ਦੀ ਇਹ ਯਾਤਰਾ ਨਵੇਂ ਭਾਰਤ ਦੀ ਵਧਦੀ ਤਾਕਤ ਅਤੇ ਵਿਸ਼ਵ ਵਿਆਪੀ ਲੀਡਰਸ਼ਿਪ ਦਾ ਪ੍ਰਤੀਕ ਹੈ।

**ਬਾਬਾ ਭੂਮਣਸ਼ਾਹ ਦੇ ਉਪਦੇਸ਼ ਸਮਾਜ ਨੂੰ ਦੇ ਰਹੇ ਹਨ ਨਵੀਂ ਦਿਸ਼ਾ**

ਮੁੱਖ ਮੰਤਰੀ ਨੇ ਬਾਬਾ ਭੂਮਣਸ਼ਾਹ ਮਹਾਰਾਜ ਨੂੰ ਮਹਾਨ ਸਮਾਜ ਸੁਧਾਰਕ ਅਤੇ ਲੋਕ-ਭਲਾਈ ਸੰਤ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਭੁੱਖੇ ਨੂੰ ਅੰਨ, ਭਟਕੇ ਹੋਏ ਨੂੰ ਰਾਹ ਅਤੇ ਸਮਾਜ ਦੇ ਆਖਰੀ ਪਾਏਦਾਨ ’ਤੇ ਖੜ੍ਹੇ ਵਿਅਕਤੀ ਨੂੰ ਸਨਮਾਨ ਦੇਣ ਦਾ ਸੰਦੇਸ਼ ਦਿੱਤਾ। ਬਾਬਾ ਜੀ ਨੇ ਮਨੁੱਖਤਾ, ਪ੍ਰੇਮ, ਸਦਾਚਾਰ, ਸੇਵਾ ਅਤੇ ਚੰਗੇ ਆਚਰਣ ਨੂੰ ਜੀਵਨ ਦਾ ਅਧਾਰ ਬਣਾਇਆ। ਉਨ੍ਹਾਂ ਦੇ ਉਪਦੇਸ਼ਾਂ ਵਿੱਚ ਨਸ਼ੇ ਦੇ ਵਿਰੁੱਧ ਲਗਾਤਾਰ ਚੇਤਨਾ ਦਾ ਸੰਦੇਸ਼ ਮਿਲਦਾ ਹੈ। ਉਨ੍ਹਾਂ ਨੇ ਕਿਹਾ ਕਿ ਮਨੁੱਖ ਦਾ ਜੀਵਨ ਪ੍ਰਮਾਤਮਾ ਦੀ ਅਨਮੋਲ ਦੇਣ ਹੈ, ਜਿਸ ਨੂੰ ਨਸ਼ੇ ਵਰਗੀਆਂ ਬੁਰਾਈਆਂ ਵਿੱਚ ਬਰਬਾਦ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੇ ਕਿਹਾ ਕਿ ਡੇਰਾ ਬਾਬਾ ਭੂਮਣਸ਼ਾਹ ਕੰਬੋਜ ਸਮਾਜ ਦੀ ਆਸਥਾ, ਸੇਵਾ ਭਾਵਨਾ ਅਤੇ ਸੱਭਿਆਚਾਰਕ ਵਿਰਾਸਤ ਦਾ ਜੀਵੰਤ ਪ੍ਰਤੀਕ ਹੈ। ਕੰਬੋਜ ਭਾਈਚਾਰੇ ਦਾ ਇਤਿਹਾਸ ਬਹਾਦਰੀ, ਦੇਸ਼ ਭਗਤੀ, ਪੁਰਸ਼ਾਰਥ ਅਤੇ ਸਖ਼ਤ ਮਿਹਨਤ ਨਾਲ ਭਰਿਆ ਰਿਹਾ ਹੈ। ਦੇਸ਼-ਵਿਦੇਸ਼ ਦੇ ਲੱਖਾਂ ਸ਼ਰਧਾਲੂ ਅੱਜ ਵੀ ਬਾਬਾ ਭੂਮਣਸ਼ਾਹ ਜੀ ਦੇ ਦਿਖਾਏ ਸੱਚ ਅਤੇ ਸੇਵਾ ਦੇ ਮਾਰਗ ’ਤੇ ਚੱਲ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਅਧਿਆਤਮਕ ਵਿਰਾਸਤ ਨੂੰ ਅੱਗੇ ਵਧਾਉਣ ਵਿੱਚ ਗੱਦੀਨਸ਼ੀਨ ਬਾਬਾ ਬ੍ਰਹਮਦਾਸ ਮਹਾਰਾਜ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਦੇ ਮਾਰਗਦਰਸ਼ਨ ਵਿੱਚ ਇਹ ਧਾਮ ਸਿੱਖਿਆ, ਸਿਹਤ, ਅਧਿਆਤਮ ਅਤੇ ਮਾਨਵ ਸੇਵਾ ਦੇ ਖੇਤਰ ਵਿੱਚ ਨਵੇਂ ਕੀਰਤੀਮਾਨ ਸਥਾਪਿਤ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਦਾ ਪ੍ਰੋਗਰਾਮ ਅਧਿਆਤਮ ਅਤੇ ਯੋਗ ਦਾ ਸੁੰਦਰ ਸੰਗਮ ਹੈ। ਯੋਗ ਦਾ ਅਰਥ ਹੈ ਜੋੜਨਾ— ਆਤਮਾ ਦਾ ਪ੍ਰਮਾਤਮਾ ਨਾਲ ਮਿਲਾਪ, ਸਰੀਰ ਦਾ ਮਨ ਨਾਲ ਸੰਤੁਲਨ ਅਤੇ ਵਿਅਕਤੀ ਦਾ ਸਮਾਜ ਨਾਲ ਜੁੜਾਅ। ਬਾਬਾ ਭੂਮਣਸ਼ਾਹ ਨੇ ਜਿਸ ਸਹਿਜ ਮਾਰਗ ਅਤੇ ਭਗਤੀ ਦਾ ਸੰਦੇਸ਼ ਦਿੱਤਾ, ਉਹ ਵੀ ਇੱਕ ਤਰ੍ਹਾਂ ਦਾ ਅੰਦਰੂਨੀ ਯੋਗ ਹੀ ਹੈ। ਯੋਗ ਸਿਰਫ਼ ਆਸਣਾਂ ਅਤੇ ਪ੍ਰਾਣਾਯਾਮ ਤੱਕ ਸੀਮਤ ਨਹੀਂ ਹੈ, ਸਗੋਂ ਇਹ ਜੀਵਨ ਜਿਊਣ ਦੀ ਕਲਾ ਹੈ, ਜੋ ਸਕਾਰਾਤਮਕ ਊਰਜਾ ਦਾ ਸੰਚਾਰ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਸ਼ਾਸਤਰਾਂ ਵਿੱਚ ਵੀ ਕਿਹਾ ਗਿਆ ਹੈ ‘ਯੋਗ: ਕਰਮਸੁ ਕੌਸ਼ਲਮ ?’ ਅਰਥਾਤ ਕਰਮਾਂ ਵਿੱਚ ਕੁਸ਼ਲਤਾ ਲਿਆਉਣਾ ਹੀ ਯੋਗ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਮੌਜੂਦ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਸੰਕਲਪ ਲੈਣ ਕਿ ਨਾ ਤਾਂ ਉਹ ਖੁਦ ਨਸ਼ਾ ਕਰਨਗੇ, ਨਾ ਕਿਸੇ ਨੂੰ ਨਸ਼ਾ ਕਰਨ ਦੇਣਗੇ ਅਤੇ ਜੇਕਰ ਕੋਈ ਨੌਜਵਾਨ ਨਸ਼ੇ ਦੀ ਲਪੇਟ ਵਿੱਚ ਆ ਗਿਆ ਹੈ ਤਾਂ ਉਸ ਨੂੰ ਬਾਹਰ ਕੱਢਣ ਦਾ ਯਤਨ ਕਰਨਗੇ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ ਸਾਲ 2047 ਤੱਕ ਵਿਕਸਿਤ ਭਾਰਤ ਦਾ ਜੋ ਸੰਕਲਪ ਲਿਆ ਗਿਆ ਹੈ, ਉਹ ਉਦੋਂ ਹੀ ਸਾਕਾਰ ਹੋਵੇਗਾ ਜਦੋਂ ਦੇਸ਼ ਦੇ ਨਾਗਰਿਕ ਸਿਹਤਮੰਦ, ਜਾਗਰੂਕ ਅਤੇ ਨਸ਼ਾਮੁਕਤ ਹੋਣਗੇ। ਹਰਿਆਣਾ ਸਰਕਾਰ ‘ਯੋਗ ਯੁਕਤ, ਨਸ਼ਾ ਮੁਕਤ ਹਰਿਆਣਾ’ ਦੀ ਥੀਮ ’ਤੇ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਹਰਿਆਣਾ ਸਰਕਾਰ ਸੂਬੇ ਨੂੰ ਸਿਹਤਮੰਦ, ਖੁਸ਼ਹਾਲ ਅਤੇ ਯੋਗਮਈ ਬਣਾਉਣ ਲਈ ਵਿਆਪਕ ਪੱਧਰ ’ਤੇ ਕੰਮ ਕਰ ਰਹੀ ਹੈ। ਹਰਿਆਣਾ ਦੇਸ਼ ਦਾ ਪਹਿਲਾ ਸੂਬਾ ਹੈ ਜਿਸ ਨੇ ਯੋਗ ਨੂੰ ਉਤਸ਼ਾਹਿਤ ਕਰਨ ਲਈ ‘ਹਰਿਆਣਾ ਯੋਗ ਆਯੋਗ’ ਦਾ ਗਠਨ ਕੀਤਾ ਹੈ।

# ਗੁਰਦੁਆਰਾ ਮੰਡੋਖਰਾ ਸਾਹਿਬ ’ਚ ਸ਼ਹੀਦੀ ਦਿਹਾੜਾ ਮਨਾਇਆ



**ਸ਼ਾਹਬਾਦ ਮਾਰਕੰਡਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਵੇ ਸਿੱਖ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਇਤਿਹਾਸਕ ਗੁਰਦੁਆਰਾ ਮੰਡੋਖਰਾ ਸਹਿਬ ਪਾਤਸ਼ਾਹੀ ਨੌਵੀਂ ਵਿਚ ਬੜੀ ਸ਼ਰਧਾ ਤੇ ਧਾਰਮਿਕ ਉਤਸ਼ਾਹ ਨਾਲ ਮਨਾਇਆ ਗਿਆ।

ਜਿਸ ਵਿਚ ਦੂਰ ਦੁਰਾਡੇ ਦੀਆਂ ਸੰਗਤਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ, ਮਨੁੱਖਤਾ ਲਈ ਉਨ੍ਹਾਂ ਦੀ ਮਹਾਨ ਕੁਰਬਾਨੀ ਨੂੰ ਸ਼ਰਧਾ ਨਾਲ ਯਾਦ ਕੀਤਾ। ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਗੁਰਦੁਆਰਾ ਸਾਹਿਬ ਵਿਚ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਦੀਵਾਨ ਸਜਾਏ ਗਏ। ਰਾਗੀ ਤੇ ਢਾਡੀ ਜਥਿਆਂ ਨੇ ਸੁਰੀਲੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਦੀ ਮਹਿਮਾ ਨਾਲ ਜੋੜਿਆ। ਕੀਰਤਨ ਦੌਰਾਨ ਗੁਰੂ ਅਰਜਨ ਦੇਵ ਜੀ ਦੇ ਜੀਵਨ ਦੀਆਂ ਸਿੱਖਿਆਵਾਂ, ਕੁਰਬਾਨੀ, ਤਪ ਤੇ ਸ਼ਹਾਦਤ ਤੇ ਆਧਾਰਿਤ ਬਾਣੀ ਦਾ ਗਾਇਨ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਸੁਰਿੰਦਰ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਸਾਰੀ ਮਨੁੱਖਤਾ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਕਿਹਾ ਕਿ ਗੁਰੂ ਜੀ ਨੇ ਧਰਮ, ਸੱਚ ਤੇ ਮਨੁੱਖਤਾ ਦੀ ਰੱਖਿਆ ਲਈ ਅਸਹਿ ਤਸੀਹੇ ਝੱਲੇ ਪਰ ਕਦੇ ਵੀ ਆਪਣੇ ਸਿਧਾਂਤਾਂ ਨਾਲ ਸਮਝੌਤਾ ਨਹੀਂ ਕੀਤਾ।

ਉਨ੍ਹਾਂ ਦੀ ਕੁਰਬਾਨੀ ਨਾ ਸਿਰਫ਼ ਸਿੱਖ ਭਾਈਚਾਰੇ ਲਈ ਸਗੋਂ ਸਮੁੱਚੀ ਮਨੁੱਖਤਾ ਲਈ ਸੱਚ ਤੇ ਨਿਆਂ ਦੀ ਰੱਖਿਆ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਗੁਰੂ ਅਰਜਨ ਦੇਵ ਜੀ ਨੇ ਦੁਨੀਆਂ ਨੂੰ ਪਿਆਰ, ਸੇਵਾ, ਸਹਿਣਸ਼ੀਲਤਾ ਤੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਬਾਣੀ ਸੁਖਮਨੀ ਸਾਹਿਬ ਵਿਸ਼ਵ ਪ੍ਰਸਿੱਧ ਹੈ ਜੋ ਸੇਵਾ, ਯਾਦ ਤੇ ਪਰਮਾਤਮਾ ਦੀ ਉਸਤਤ ’ਤੇ ਜ਼ੋਰ ਦਿੰਦੀ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਦੇ ਸਮੇਂ ਵਿਚ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਅਪਨਾਉਣ ਦੀ ਲੋੜ ਹੈ। ਇਸ ਮੌਕੇ ਗੁਰਦੇਵ ਸਿੰਘ ਸੂਰਾ, ਗੁਰਤੇਜ ਸਿੰਘ ਸੇਖੋਂ, ਬਲਕਾਰ ਸਿੰਘ ਰਾਵਾ, ਬਲਬੀਰ ਸਿੰਘ ਮੌਜੂਦ ਸਨ।

# ਕਾਂਗਰਸੀ ਵਿਧਾਇਕ ਦੇ ਦਫ਼ਤਰ ’ਤੇ ਗੋਲੀਬਾਰੀ, ਜਾਂਚ ਸ਼ੁਰੂ

**ਰੋਹਤਕ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**





ਬੀਤੀ ਦੇਰ ਰਾਤ ਮਹਿਮ ਕਸਬੇ ਵਿੱਚ ਕਾਂਗਰਸੀ ਵਿਧਾਇਕ ਬਲਰਾਮ ਡਾਂਗੀ ਦੇ ਦਫ਼ਤਰ ’ਤੇ ਕਈ ਗੋਲੀਆਂ ਚਲਾਈਆਂ ਗਈਆਂ ਹੈ। ਮਹਿਮ ਪੁਲੀਸ ਸਟੇਸ਼ਨ ਦੇ ਸਾਹਮਣੇ ਸਥਿਤ ਇਹ ਦਫ਼ਤਰ ਘਟਨਾ ਸਮੇਂ ਬੰਦ ਸੀ। ਪੁਲੀਸ ਨੇ ਅਹਾਤੇ ਵਿੱਚੋਂ ਸੀਸੀਟੀਵੀ ਡੀਵੀਆਰ ਨੂੰ ਜ਼ਬਤ ਕਰ ਲਿਆ ਹੈ ਅਤੇ ਜ਼ਿੰਮੇਵਾਰ ਵਿਅਕਤੀਆਂ ਦੀ ਪਛਾਣ ਕਰਨ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ।

ਘਟਨਾ ਦੀ ਪੁਸ਼ਟੀ ਕਰਦਿਆਂ ਡਾਂਗੀ ਨੇ @ਟ੍ਰਿਬਿਊਨ ਸਮੂਹ@ ਨੂੰ ਦੱਸਿਆ ਕਿ ਇਹ ਮਾਮਲਾ ਸ਼ਨੀਵਾਰ ਸਵੇਰੇ ਉਦੋਂ ਸਾਹਮਣੇ ਆਇਆ ਜਦੋਂ ਕੇਅਰਟੇਕਰ ਦਫ਼ਤਰ ਪਹੁੰਚਿਆ ਅਤੇ ਉਸ ਨੇ ਬਾਹਰਲੇ ਕੱਚ ਦੇ ਪੈਨ ਟੁੱਟੇ ਹੋਏ ਦੇਖੇ। ਨੇੜਿਓਂ ਜਾਂਚ ਕਰਨ @ਤੇ ਪਤਾ ਲੱਗਾ ਕਿ ਇਹ ਨੁਕਸਾਨ ਗੋਲੀਬਾਰੀ ਕਾਰਨ ਹੋਇਆ ਹੈ। ਉਨ੍ਹਾਂ ਕਿਹਾ ਕਿ ਕੱਚ @ਤੇ ਚਾਰ ਤੋਂ ਪੰਜ ਗੋਲੀਆਂ ਦੇ ਨਿਸ਼ਾਨ ਪਾਏ ਗਏ ਹਨ।ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲੀਸ ਦੀਆਂ ਟੀਮਾਂ ਮੌਕੇ @ਤੇ ਪਹੁੰਚ ਗਈਆਂ ਅਤੇ ਸਥਿਤੀ ਦਾ ਜਾਇਜ਼ਾ ਲਿਆ। ਬਾਅਦ ਵਿੱਚ ਫੁਟੇਜ ਦੀ ਜਾਂਚ ਅਤੇ ਸਬੂਤ ਇਕੱਠੇ ਕਰਨ ਲਈ ਸੀਸੀਟੀਵੀ ਡੀਵੀਆਰ ਨੂੰ ਕਬਜ਼ੇ ਵਿੱਚ ਲੈ ਲਿਆ ਗਿਆ। ਡਾਂਗੀ ਇਸ ਪੜਾਅ @ਤੇ ਕਿਸੇ @ਤੇ ਸ਼ੱਕ ਨਹੀਂ ਕਰ ਰਹੇ ਹਨ ਅਤੇ ਉਨ੍ਹਾਂ ਕਿਹਾ ਕਿ ਹੁਣ ਇਹ ਪੁਲੀਸ ਜਾਂਚ @ਤੇ ਨਿਰਭਰ ਕਰਦਾ ਹੈ ਕਿ ਉਹ ਦੋਸ਼ੀਆਂ ਦੀ ਪਛਾਣ ਕਰੇ।

# ਯਮੁਨਾਨਗਰ ਵਿੱਚ ਸੇਵਾਮੁਕਤ ਮੁਲਾਜ਼ਮ ਦਾ ਕਤਲ

**ਯਮੁਨਾਨਗਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਯਮੁਨਾਨਗਰ ਵਿੱਚ ਬਿਜਲੀ ਵੰਡ ਨਿਗਮ ਦੇ ਇੱਕ ਬਜ਼ੁਰਗ ਸੇਵਾਮੁਕਤ ਸੁਪਰਡੈਂਟ ਇੰਜੀਨੀਅਰ ਜਗਦੀਸ਼ ਬਾਂਸਲ ਦੀ ਹੱਤਿਆ ਹੋ ਗਈ ਹੈ। ਮ੍ਰਿਤਕ ਦੀ ਲਾਸ਼ ਬਿਸਤਰੇ ’ਤੇ ਖੂਨ ਨਾਲ ਲੱਥਪੱਥ ਪਈ ਮਿਲੀ। ਘਰੇਲੂ ਸਮਾਨ ਖਿੱਲਰਿਆ ਪਿਆ ਸੀ, ਜਿਸ ਕਾਰਨ ਸ਼ੱਕ ਪੈਦਾ ਹੁੰਦਾ ਕਿ ਬਜ਼ੁਰਗ ਵਿਅਕਤੀ ਦੀ ਹੱਤਿਆ ਲੁੱਟ ਦੇ ਇਰਾਦੇ ਨਾਲ ਕੀਤੀ ਗਈ ਹੈ। ਉਹ ਘਰ ਵਿੱਚ ਇਕੱਲਾ ਰਹਿੰਦਾ ਸੀ। ਘਟਨਾ ਦੀ ਜਾਣਕਾਰੀ ਮਿਲਣ ’ਤੇ, ਪੁਲੀਸ ਅਤੇ ਫੋਰੈਂਸਿਕ ਟੀਮਾਂ ਨੇ ਸਬੂਤ ਇਕੱਠੇ ਕਰਨ ਲਈ ਦੌਰਾ ਕੀਤਾ।

ਮਿਲੀ ਜਾਣਕਾਰੀ ਅਨੁਸਾਰ, ਜਗਦੀਸ਼ ਬਾਂਸਲ ਆਪਣੇ ਜੱਦੀ ਪਿੰਡ ਜਠਲਾਣਾ ਵਿੱਚ ਰਹਿੰਦਾ ਸੀ। ਉਸ ਦੀ ਪਤਨੀ ਰੇਖਾ ਬਾਂਸਲ ਦਾ 9 ਸਾਲ ਪਹਿਲਾਂ ਦੇਹਾਂਤ ਹੋ ਗਿਆ ਸੀ। ਉਸਦਾ ਇੱਕ ਪੁੱਤਰ ਹੈ ਜੋ ਆਪਣੇ ਪਰਿਵਾਰ ਨਾਲ ਜ਼ੀਰਕਪੁਰ (ਮੁਹਾਲੀ), ਪੰਜਾਬ ਵਿੱਚ ਰਹਿੰਦਾ ਹੈ। ਉਸ ਨੇ ਰੁਖਸਾਨਾ ਨਾਂ ਦੀ ਇੱਕ ਸਥਾਨਕ ਔਰਤ ਨੂੰ ਘਰੇਲੂ ਸਹਾਇਕ ਵਜੋਂ ਰੱਖਿਆ ਸੀ। ਰੁਖਸਾਨਾ ਦੇ ਅਨੁਸਾਰ, ਜਦੋਂ ਉਹ ਸਵੇਰੇ ਪਹੁੰਚੀ, ਤਾਂ ਦੋਵੇਂ ਬਾਹਰੀ ਗੇਟ ਖੁੱਲ੍ਹੇ ਸਨ, ਪਰ ਵਿਚਕਾਰਲਾ ਗੇਟ ਬੰਦ ਸੀ। ਉਸ ਨੇ ਕਾਫ਼ੀ ਦੇਰ ਤੱਕ ਦਰਵਾਜ਼ਾ ਖੜਕਾਇਆ ਅਤੇ ਜਗਦੀਸ਼ ਬਾਂਸਲ ਨੂੰ ਫ਼ੋਨ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਉਸ ਦਾ ਮੋਬਾਈਲ ਫੋਨ ਬੰਦ ਸੀ। ਲਗਭਗ ਅੱਧੇ ਘੰਟੇ ਤੱਕ ਅੰਦਰੋਂ ਕੋਈ ਆਵਾਜ਼ ਨਹੀਂ ਆਈ ਤਾਂ ਉਸ ਨੇ ਗੁਆਂਢੀਆਂ ਦੀ ਮਦਦ ਲਈ, ਜਦੋਂ ਉਨ੍ਹਾਂ ਅੰਦਰ ਝਾਤੀ ਮਾਰੀ ਤਾਂ ਕੁਝ ਸ਼ੱਕੀ ਜਾਪਦਾ ਸੀ, ਇਸ ਲਈ ਉਨ੍ਹਾਂ ਪੁਲੀਸ ਨੂੰ ਸੂਚਿਤ ਕੀਤਾ।

# ਸੁਪਰੀਮ ਕੋਰਟ ਨੇ ਠੱਗੇ ਗਏ ਘਰ ਖਰੀਦਦਾਰਾਂ ਨੂੰ ਪੈਸੇ ਵਾਪਸ ਕਰਨ ਦੀ ਛੋਕਰ ਦੀ ਯੋਜਨਾ ’ਤੇ ਈਡੀ ਤੋਂ ਜਵਾਬ ਮੰਗਿਆ

**ਨਵੀਂ ਦਿੱਲੀ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਸੁਪਰੀਮ ਕੋਰਟ ਨੇ ਸਾਬਕਾ ਹਰਿਆਣਾ ਵਿਧਾਇਕ ਧਰਮ ਸਿੰਘ ਛੋਕਰ ਵੱਲੋਂ ਠੱਗੇ ਗਏ ਘਰ ਖਰੀਦਦਾਰਾਂ ਨੂੰ ਪੈਸੇ ਵਾਪਸ ਕਰਨ ਦੀ ਯੋਜਨਾ @ਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਤੋਂ ਜਵਾਬ ਮੰਗਿਆ ਹੈ। ਛੋਕਰ ਨੇ ਮਹਿਰਾ ਹੋਮਜ਼ 68, 103 ਅਤੇ 104 ਪ੍ਰੋਜੈਕਟਾਂ ਦੀ ਸਥਿਤੀ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੀ ਯੋਜਨਾ ਦਾ ਖੁਲਾਸਾ ਕੀਤਾ ਹੈ। ਮਹਿਰਾ ਹੋਮਜ਼ 104 ਲਈ, ਉਨ੍ਹਾਂ ਨੇ ਟਾਊਨ ਐਂਡ ਕੰਟਰੀ ਪਲੈਨਿੰਗ, ਹਰਿਆਣਾ ਕੋਲ 90 ਕਰੋੜ ਰੁਪਏ ਜਮ੍ਹਾ ਕਰਵਾਉਣ ਦੀ ਪੇਸ਼ਕਸ਼ ਕੀਤੀ ਹੈ।ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਐਮ ਪੰਚੋਲੀ ਦੇ ਬੈਂਚ ਨੇ ਨੋਟ ਕੀਤਾ ਕਿ ਛੋਕਰ ਦੀ ਯੋਜਨਾ ਵਿੱਚ ਸੁਤੰਤਰ ਸਰੋਤਾਂ ਤੋਂ ਵਾਪਸੀ ਦੀ ਕੋਈ ਸਪੱਸ਼ਟ ਵਚਨਬੱਧਤਾ ਨਹੀਂ ਹੈ। ਅਦਾਲਤ ਨੇ ਕਿਹਾ, ÷ਪਟੀਸ਼ਨਰ ਅਤੇ ਸਹਿ-ਮੁਲਜ਼ਮ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਕਥਿਤ @ਅਪਰਾਧ ਦੀ ਕਮਾਈ@ ਦੀ ਵਰਤੋਂ ਕਰਨਾ ਚਾਹੁੰਦੇ ਹਨ। ਬੈਂਚ ਨੇ ਈਡੀ ਨੂੰ 13 ਜੁਲਾਈ, 2026 ਤੱਕ ਆਪਣਾ ਜਵਾਬ ਦਾਇਰ ਕਰਨ ਲਈ ਕਿਹਾ ਹੈ ਅਤੇ ਮਾਮਲੇ ਦੀ ਅਗਲੀ ਸੁਣਵਾਈ 17 ਜੁਲਾਈ, 2026 ਲਈ ਨਿਰਧਾਰਤ ਕੀਤੀ ਹੈ।

# ਸੀ.ਆਈ.ਏ. ਸਟਾਫ਼ ਵੱਲੋਂ 200 ਗ੍ਰਾਮ ਹੈਰੋਇਨ ਸਮੇਤ ਨਸ਼ਾ ਤਸਕਰ ਕਾਬੂ




**ਬਠਿੰਡਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲੀਸ ਵੱਲੋਂ ਚਲਾਈ ਜਾ ਰਹੀ ‘ਨਸ਼ੇ ਵਿਰੁੱਧ ਯੁੱਧ’ ਮੁਹਿੰਮ ਤਹਿਤ ਸੀ.ਆਈ.ਏ. (391) ਸਟਾਫ਼-1 ਬਠਿੰਡਾ ਨੇ ਉੱਪ-ਮੰਡਲ ਤਲਵੰਡੀ ਸਾਬੋ ਦੇ ਪਿੰਡ ਜਗਾ ਰਾਮ ਤੀਰਥ ਤੋਂ ਇੱਕ ਵਿਅਕਤੀ ਨੂੰ ਵੱਡੀ ਮਾਤਰਾ ਵਿੱਚ ਹੈਰੋਇਨ ਸਮੇਤ ਕਾਬੂ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਪੁਲੀਸ ਨੇ ਕਥਿਤ ਦੋਸ਼ੀ ਖ਼ਿਲਾਫ਼ ਥਾਣਾ ਤਲਵੰਡੀ ਸਾਬੋ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਜਾਂਚ ਅਰੰਭ ਦਿੱਤੀ ਹੈ।ਗਸ਼ਤ ਦੌਰਾਨ ਹੱਥ ਲੱਗੀ ਸਫ਼ਲਤਾਜਾਣਕਾਰੀ ਅਨੁਸਾਰ ਜ਼ਿਲ੍ਹਾ ਪੁਲੀਸ ਮੁਖੀ ਬਠਿੰਡਾ ਡਾ. ਜਯੋਤੀ ਯਾਦਵ ਅਤੇ ਜਸਮੀਤ ਸਿੰਘ ਐੱਸ.ਪੀ. (ਡੀ) ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਪੁਲੀਸ ਵੱਲੋਂ ਨਸ਼ਿਆਂ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਵਿੱਢੀ ਹੋਈ ਹੈ। ਇਸੇ ਤਹਿਤ ਸੀ.ਆਈ.ਏ. ਸਟਾਫ਼-1 ਬਠਿੰਡਾ ਦੇ ਇੰਚਾਰਜ ਕਰਨਦੀਪ ਸਿੰਘ ਦੀ ਅਗਵਾਈ ਵਿੱਚ ਏ.ਐੱਸ.ਆਈ. ਪਰਮਜੀਤ ਸਿੰਘ ਪੁਲੀਸ ਪਾਰਟੀ ਸਮੇਤ ਨਸ਼ਾ ਤਸਕਰਾਂ ਦੀ ਭਾਲ ਵਿੱਚ ਤਲਵੰਡੀ ਸਾਬੋ ਤੋਂ ਬਹਿਣੀਵਾਲ ਵਾਇਆ ਜਗਾ ਰਾਮ ਤੀਰਥ ਵੱਲ ਗਸ਼ਤ ਕਰ ਰਹੇ ਸਨ। ਜਦੋਂ ਪੁਲੀਸ ਪਾਰਟੀ ਪਿੰਡ ਜਗਾ ਰਾਮ ਤੀਰਥ ਵਿਖੇ ਪਹੁੰਚੀ ਤਾਂ ਉਨ੍ਹਾਂ ਨੇ ਉੱਥੇ ਇੱਕ ਸ਼ੱਕੀ ਵਿਅਕਤੀ ਨੂੰ ਦੇਖਿਆ। ਪੁਲੀਸ ਪਾਰਟੀ ਨੇ ਸ਼ੱਕ ਦੇ ਆਧਾਰ ’ਤੇ ਉਕਤ ਵਿਅਕਤੀ ਨੂੰ ਰੋਕ ਕੇ ਜਦੋਂ ਉਸ ਦੀ ਤਲਾਸ਼ੀ ਲਈ, ਤਾਂ ਉਸ ਕੋਲੋਂ 200 ਗ੍ਰਾਮ ਹੈਰੋਇਨ ਬਰਾਮਦ ਹੋਈ।

# ਰੈੱਡ ਬੁੱਲਜ਼ ਨੇ ਫੁਟਬਾਲ ਲੀਗ ਦਾ ਖ਼ਿਤਾਬ ਜਿੱਤਿਆ




**ਸ਼ਾਹਬਾਦ ਮਾਰਕੰਡਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਰੈੱਡ ਬੁੱਲਜ਼ ਟੀਮ ਨੇ ਪ੍ਰਸ਼ਾਸਨ ਤੇ ਆਈ ਐੱਸ ਜੀ ਈ ਸੀ ਹੈਵੀ ਇੰਜਨੀਅਰਿੰਗ ਕੰਪਨੀ ਦੇ ਸਹਿਯੋਗ ਨਾਲ ਪਿੰਡ ਬੀੜ ਕਾਲਵਾ ਵਿਚ ਕਰਵਾਈ ਫੁਟਬਾਲ ਲੀਗ 2026 ਨੂੰ ਸ਼ਾਨਦਾਰ ਪ੍ਰਦਰਸ਼ਨ ਨਾਲ ਜਿੱਤ ਲਿਆ। ਇਸ ਮੁਕਾਬਲੇ ਵਿਚ ਸਿਕਸਟੀਨ ਟੀਮ ਉਪ ਜੇਤੂ ਰਹੀ। ਪਿੰਡ ਬੀੜ ਕਾਲਵਾ ਦੇ ਰਾਜੀਵ ਗਾਂਧੀ ਸਪੋਰਟਸ ਗਰਾਊਂਡ ਵਿਚ ਹੋਏ ਇਨਾਂ ਦਿਲਚਸਪ ਮੈਚਾਂ ਨੂੰ ਦੇਖਣ ਲਈ ਵੱਡੀ ਗਿਣਤੀ ਵਿਚ ਖੇਡ ਪ੍ਰੇਮੀ ਮੌਜੂਦ ਸਨ। ਸਮਾਪਤੀ ਸਮਾਰੋਹ ਵਿਚ ਜੇਤੂ ਰੈੱਡ ਬੁਲਜ਼, ਉਪ ਜੇਤ ਟੀਮ ਸਿਕਸਟੀਨ, ਸਰਵੋਤਮ ਗੋਲਕੀਪਰ ਨਮਨ, ਉੱਚ ਸਕੋਰਰ ਸਨਾਹ ਤੇ ਸਰਵੋਤਮ ਖਿਡਾਰੀ ਆਰੀਅਨ ਨੂੰ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਲੀਗ ਦੇ ਪਹਿਲੇ ਦਿਨ ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਣਾ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮਿਲ ਕੇ ਚਾਰ ਟੀਮਾਂ ਦੇ ਦੋ ਮੈਚ ਦੇਖੇ। ਇਹ ਮੈਚ ਆਈ ਐਸਜੀਈਸੀ ਹੈਵੀ ਇੰਜਨੀਅਰਿੰਗ ਕੰਪਨੀ ਵਲੋਂ ਸਪਾਂਸਰ ਕੀਤੇ ਗਏ ਸਨ। ਕੰਪਨੀ ਵਲੋਂ ਖਿਡਾਰੀਆਂ ਨੂੰ ਕਿੱਟਾਂ ਵੀ ਵੰਡੀਆਂ ਗਈਆਂ। ਇਸ ਲੀਗ ਦਾ ਮੁੱਖ ਉਦੇਸ਼ ਪੇਂਡੂ ਪ੍ਰਤਿਭਾਵਾਂ ਨੂੰ ਇਕ ਪਲੇਟਫਾਰਮ ਪ੍ਰਦਾਨ ਕਰਨਾ ਤੇ ਨੌਜਆਨਾਂ ਦੀ ਫੁੱਟਬਾਲ ਪ੍ਰਤੀ ਦਿਲਚਸਪੀ ਵਧਾਉਣਾ ਹੈ। ਡਿਪਟੀ ਕਮਿਸ਼ਨਰ ਨੇ ਖੁਦ ਖੇਡ ਮੈਦਾਨ ਵਿਚ ਆ ਕੇ ਖਿਡਾਰੀਆਂ ਦਾ ਹੌਸਲਾ ਵਧਾਇਆ। ਪਿੰਡ ਦੀ ਪੰਚਾਇਤ ਤੇ ਪ੍ਰਬੰਧਕ ਕਮੇਟੀ ਨੇ ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਣਾ ਦਾ ਧੰਨਵਾਦ ਕੀਤਾ।

# ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ 31 ਜੁਲਾਈ ਤੱਕ ਕਰੋ ਅਪਲਾਈ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ 31 ਜੁਲਾਈ ਤੱਕ ਨਾਮਜ਼ਦਗੀਆਂ ਸੱਦੀਆਂ ਗਈਆਂ ਹਨ। ਰਾਸ਼ਟਰੀ ਬਾਲ ਪੁਰਸਕਾਰ ਤਹਿਤ ਬਹਾਦਰੀ, ਖੇਡਾਂ, ਸਮਾਜਿਕ ਵਿਗਿਆਨ, ਵਿਗਿਆਨ ਅਤੇ ਤਕਨਾਲੋਜੀ, ਵਾਤਾਵਰਣ ਸਮੇਤ ਕਲਾ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਅਸਧਾਰਨ ਪ੍ਰਾਪਤੀਆਂ ਹਾਸਲ ਕਰਨ ਵਾਲੇ ਬੱਚੇ, ਜਿਨ੍ਹਾਂ ਦੀ ਉਮਰ 31 ਜੁਲਾਈ ਨੂੰ 5 ਸਾਲ ਤੋਂ ਲੈ ਕੇ 18 ਸਾਲ ਤੱਕ ਹੋਵੇ, ਨੂੰ ਸਾਲ 2026 ਦੇ ਜਨਵਰੀ ਮਹੀਨੇ ਵਿੱਚ ਆਯੋਜਿਤ ਹੋਣ ਵਾਲੇ ਸਮਾਰੋਹ ਵਿੱਚ ਰਾਸ਼ਟਰਪਤੀ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਪੁਰਸਕਾਰ ਦਾ ਐਲਾਨ 26 ਦਸੰਬਰ 2026 ਨੂੰ ਰਾਸ਼ਟਰੀ ਵੀਰ ਬਾਲ ਦਿਵਸ ਦੇ ਮੌਕੇ ’ਤੇ ਕੀਤਾ ਜਾਵੇਗਾ।

ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਬਾਲ ਪੁਰਸਕਾਰ ਵਿੱਚ ਵੱਖ-ਵੱਖ ਸ਼੍ਰੇਣੀਆਂ ਤਹਿਤ ਕੁੱਲ 25 ਬੱਚਿਆਂ ਦੀ ਚੋਣ ਕੀਤੀ ਜਾਵੇਗੀ। ਪੁਰਸਕਾਰਾਂ ਵਿੱਚ ਇੱਕ ਮੈਡਲ ਸਮੇਤ ਪ੍ਰਸ਼ੰਸਾ ਪੱਤਰ ਪ੍ਰਦਾਨ ਕੀਤੇ ਜਾਣਗੇ। ਸਭ ਤੋਂ ਪਹਿਲਾਂ ਸਕ੍ਰੀਨਿੰਗ ਕਮੇਟੀ ਵੱਲੋਂ ਪ੍ਰਾਪਤ ਅਰਜ਼ੀਆਂ ਦੀ ਛਟਨੀ ਕੀਤੀ ਜਾਵੇਗੀ, ਉਸ ਤੋਂ ਬਾਅਦ ਅੰਤਿਮ ਨਾਮਾਂ ਦੀ ਚੋਣ ÷ਸਿਲੈਕਸ਼ਨ ਨੈਸ਼ਨਲ ਕਮੇਟੀ÷ ਦੁਆਰਾ ਕੀਤੀ ਜਾਵੇਗੀ। ਰਾਸ਼ਟਰੀ ਬਾਲ ਪੁਰਸਕਾਰ ਲਈ ਰਾਜ ਸਰਕਾਰ, ਕੇਂਦਰ ਸ਼ਾਸਿਤ ਪ੍ਰਦੇਸ਼ ਪ੍ਰਸ਼ਾਸਨ, ਜ਼ਿਲ੍ਹਾ ਕੁਲੈਕਟਰ/ਜ਼ਿਲ੍ਹਾ ਮੈਜਿਸਟ੍ਰੇਟ, ਪੰਚਾਇਤੀ ਰਾਜ ਸੰਸਥਾਵਾਂ, ਸਾਰੇ ਕੇਂਦਰੀ ਅਤੇ ਰਾਜ ਸਕੂਲ ਬੋਰਡ, ਕੇਂਦਰੀ ਵਿਦਿਆਲਿਆ ਸੰਗਠਨ, ਨਵੋਦਿਆ ਵਿਦਿਆਲਿਆ ਸੰਗਠਨ, ਰਾਸ਼ਟਰੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ, ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਅਤੇ ਰਾਸ਼ਟਰੀ ਜਨ ਸਹਿਯੋਗ ਅਤੇ ਬਾਲ ਵਿਕਾਸ ਸੰਸਥਾਨ, ਸਮਾਜਿਕ ਨਿਆਂ ਮੰਤਰਾਲਾ, ਦਿਵਿਆਂਗ ਵਿਭਾਗ, ਸਿੱਖਿਆ ਮੰਤਰਾਲੇ ਵਿੱਚ ਸਕੂਲ ਸਿੱਖਿਆ ਵਿਭਾਗ, ਸਕੂਲ ਸਿੱਖਿਆ ਦੇ ਸਾਰੇ ਰਾਜ ਵਿਭਾਗ, ਯੁਵਾ ਮਾਮਲੇ ਮੰਤਰਾਲਾ, ਖੇਡ ਵਿਭਾਗ, ਭਾਰਤੀ ਖੇਡ ਅਥਾਰਟੀ, ਸੱਭਿਆਚਾਰ ਮੰਤਰਾਲਾ, ਵਿਗਿਆਨ ਅਤੇ ਤਕਨਾਲੋਜੀ ਮੰਤਰਾਲਾ, ਵਾਤਾਵਰਣ ਅਤੇ ਜੰਗਲਾਤ ਮੰਤਰਾਲਾ, ਰੱਖਿਆ ਮੰਤਰਾਲਾ, ਗ੍ਰਹਿ ਮੰਤਰਾਲਾ ਅਤੇ ਪ੍ਰੈਸ ਇਨਫੋਰਮੇਸ਼ਨ ਬਿਊਰੋ ਸਮੇਤ ਰਾਸ਼ਟਰੀ ਚੋਣ ਕਮੇਟੀ ਨਾਮਜ਼ਦ ਕਰ ਸਕਦੀਆਂ ਹਨ। ਪੁਰਸਕਾਰ ਨਾਲ ਜੁੜੀ ਹੋਰ ਜਾਣਕਾਰੀ awards.gov.in ’ਤੇ ਦੇਖੀ ਜਾ ਸਕਦੀ ਹੈ।

# ਅੰਤਰਰਾਜੀ ਵਾਹਨ ਚੋਰ ਗਰੋਹ ਦਾ ਪਰਦਾਫਾਸ਼; 25 ਮੋਟਰਸਾਈਕਲ ਬਰਾਮਦ




**ਅੰਬਾਲਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਬਾਲਾ ਪੁਲੀਸ ਨੇ ਵਾਹਨ ਚੋਰੀ ਦੀਆਂ ਵਾਰਦਾਤਾਂ ’ਤੇ ਕਾਰਵਾਈ ਕਰਦਿਆਂ ਇੱਕ ਅੰਤਰਰਾਜੀ ਮੋਟਰਸਾਈਕਲ ਚੋਰ ਗਰੋਹ ਦੇ ਛੇ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ 25 ਚੋਰੀਸ਼ੁਦਾ ਮੋਟਰਸਾਈਕਲਾਂ ਬਰਾਮਦ ਕੀਤੀਆਂ ਹਨ। ਐਸ ਪੀ ਅਜੀਤ ਸਿੰਘ ਸ਼ੇਖਾਵਤ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸੀਆਈਏ-1 ਦੇ ਇੰਚਾਰਜ ਇੰਸਪੈਕਟਰ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਇਹ ਸਫਲ ਕਾਰਵਾਈ ਕੀਤੀ ਗਈ।

ਡੀਐੱਸਪੀ ਕ੍ਰਾਈਮ ਵੀਰਿੰਦਰ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ 16 ਜੂਨ ਨੂੰ ਬਾਈਕ ਚੋਰੀ ਦੇ ਇੱਕ ਮਾਮਲੇ ਵਿੱਚ ਦੋ ਮੁਲਜ਼ਮਾਂ ਕੁਣਾਲ ਅਤੇ ਨਿਤਿਨ ਨੂੰ ਕਾਬੂ ਕੀਤਾ ਗਿਆ ਸੀ। ਪੁੱਛਗਿੱਛ ਦੌਰਾਨ ਉਨ੍ਹਾਂ ਨੇ ਆਪਣੇ ਹੋਰ ਸਾਥੀਆਂ ਬਾਰੇ ਜਾਣਕਾਰੀ ਦਿੱਤੀ, ਜਿਸ ਦੇ ਆਧਾਰ ’ਤੇ ਪੁਲੀਸ ਨੇ ਕੁੱਲ ਛੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ। ਇਨ੍ਹਾਂ ਵਿੱਚ ਚੋਰੀ ਦੇ ਵਾਹਨ ਖਰੀਦਣ ਵਾਲੇ ਵਿਅਕਤੀ ਵੀ ਸ਼ਾਮਲ ਹਨ।

ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਗਰੋਹ ਦੇ ਮੈਂਬਰ ਨਸ਼ੇ ਦੇ ਆਦੀ ਹਨ ਅਤੇ ਆਪਣੀ ਲਤ ਪੂਰੀ ਕਰਨ ਲਈ ਪੰਜਾਬ ਅਤੇ ਅੰਬਾਲਾ ਖੇਤਰ ਤੋਂ ਮੋਟਰਸਾਈਕਲਾਂ ਚੋਰੀ ਕਰਦੇ ਸਨ। ਬਾਅਦ ਵਿੱਚ ਉਹ ਇਨ੍ਹਾਂ ਨੂੰ ਘੱਟ ਕੀਮਤ ’ਤੇ ਵੇਚ ਦਿੰਦੇ ਸਨ। ਪੁਲੀਸ ਮੁਤਾਬਕ ਕੁਝ ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਵੀ ਅਪਰਾਧਿਕ ਮਾਮਲੇ ਦਰਜ ਹਨ। ਮਾਮਲੇ ਦੀ ਜਾਂਚ ਜਾਰੀ ਹੈ ਅਤੇ ਹੋਰ ਵਾਹਨ ਬਰਾਮਦ ਹੋਣ ਦੀ ਸੰਭਾਵਨਾ ਹੈ।

ਪੁਲੀਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਵਾਹਨ ਸੁਰੱਖਿਅਤ ਥਾਵਾਂ ’ਤੇ ਖੜ੍ਹੇ ਕਰਨ ।

# ਗੁਆਂਢੀ ਨਾਲ ਤਕਰਾਰ ਦੌਰਾਨ ਗੋਲੀ ਚੱਲੀ; ਨੌਜਵਾਨ ਜ਼ਖਮੀ

**ਬਠਿੰਡਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਮਲੋਟ ਦੇ ਕਿਲਾ ਪੱਤੀ ਇਲਾਕੇ ਨੇੜੇ ਆਰ ਓ ਵਾਲੀ ਗਲੀ ਵਿੱਚ ਅੱਜ ਹੋਏ ਇੱਕ ਝਗੜੇ ਦੌਰਾਨ ਗੋਲੀ ਚੱਲਣ ਕਾਰਨ ਇੱਕ ਨੌਜਵਾਨ ਜ਼ਖਮੀ ਹੋ ਗਿਆ।

ਜਾਣਕਾਰੀ ਅਨੁਸਾਰ ਨੰਨੂ ਨਾਮਕ ਨੌਜਵਾਨ ਪਿੰਡ ਮਲੋਟ ਵਿੱਚ ਕਿਰਾਏ ’ਤੇ ਰਹਿੰਦਾ ਸੀ, ਉਸ ਦਾ ਆਪਣੇ ਗੁਆਂਢੀਆਂ ਨਾਲ ਕਿਸੇ ਗੱਲ ਨੂੰ ਲੈ ਕੇ ਵਿਵਾਦ ਹੋ ਗਿਆ।

# ਮਿਸ਼ਨ ਕਲੀਨ ਪੰਜਾਬ’ ਤਹਿਤ ਪੁਰਾਣੇ ਸ਼ਹਿਰ ਦਾ ਦੌਰਾ

**ਲੁਧਿਆਣਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



‘ਮਿਸ਼ਨ ਕਲੀਨ ਪੰਜਾਬ’ ਤਹਿਤ ਸਫਾਈ ਵਿੱਚ ਸੁਧਾਰ ਲਈ ਨਾਗਰਿਕਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ ਅਤੇ ਨਗਰ ਨਿਗਮ ਕਮਿਸ਼ਨਰ ਓਜਸਵੀ ਅਲੰਕਾਰ ਨੇ ਅੱਜ ਦੁਰਗਾ ਮਾਤਾ ਮੰਦਰ ਨੇੜੇ ਅਤੇ ਹੋਰ ਪੁਰਾਣੇ ਸ਼ਹਿਰ ਦੇ ਇਲਾਕਿਆਂ ਵਿੱਚ ਲੋਕਾਂ ਨਾਲ ਗੱਲਬਾਤ ਕੀਤੀ।

ਉਨ੍ਹਾਂ ਜਗਰਾਉਂ ਪੁਲ, ਰੇਲਵੇ ਸਟੇਸ਼ਨ ਰੋਡ, ਚੌੜਾ ਬਾਜ਼ਾਰ, ਨਗਰ ਨਿਗਮ ਜ਼ੋਨ ਏ ਦਫ਼ਤਰ ਨੇੜੇ ਦਾ ਇਲਾਕਾ, ਗੁੜ ਮੰਡੀ, ਤਾਲਾਬ ਬਾਜ਼ਾਰ ਸਣੇ ਵੱਖ-ਵੱਖ ਪੁਰਾਣੇ ਸ਼ਹਿਰ ਦੇ ਇਲਾਕਿਆਂ ਦਾ ਦੌਰਾ ਕੀਤਾ।

ਨਗਰ ਨਿਗਮ ਕਮਿਸ਼ਨਰ ਅਲੰਕਾਰ ਅਤੇ ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ ਨੇ ਕਿਹਾ ਕਿ ਸਫਾਈ ਯਕੀਨੀ ਬਣਾਉਣ ਦਾ ਟੀਚਾ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਸਰ ਨਹੀਂ ਕੀਤਾ ਜਾ ਸਕਦਾ।

ਨਿਗਮ ਕਮਿਸ਼ਨਰ ਓਜਸਵੀ ਅਲੰਕਰ ਨੇ ਕਿਹਾ ਕਿ ਬੁੱਢੇ ਦਰਿਆ ਤੋਂ ਗਾਰ ਕੱਢਣ ਤੋਂ ਇਲਾਵਾ, ਸਬੰਧਤ ਅਧਿਕਾਰੀਆਂ ਨੂੰ ਅੰਦਰੂਨੀ ਨਾਲਿਆਂ ਦੀ ਸਫਾਈ ਨੂੰ ਯਕੀਨੀ ਬਣਾਉਣ ਲਈ ਪਹਿਲਾਂ ਤੋਂ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਗਏ ਹਨ।

ਸਥਾਨਕ ਵਾਸੀਆਂ ਨੇ ਕਿਹਾ ਕਿ ਸੀਨੀਅਰ ਅਧਿਕਾਰੀਆਂ ਨੂੰ ਜ਼ਮੀਨੀ ਪੱਧਰ ’ਤੇ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਕਦਮ ਚੁੱਕਦੇ ਦੇਖਣਾ ਚੰਗਾ ਲੱਗਿਆ।

ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ ਅਤੇ ਨਗਰ ਨਿਗਮ ਕਮਿਸ਼ਨਰ ਓਜਸਵੀ ਅਲੰਕਰ ਨੇ ਕਿਹਾ ਕਿ ਸਥਾਨਕ ਸਰਕਾਰਾਂ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ‘ਮਿਸ਼ਨ ਕਲੀਨ ਪੰਜਾਬ’ ਤਹਿਤ ਕੰਮ ਕਰਦਿਆਂ ਸ਼ਹਿਰ ਵਿੱਚ ਸਫਾਈ ਯਕੀਨੀ ਬਣਾਉਣ ਲਈ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਖੁੱਲ੍ਹੇ ਵਿੱਚ ਕੂੜਾ ਨਾ ਸੁੱਟ ਕੇ ਸ਼ਹਿਰ ਨੂੰ ਸਾਫ਼ ਰੱਖਣ ਵਿੱਚ ਅਧਿਕਾਰੀਆਂ ਦਾ ਸਮਰਥਨ ਕਰਨ।

# ਮੁੱਖ ਮੰਤਰੀ ਨੇ ਸਿਰਸਾ ਵਿੱਚ ਕੀਤਾ ਜਨ-ਭਲਾਈ ਕੈਂਪ ਦਾ ਨਿਰੀਖਣ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸੈਣੀ ਨੇ ਸ਼ੁੱਕਰਵਾਰ ਨੂੰ ਕੇਂਦਰ ਸਰਕਾਰ ਦੇ ਸ਼ਾਨਦਾਰ 12 ਸਾਲ ਪੂਰੇ ਹੋਣ ਦੇ ਮੌਕੇ ’ਤੇ ਸਿਰਸਾ ਦੇ ਪੰਚਾਇਤ ਭਵਨ ਵਿੱਚ ਆਯੋਜਿਤ ਜਨ-ਕਲਿਆਣ ਕੈਂਪ ਦਾ ਨਿਰੀਖਣ ਕੀਤਾ। ਕੈਂਪ ਦਾ ਮੁੱਖ ਉਦੇਸ਼ ਸਰਕਾਰ ਦੀਆਂ ਜਨ-ਭਲਾਈਕਾਰੀ ਯੋਜਨਾਵਾਂ ਨੂੰ ਸਿੱਧੇ ਆਮ ਜਨਤਾ ਤੱਕ ਪਹੁੰਚਾਉਣਾ ਅਤੇ ਉਨ੍ਹਾਂ ਨੂੰ ਜਾਗਰੂਕ ਕਰਨਾ ਸੀ। ਕੈਂਪ ਵਿੱਚ ਸਿਹਤ, ਖੇਤੀਬਾੜੀ, ਸਮਾਜ ਭਲਾਈ, ਮਹਿਲਾ ਅਤੇ ਬਾਲ ਵਿਕਾਸ ਸਮੇਤ ਵੱਖ-ਵੱਖ ਵਿਭਾਗਾਂ ਨੇ ਆਪਣੀਆਂ ਸਟਾਲਾਂ ਲਗਾਈਆਂ।

ਮੁੱਖ ਮੰਤਰੀ ਨੇ ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਵੱਲੋਂ ਲਗਾਈਆਂ ਗਈਆਂ ਵਿਕਾਸਾਤਮਕ ਅਤੇ ਭਲਾਈਕਾਰੀ ਸਟਾਲਾਂ ਦਾ ਨਿਰੀਖਣ ਕੀਤਾ। ਨਿਰੀਖਣ ਦੌਰਾਨ ਉਨ੍ਹਾਂ ਅਧਿਕਾਰੀਆਂ ਤੋਂ ਵਿਭਾਗਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਵੱਖ-ਵੱਖ ਯੋਜਨਾਵਾਂ ਅਤੇ ਉਨ੍ਹਾਂ ਦੇ ਅਮਲ ਦੀ ਪ੍ਰਗਤੀ ਬਾਰੇ ਜਾਣਕਾਰੀ ਲਈ।

ਇਸ ਮੌਕੇ ਉਨ੍ਹਾਂ ਮੌਜੂਦ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕੋਈ ਵੀ ਯੋਗ ਵਿਅਕਤੀ ਸਰਕਾਰੀ ਯੋਜਨਾਵਾਂ ਦੇ ਲਾਭ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਕੇਂਦਰ ਅਤੇ ਰਾਜ ਸਰਕਾਰ ਦਾ ਇੱਕੋ-ਇੱਕ ਟੀਚਾ ਆਖਰੀ ਪਾਇਦਾਨ ’ਤੇ ਖੜ੍ਹੇ ਵਿਅਕਤੀ ਦਾ ਉਥਾਨ ਕਰਨਾ ਹੈ। ਸਰਕਾਰ ਦੀਆਂ ਨੀਤੀਆਂ ਪਾਰਦਰਸ਼ੀ ਹਨ ਅਤੇ ਤਕਨੀਕ ਰਾਹੀਂ ਭ੍ਰਿਸ਼ਟਾਚਾਰ ’ਤੇ ਲਗਾਮ ਲਗਾਉਂਦੇ ਹੋਏ ਸਿੱਧਾ ਲਾਭ ਲਾਭਕਾਰਾਂ ਦੇ ਖਾਤਿਆਂ ਵਿੱਚ ਭੇਜਿਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਸ੍ਰੀ ਸ਼ਾਂਤਨੂ ਸ਼ਰਮਾ, ਪੁਲਿਸ ਸੁਪਰਡੈਂਟ ਸਿਰਸਾ ਸ੍ਰੀ ਦੀਪਕ ਸਹਾਰਨ, ਪੁਲਿਸ ਸੁਪਰਡੈਂਟ ਡੱਬਵਾਲੀ ਜਸਲੀਨ ਕੌਰ, ਵਧੀਕ ਡਿਪਟੀ ਕਮਿਸ਼ਨਰ ਸ੍ਰੀ ਅਰਪਿਤ ਸੰਗਲ, ਸਾਬਕਾ ਸੰਸਦ ਮੈਂਬਰ ਸ੍ਰੀਮਤੀ ਸੁਨੀਤਾ ਦੁੱਗਲ, ਜ਼ਿਲ੍ਹਾ ਪ੍ਰਧਾਨ ਭਾਜਪਾ ਸਿਰਸਾ ਸ੍ਰੀ ਯਤਿੰਦਰ ਸਿੰਘ ਐਡਵੋਕੇਟ, ਜ਼ਿਲ੍ਹਾ ਪ੍ਰਧਾਨ ਭਾਜਪਾ ਡੱਬਵਾਲੀ ਸ੍ਰੀਮਤੀ ਰੇਣੂ ਸ਼ਰਮਾ ਮੌਜੂਦ ਰਹੇ।

# ਮਿੱਟੀ ਤੋਂ ਸੋਨਾ ਉਪਜਾਉਣ ਵਾਲੀਆਂ ਛੇ ਸ਼ਖ਼ਸੀਅਤਾਂ



## ਖੇਤੀ ਵਿਰਾਸਤ ਦਾ ਝੰਡਾ ਬਰਦਾਰ
### ਪਦਮਸ਼੍ਰੀ ਜਗਜੀਤ ਸਿੰਘ ਹਾਰਾ

*ਜਗਜੀਤ ਸਿੰਘ ਹਾਰਾ ਦਰਜਨਾਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਕਾਨਫਰੰਸਾਂ 'ਚ ਹਿੱਸਾ ਲੈ ਚੁੱਕੇ ਹਨ। ਅਨੇਕਾਂ ਵੱਡੀਆਂ ਹਸਤੀਆਂ ਤੇ ਨਾਮਵਰ ਖੇਤੀ ਵਿਗਿਆਨੀ ਉਨ੍ਹਾਂ ਦੇ 'ਹਾਰਾ ਬੀਜ ਫਾਰਮ' 'ਤੇ ਆਏ, ਜਿਸ ਨੂੰ ਉਨ੍ਹਾਂ ਨੇ 'ਵਿਜ਼ਿਟਰ ਬੁੱਕ' ਸਿਰਲੇਖ ਅਧੀਨ ਕਲਮਬੱਧ ਕੀਤਾ ਹੈ। ਇੱਥੋਂ ਤਕ ਕਿ ਮਸ਼ਹੂਰ ਖੇਤੀ ਵਿਗਿਆਨੀ ਨੋਬਲ ਪੁਰਸਕਾਰ ਜੇਤੂ ਡਾ. ਨਾਰਮਨ ਈ ਬੋਰਲਾਗ ਨੇ ਵੀ ਉਨ੍ਹਾਂ ਦੀ ਸ਼ਲਾਘਾ ਕੀਤੀ...*

ਜਗਜੀਤ ਸਿੰਘ ਹਾਰਾ ਖੇਤੀਬਾੜੀ ਦੇ ਖੇਤਰ 'ਚ ਸਤਿਕਾਰਤ ਨਾਂ ਹੈ। ਉਨ੍ਹਾਂ ਦੇ ਚਾਚਾ ਸਰਦਾਰ ਬਹਾਦਰ ਲਾਲ ਸਿੰਘ ਨੇ ਪੰਜਾਬ ਨੂੰ ਬਾਗ਼ਬਾਨੀ ਦੇ ਖੇਤਰ 'ਚ ਨਵੀਆਂ ਲੀਹਾਂ ਉੱਪਰ ਤੋਰਨ 'ਚ ਅਹਿਮ ਭੂਮਿਕਾ ਨਿਭਾਈ। ਜਗਜੀਤ ਸਿੰਘ ਹਾਰ ਨੇ ਆਪਣੇ ਪਿਤਾ ਸਰਦਾਰ ਰਾਮ ਸਿੰਘ ਪਾਸੋਂ ਖੇਤੀ ਤਕਨੀਕਾਂ ਹਾਸਲ ਕੀਤੀਆਂ। ਸਰਦਾਰ ਰਾਮ ਸਿੰਘ ਨੂੰ ਆਜ਼ਾਦੀ ਤੋਂ ਪਹਿਲਾਂ ਮੁਲਤਾਨ ਜ਼ਿਲ੍ਹੇ 'ਚ ਸਰਕਾਰ ਵੱਲੋਂ 25 ਏਕੜ ਬੰਜਰ ਜ਼ਮੀਨ ਆਬਾਦ ਕਰਨ ਲਈ ਅਲਾਟ ਕੀਤੀ ਗਈ ਸੀ। ਜਿਸ ਨੂੰ ਉਨ੍ਹਾਂ ਨੇ ਸਿਰੜ ਤੇ ਸਿਦਕ ਨਾਲ ਲਹਿਲਹਾਉਂਦੀ ਬਣਾਇਆ ਸੀ। ਖੇਤੀ ਦੀ ਇਸ ਵਿਰਾਸਤ ਨੂੰ ਅੱਜ ਜਗਜੀਤ ਸਿੰਘ ਹਾਰਾ ਉਸੇ ਲਗਨ ਨਾਲ ਅੱਗੇ ਤੋਰ ਰਹੇ ਹਨ।



ਉਨ੍ਹਾਂ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨੰਦਪੁਰ ਵਿਖੇ ਹੋਇਆ। ਉਨ੍ਹਾਂ ਦੇ ਫਾਰਮ ਦੀਆਂ ਮੁੱਖ ਫ਼ਸਲਾਂ ਕਣਕ, ਝੋਨਾ, ਖਰਬੂਜ਼ਾ, ਆਲੂ ਆਦਿ ਹਨ। ਉਨ੍ਹਾਂ ਦਾ ਫਾਰਮ ਇਨ੍ਹਾਂ ਫ਼ਸਲਾਂ ਦੇ ਬੀਜਾਂ ਲਈ ਪੰਜਾਬ ਵਿਚ ਹੀ ਨਹੀਂ ਸਗੋਂ ਸਾਰੇ ਭਾਰਤ ਵਿਚ ਮਸ਼ਹੂਰ ਹੈ। ਉਨ੍ਹਾਂ ਦੀਆਂ ਖੇਤੀ ਵਿਚ ਪ੍ਰਾਪਤੀਆਂ ਕਰਕੇ ਉਨ੍ਹਾਂ ਨੂੰ ਕਈ ਸੂਬਾਈ, ਰਾਸ਼ਟਰੀ ਅਤੇ ਕੌਮਾਂਤਰੀ ਪੱਧਰ ਦੇ ਇਨਾਮ-ਸਨਮਾਨ ਮਿਲ ਚੁੱਕੇ ਹਨ। ਉਹ ਕਈ ਸਲਾਹਕਾਰ ਕਮੇਟੀਆਂ ਦੇ ਮੈਂਬਰ ਵੀ ਰਹੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਪਹਿਲੀ ਵਾਰ 1977 ਵਿਚ ਸਨਮਾਨਤ ਕੀਤਾ ਗਿਆ।

ਖੇਤੀ ਸਬੰਧੀ ਨਵੀਆਂ ਤਕਨੀਕਾਂ ਅਤੇ ਨਵੀਨਤਮ ਗਿਆਨ ਪ੍ਰਾਪਤ ਕਰਨ ਲਈ ਉਹ ਕਈ ਦੇਸ਼ਾਂ ਦਾ ਦੌਰਾ ਕਰ ਚੁੱਕੇ ਹਨ। ਉਹ ਖੇਤੀ ਯੂਨੀਵਰਸਿਟੀ ਦੀ ਕਿਸਾਨ ਸਲਾਹਕਾਰ ਕਮੇਟੀ ਦੇ ਮੈਂਬਰ ਵੀ ਰਹੇ ਅਤੇ ਕਿਸਾਨਾਂ ਨੂੰ ਪੇਸ਼ ਆਉਂਦੀਆਂ ਤਕਨੀਕੀ ਮੁਸ਼ਕਿਲਾਂ ਨੂੰ ਖੇਤੀ ਮਾਹਿਰਾਂ ਸਾਹਮਣੇ ਬੜੇ ਸੁਚੱਜੇ ਢੰਗ ਨਾਲ ਪੇਸ਼ ਕਰਦੇ ਰਹੇ। ਮਨੀਲਾ ਸਥਿਤ ਅੰਤਰਰਾਸ਼ਟਰੀ ਝੋਨਾ ਖੋਜ ਕੇਂਦਰ ਨੇ 1985 ਵਿਚ ਆਪਣੇ ਸਿਲਵਰ ਜੁਬਲੀ ਸਮਾਗਮ ਮੌਕੇ ਦੁਨੀਆ ਦੇ 14 ਉੱਤਮ ਝੋਨਾ ਉਤਪਾਦਕਾਂ ਨੂੰ 'ਆਊਟਸਟੈਂਡਿੰਗ ਫਾਰਮਰ ਆਫ ਦਿ ਵਰਲਡ' ਦਾ ਸਨਮਾਨ ਦਿੱਤਾ ਗਿਆ, ਜਿਨ੍ਹਾਂ ਵਿੱਚੋਂ ਜਗਜੀਤ ਸਿੰਘ ਹਾਰਾ ਵੀ ਇਕ ਸਨ। ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ 'ਵਿਜ਼ਟਿੰਗ ਫਾਰਮਰ ਪ੍ਰੋਫੈਸਰ' ਵੀ ਰਹੇ। ਮਾਸਕੋ ਸਟੇਟ ਐਗਰੋ ਇੰਜੀਨੀਅਰਿੰਗ ਯੂਨੀਵਰਸਿਟੀ ਵੱਲੋਂ 1993 ਵਿਚ ਉਨ੍ਹਾਂ ਨੂੰ 'ਪ੍ਰੋਫੈਸਰ ਆਫ ਆਨਰ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। 1992 ਵਿਚ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ 'ਪਦਮਸ਼੍ਰੀ' ਦੇ ਕੇ ਸਨਮਾਨਤ ਕੀਤਾ ਗਿਆ। ਇਹ ਇਨਾਮ ਹਾਸਲ ਕਰਨ ਵਾਲੇ ਉਹ ਸਭ ਤੋਂ ਛੋਟੀ ਉਮਰ ਦੇ ਨੌਜਵਾਨ ਸਨ। •

*ਮਹਿੰਦਰ ਸਿੰਘ ਗਰੇਵਾਲ ਨੇ ਛੋਟੀ ਕਿਸਾਨੀ ਦੇ ਬਾਵਜੂਦ ਵੱਡਾ ਨਾਮਣਾ ਖੱਟਿਆ ਹੈ। ਉਨ੍ਹਾਂ ਨੂੰ 5 ਅੰਤਰਰਾਸ਼ਟਰੀ, 7 ਰਾਸ਼ਟਰੀ ਅਤੇ 16 ਸੂਬਾ ਪੱਧਰੀ ਇਨਾਮਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ...*


## ਫਸਟ ਫੈਲੋ ਫਾਰਮਰ
### ਮਹਿੰਦਰ ਸਿੰਘ ਗਰੇਵਾਲ

ਕਿਸਾਨ ਮਹਿੰਦਰ ਸਿੰਘ ਗਰੇਵਾਲ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕੰਗਣਵਾਲ ਦੇ ਵਸਨੀਕ ਹਨ। ਉਨ੍ਹਾਂ ਨੇ ਸੱਤ ਸਾਲ ਨੇਵੀ ਦੀ ਨੌਕਰੀ ਕਰਨ ਪਿੱਛੋਂ 1966 ਵਿਚ ਖੇਤੀ ਦਾ ਧੰਦਾ ਸ਼ੁਰੂ ਕੀਤਾ ਤੇ ਅੱਜ ਉਨ੍ਹਾਂ ਕੋਲ 53 ਸਾਲ ਦਾ ਖੇਤੀ ਤਜ਼ਰਬਾ ਹੈ। ਉਨ੍ਹਾਂ ਨੇ ਛੇ ਏਕੜ ਜ਼ਮੀਨ ਤੋਂ ਖੇਤੀ ਕਰਨੀ ਸ਼ੁਰੂ ਕੀਤੀ ਤੇ ਖੇਤੀ ਮਾਹਿਰਾਂ ਦੀ ਮਦਦ ਨਾਲ ਅਨੇਕਾਂ ਤਜ਼ਰਬੇ ਕੀਤੇ ਆਪਣੇ ਅਣਥੱਕ ਯਤਨਾਂ ਨਾਲ ਸਾਲ ਵਿਚ 3 ਤੋਂ 5 ਫ਼ਸਲਾਂ ਲੈਣ ਲੱਗੇ। ਬਹੁ-ਫ਼ਸਲੀ ਚੱਕਰ ਨੂੰ ਅਪਣਾ ਕੇ ਉਨ੍ਹਾਂ ਨੇ ਆਪਣੀ ਆਮਦਨ ਵਿਚ ਵਾਧਾ ਹੀ ਨਹੀਂ ਕੀਤਾ ਸਗੋਂ ਆਪਣੇ ਖੇਤੀ ਖ਼ਰਚੇ ਵੀ ਘਟਾ ਲਏ। ਇਸ ਨਾਲ ਖਾਦ ਦੀ ਵਰਤੋਂ ਘਟੀ, ਵਹਾਈ ਦਾ ਖ਼ਰਚਾ ਘਟਿਆ, ਖੇਤਾਂ ਵਿੱਚੋਂ ਨਦੀਨਾਂ ਦੀ ਮੁਸ਼ਕਿਲ ਦੂਰ ਹੋਈ ਅਤੇ ਜ਼ਮੀਨ ਦੀ ਤਾਕਤ ਵਿਚ ਵੀ ਵਾਧਾ ਹੋਇਆ।



ਮਹਿੰਦਰ ਸਿੰਘ ਗਰੇਵਾਲ ਨੇ ਖੇਤੀ ਦੇ ਨਾਲ-ਨਾਲ ਸ਼ਹਿਦ ਮੱਖੀਆਂ ਪਾਲਣਾ, ਫਲਦਾਰ ਬੂਟਿਆਂ ਦੀ ਨਰਸਰੀ ਲਗਾਉਣ, ਸਬਜ਼ੀਆਂ ਦੀ ਕਾਸ਼ਤ ਵਰਗੇ ਖੇਤੀ ਸਹਾਇਕ ਧੰਦਿਆਂ ਨੂੰ ਵੀ ਅਪਣਾਇਆ। ਛੋਟੀ ਕਿਸਾਨੀ ਦੇ ਬਾਵਜੂਦ ਉਨ੍ਹਾਂ ਨੇ ਖੇਤੀ ਦੇ ਖੇਤਰ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਅਤੇ ਪੰਜਾਬ ਸਰਕਾਰ ਵੱਲੋਂ ਰਾਸ਼ਟਰੀ ਪੱਧਰ ਦੇ ਐਗਰੀਕਲਚਰ ਕਮਿਸ਼ਨ ਦੇ ਮੈਂਬਰ ਬਣੇ। ਉਹ ਕਈ ਹੋਰ ਸੂਬਾ ਪੱਧਰੀ ਅਤੇ ਰਾਸ਼ਟਰੀ ਪੱਧਰ ਦੀਆਂ ਸੰਸਥਾਵਾਂ ਦੇ ਵੀ ਮੈਂਬਰ ਵੀ ਰਹੇ ਹਨ। ਬਹੁਤ ਸਾਰੇ ਭਾਰਤੀ ਅਤੇ ਵਿਦੇਸ਼ੀ ਕਿਸਾਨ ਉਨ੍ਹਾਂ ਦੇ ਫਾਰਮ ਨੂੰ ਵੇਖਣ ਲਈ ਆਉਂਦੇ ਹਨ ਤੇ ਉਹ ਕਿਸੇ ਵੀ ਵੇਲੇ ਸਲਾਹ ਮਸ਼ਵਰੇ ਲਈ ਹਾਜ਼ਰ ਰਹਿੰਦੇ ਹਨ। ਉਨ੍ਹਾਂ ਨੂੰ 5 ਅੰਤਰਰਾਸ਼ਟਰੀ, 7 ਰਾਸ਼ਟਰੀ ਅਤੇ 16 ਸੂਬਾ ਪੱਧਰੀ ਇਨਾਮਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਮਹਿੰਦਰ ਸਿੰਘ ਗਰੇਵਾਲ ਬਤੌਰ 'ਵਿਗਿਆਨਕ ਕਿਸਾਨ' ਅਮਰੀਕਾ, ਕੈਨੇਡਾ, ਮੈਕਸੀਕੋ, ਥਾਈਲੈਂਡ, ਇੰਗਲੈਂਡ ਅਤੇ ਪਾਕਿਸਤਾਨ ਆਦਿ ਦੇਸ਼ਾਂ ਦਾ ਦੌਰਾ ਕਰ ਚੁੱਕੇ ਹਨ। ਉਹ ਕਈ ਸਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਕਿਸਾਨ ਕਲੱਬ ਦੇ ਪ੍ਰਧਾਨ ਵੀ ਰਹੇ। ਸਾਲ 2016-17 ਵਿਚ ਉਨ੍ਹਾਂ ਨੂੰ ਪੀਏਯੂ ਲੁਧਿਆਣਾ ਦੇ ਪਹਿਲੇ 'ਫੈਲੋ ਫਾਰਮਰ' ਹੋਣ ਦਾ ਮਾਣ ਹਾਸਲ ਹੋਇਆ ਹੈ। •





## ਵਿਗਿਆਨਕ ਲੀਹਾਂ ਦਾ ਪਾਂਧੀ
### ਜਗਤਾਰ ਸਿੰਘ ਬਰਾੜ

*ਜਗਤਾਰ ਸਿੰਘ ਬਰਾੜ ਨੇ ਆਪਣੇ ਖੇਤਾਂ ਵਿਚ ਫ਼ਸਲੀ ਚੱਕਰ ਨੂੰ ਇਸ ਢੰਗ ਨਾਲ ਅਪਣਾਇਆ ਹੈ ਕਿ ਉਨ੍ਹਾਂ ਨੇ 300 ਫ਼ੀਸਦੀ ਤੋਂ ਵੱਧ ਫ਼ਸਲੀ ਘਣਤਾ ਅਪਣਾਈ ਹੈ। 1999 ਵਿਚ ਜਿਸ ਸਮੇਂ ਜ਼ਿਆਦਾਤਰ ਕਿਸਾਨਾਂ ਨੂੰ ਪੌਲੀ ਹਾਊਸ ਬਾਰੇ ਜਾਣਕਾਰੀ ਵੀ ਨਹੀਂ ਸੀ, ਉਸ ਸਮੇਂ ਉਨ੍ਹਾਂ ਨੇ ਖ਼ੁਦ ਇਸ ਨੂੰ ਤਿਆਰ ਕੀਤਾ ਸੀ...*

58 ਵਰ੍ਹਿਆਂ ਦੇ ਜਗਤਾਰ ਸਿੰਘ ਬਰਾੜ ਨੇ ਆਪਣੀ 40 ਏਕੜ ਜ਼ਮੀਨ ਤੋਂ ਇਲਾਵਾ 35 ਏਕੜ ਜ਼ਮੀਨ ਠੇਕੇ 'ਤੇ ਲਈ ਹੋਈ ਹੈ। ਸਾਲ 1977 ਤੋਂ ਉਨ੍ਹਾਂ ਨੇ ਆਲੂਆਂ ਦੀ ਕਾਸ਼ਤ ਕਰਨੀ ਸ਼ੁਰੂ ਕੀਤੀ ਤੇ ਇਲਾਕੇ ਦੇ ਕਿਸਾਨਾਂ ਲਈ ਚਾਨਣ-ਮੁਨਾਰਾ ਬਣ ਕੇ ਉੱਭਰੇ ਹਨ। ਸਖ਼ਤ ਮਿਹਨਤ ਅਤੇ ਲਗਨ ਨਾਲ ਉਨ੍ਹਾਂ ਨੇ ਆਪਣੇ ਫ਼ਸਲੀ-ਚੱਕਰ ਨੂੰ ਇਸ ਤਰ੍ਹਾਂ ਵਿਓਂਤਿਆ ਹੈ ਕਿ ਆਪਣੇ ਖੇਤਾਂ ਵਿਚ ਉਨ੍ਹਾਂ ਨੇ 300 ਫ਼ੀਸਦੀ ਤੋਂ ਵੀ ਵੱਧ ਫ਼ਸਲੀ ਘਣਤਾ ਅਪਣਾਈ ਹੈ।

ਸਾਲ 1996 ਵਿਚ ਉਨ੍ਹਾਂ ਨੇ ਮਿਰਚਾਂ ਦੀ ਕਾਸ਼ਤ ਸ਼ੁਰੂ ਕੀਤੀ ਤੇ ਅੱਜ 15 ਏਕੜ ਰਕਬੇ 'ਚ ਮਿਰਚਾਂ ਦੀ ਸਫਲ ਕਾਸ਼ਤ ਕਰ ਰਹੇ ਹਨ। ਉਸਾਰੂ ਸੋਚ ਦੇ ਮਾਲਕ ਜਗਤਾਰ ਸਿੰਘ ਬਰਾੜ ਨੇ 1999 ਵਿਚ ਖ਼ੁਦ ਡਿਜ਼ਾਈਨ ਕਰ ਕੇ ਪੌਲੀ-ਹਾਊਸ ਤਿਆਰ ਕੀਤਾ। ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚ ਅਜੇ ਕਿਸਾਨਾਂ ਨੂੰ ਪੌਲੀ ਹਾਊਸ ਤਕਨੀਕ ਬਾਰੇ ਵਧੇਰੇ ਜਾਣਕਾਰੀ ਨਹੀਂ ਸੀ। ਇਸ ਪੌਲੀ ਹਾਊਸ ਵਿਚ ਉਹ ਆਪਣੇ ਤੇ ਆਪਣੇ ਸਾਥੀਆਂ ਲਈ ਸਬਜ਼ੀਆਂ ਦੀ ਪਨੀਰੀ ਤਿਆਰ ਕਰਦੇ ਹਨ। ਉਨ੍ਹਾਂ ਨੇ ਨਵੀਆਂ ਖੇਤੀ ਤਕਨੀਕਾਂ ਤੇ ਵਿਗਿਆਨਕ ਜਾਣਕਾਰੀ ਪ੍ਰਾਪਤ ਕਰਨ ਤੇ ਖੇਤੀ ਨੂੰ ਤਰੱਕੀ ਦੇ ਰਾਹ ਤੋਰਨ ਲਈ ਦੇਸ਼ ਦੇ ਵੱਖ-ਵੱਖ ਅਦਾਰਿਆਂ ਪਾਸੋਂ ਸਿਖਲਾਈ ਪ੍ਰਾਪਤ ਕੀਤੀ ਤੇ ਇਨ੍ਹਾਂ ਤਕਨੀਕਾਂ ਨੂੰ ਆਪਣੇ ਖੇਤਾਂ ਵਿਚ ਸਾਕਾਰ ਰੂਪ ਦਿੱਤਾ।



ਉਹ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਤੇ ਕੀੜਿਆਂ ਦੇ ਆਰਥਿਕ ਕਗਾਰ ਅਨੁਸਾਰ ਕੀਟ ਨਾਸ਼ਕਾਂ ਦੀ ਸੰਜਮੀਂ ਵਰਤੋਂ ਕਰਦੇ ਹਨ ਅਤੇ ਖੇਤਾਂ ਵਿਚ ਮਿੱਟੀ ਦੀ ਪਰਖ ਦੇ ਆਧਾਰ 'ਤੇ ਲੋੜ ਅਨੁਸਾਰ ਖਾਦਾਂ ਦੀ ਵਰਤੋਂ ਕਰਦੇ ਹਨ। ਇਸ ਨਾਲ ਜਿੱਥੇ ਕੀਟਨਾਸ਼ਕਾਂ ਉੱਪਰ ਹੋਣ ਵਾਲੇ ਖ਼ਰਚੇ 'ਚ ਗਿਰਾਵਟ ਆਉਂਦੀ ਹੈ, ਉੱਥੇ ਇਨ੍ਹਾਂ ਜ਼ਹਿਰਾਂ ਕਾਰਨ ਕਦਰਤੀ ਵਸੀਲਿਆਂ ਤੇ ਮਨੁੱਖੀ ਸਿਹਤ ਨੂੰ ਪੁੱਜਣ ਵਾਲੇ ਨੁਕਸਾਨ ਤੋਂ ਵੀ ਬਚਾਅ ਰਹਿੰਦਾ ਹੈ। ਉਹ ਝੋਨੇ ਵਿਚ ਪੱਤਾ ਰੰਗ ਚਾਰਟ ਅਤੇ ਟੈਂਸ਼ੀਓਮੀਟਰ ਦੀ ਵਰਤੋਂ ਕਰਦੇ ਹਨ ਅਤੇ ਉਸ ਅਨੁਸਾਰ ਹੀ ਖਾਦਾਂ ਤੇ ਪਾਣੀ ਦੀ ਵਰਤੋਂ ਕਰਦੇ ਹਨ। ਜਗਤਾਰ ਸਿੰਘ ਆਪਣੀ ਜਿਣਸ ਦੀ ਦਰਜਾਬੰਦੀ ਕਰ ਕੇ ਖ਼ੁਦ ਮੰਡੀਕਰਨ ਕਰਦੇ ਹਨ। ਪੰਜਾਬ ਦੇ ਕਿਸਾਨਾਂ ਲਈ ਚਾਨਣ ਮੁਨਾਰਾ ਬਣਨ ਵਾਲੇ ਜਗਤਾਰ ਸਿੰਘ ਬਰਾੜ ਬਠਿੰਡਾ ਜ਼ਿਲ੍ਹੇ ਦੇ ਪਿੰਡ ਮਹਿਮਾ ਸਿਰਜਾ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਨੇ ਐੱਮਏ ਅੰਗਰੇਜ਼ੀ ਤਕ ਦੀ ਤਾਲੀਮ ਹਾਸਲ ਕੀਤੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੀਆਂ ਖੇਤੀ ਤਕਨੀਕਾਂ ਅਤੇ ਖੇਤੀ ਸਹਾਇਕ ਧੰਦਿਆਂ ਨੂੰ ਅਪਨਾਉਣ ਵਾਲੇ ਜਗਤਾਰ ਸਿੰਘ ਨੂੰ ਖੇਤੀ ਦੇ ਖੇਤਰ 'ਚ ਪਏ ਅਹਿਮ ਯੋਗਦਾਨ ਲਈ ਇਸ ਸਾਲ 'ਮੁੱਖ ਮੰਤਰੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ਹੈ। •

## ਘਾਹ ਨੂੰ ਨੋਟਾਂ 'ਚ ਬਦਲਣ ਵਾਲਾ ਕਿਸਾਨ
### ਰਜਿੰਦਰ ਸਿੰਘ ਧਾਲੀਵਾਲ

ਨਵੀਂ ਸੋਚ ਦੇ ਧਾਰਨੀ ਰਜਿੰਦਰ ਸਿੰਘ ਧਾਲੀਵਾਲ ਪਿੰਡ ਆਬੂਵਾਲ, ਜ਼ਿਲ੍ਹਾ ਲੁਧਿਆਣਾ ਦੇ ਨਿਵਾਸੀ ਹਨ ਅਤੇ ਵਿਗਿਆਨਕ ਲੀਹਾਂ 'ਤੇ ਖੇਤੀਬਾੜੀ ਕਰਨ ਵਾਲੇ ਅਗਾਂਹਵਧੂ ਕਿਸਾਨ ਹਨ। ਰਜਿੰਦਰ ਸਿੰਘ ਕਣਕ-ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਨੂੰ ਤਿਆਗ ਕੇ ਘਾਹ ਦੀ ਖੇਤੀ ਕਰ ਰਹੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਫਲੋਰੀਕਲਚਰ ਅਤੇ ਲੈਂਡਸਕੇਪਿੰਗ ਵਿਭਾਗ ਦੇ ਮਾਹਿਰਾਂ ਦੇ ਸਹਿਯੋਗ ਨਾਲ ਸਾਲ 2006 ਦੌਰਾਨ ਉਨ੍ਹਾਂ ਨੇ ਇਕ ਏਕੜ ਰਕਬੇ ਤੋਂ ਘਾਹ ਦੀ ਖੇਤੀ ਸ਼ੁਰੂ ਕੀਤੀ ਅਤੇ ਇਸ ਤੋਂ ਬਾਅਦ ਨਦੀਨਾਂ ਤੋਂ ਮੁਕਤ ਉੱਤਮ ਕਿਸਮ ਦੇ ਘਾਹ ਦੇ ਰੋਲ ਤਿਆਰ ਕੀਤੇ, ਜਿਨ੍ਹਾਂ ਨੂੰ ਪੰਜਾਬ ਭਰ ਦੀਆਂ ਨਰਸਰੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ।



*ਰਜਿੰਦਰ ਸਿੰਘ ਧਾਲੀਵਾਲ ਨੇ ਕਣਕ ਅਤੇ ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਨੂੰ ਨਾ ਅਪਣਾ ਕੇ ਘਾਹ ਦੀ ਖੇਤੀ ਦਾ ਰਸਤਾ ਅਪਣਾਇਆ ਅਤੇ ਅੱਜ ਉਹ 17 ਏਕੜ ਰਕਬੇ ਵਿਚ ਸੱਤ ਕਿਸਮਾਂ ਦਾ ਘਾਹ ਉਗਾ ਰਹੇ ਹਨ...*

ਰਜਿੰਦਰ ਸਿੰਘ ਆਪਣੀ ਪੰਜ ਏਕੜ ਅਤੇ ਠੇਕੇ 'ਤੇ ਲਈ 12 ਏਕੜ ਜ਼ਮੀਨ ਉੱਪਰ ਸੱਤ ਕਿਸਮਾਂ ਦਾ ਘਾਹ ਪੈਦਾ ਕਰ ਰਹੇ ਹਨ। ਉਨ੍ਹਾਂ ਨੇ ਇਸ ਕਿੱਤੇ ਨੂੰ ਅਪਣਾ ਕੇ ਚੰਗਾ ਮੁਨਾਫ਼ਾ ਅਤੇ ਨਾਮਣਾ ਖੱਟਿਆ ਹੈ। ਕੰਪਿਊਟਰ ਅਤੇ ਇੰਟਰਨੈੱਟ ਵਰਗੀਆਂ ਆਧੁਨਿਕ ਤਕਨੀਕਾਂ ਦੇ ਸਹਾਰੇ ਉਹ ਘਾਹ ਦਾ ਖ਼ੁਦ ਮੰਡੀਕਰਨ ਕਰਦੇ ਹਨ। ਰਜਿੰਦਰ ਸਿੰਘ ਨੇ ਆਪਣੀ ਵੈੱਬਸਾਈਟ ਵੀ ਬਣਾਈ ਹੋਈ ਹੈ।।ਜ਼ਮੀਨ ਦੀ ਸਿਹਤ ਨੂੰ ਬਰਕਰਾਰ ਰੱਖਣ ਲਈ ਉਹ ਦੇਸੀ ਰੂੜੀ ਦੀ ਵਰਤੋਂ ਕਰਦੇ ਹਨ। ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਰਸਾਇਣਾਂ ਦੀ ਬੇਹੱਦ ਸੰਜਮ ਨਾਲ ਵਰਤੋਂ ਕਰਦੇ ਹਨ। ਜਲ-ਸੋਮਿਆਂ ਦੀ ਸਾਂਭ-ਸੰਭਾਲ ਹੋ ਸਕੇ, ਇਸ ਦੇ ਲਈ ਉਹ ਘਾਹ ਦੀ ਫ਼ਸਲ ਨੂੰ ਫ਼ੁਹਾਰਿਆਂ ਰਾਹੀਂ ਸਿੰਚਾਈ ਕਰਦੇ ਹਨ।

ਉਹ ਕਿਸਾਨ ਕਲੱਬ ਦੇ ਮੈਂਬਰ ਹਨ ਅਤੇ ਪੰਜਾਬ ਭਰ ਦੇ ਕਿਸਾਨ ਉਨ੍ਹਾਂ ਦੇ ਇਸ ਵਿਲੱਖਣ ਉਪਰਾਲੇ ਤੋਂ ਪ੍ਰੇਰਿਤ ਹਨ। ਰਜਿੰਦਰ ਸਿੰਘ ਨੂੰ ਘਾਹ ਉਤਪਾਦਨ ਵਿਚ ਚੰਗੀ ਕਾਰਗੁਜ਼ਾਰੀ ਵਿਖਾਉਣ ਲਈ 'ਬਾਰਲਾਗ ਫਾਰਮਰਜ਼ ਐਸੋਸੀਏਸ਼ਨ ਫਾਰ ਸਾਊਥ ਏਸ਼ੀਆ', 'ਨਿਊਫ਼ੀਲਡ ਆਸਟ੍ਰੇਲੀਆ ਫਾਰਮਿੰਗ ਸਕਾਲਰਜ਼' ਸਮੇਤ ਕਈ ਕੌਮੀ ਅਤੇ ਵਿਦੇਸ਼ੀ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਬਾਗ਼ਬਾਨੀ ਨੂੰ ਵਿਸ਼ੇਸ਼ ਹੁਲਾਰਾ ਦੇਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਮੁੱਖ ਮੰਤਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। •





## ਸਬਜ਼ੀਆਂ ਦਾ ਸਰਤਾਜ
### ਵਿੰਦਰ ਸਿੰਘ

ਵਿੰਦਰ ਸਿੰਘ ਨੇ ਕਣਕ ਅਤੇ ਝੋਨੇ ਦੇ ਰਵਾਇਤੀ ਚੱਕਰ ਨੂੰ ਛੱਡ ਕੇ ਸਬਜ਼ੀਆਂ ਦੀ ਪੈਦਾਵਾਰ ਨੂੰ ਅਪਣਾਇਆ ਅਤੇ ਖੇਤੀ ਵਿਭਿੰਨਤਾ ਨੂੰ ਵਿਸ਼ੇਸ਼ ਹੁਲਾਰਾ ਦੇਣ ਵਾਲੇ ਅਗਾਂਹਵਧੂ ਕਿਸਾਨ ਬਣੇ। ਸਾਲ 1996 ਵਿਚ ਸਿਰਫ਼ ਇਕ ਏਕੜ ਜ਼ਮੀਨ ਉੱਪਰ ਮਿਰਚਾਂ ਦੀ ਠੇਕੇ 'ਤੇ ਕਾਸ਼ਤ ਕਰਨ ਵਾਲੇ ਵਿੰਦਰ ਸਿੰਘ ਨੇ ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਤੋਂ ਹਾਈਬ੍ਰਿਡ ਬੀਜਾਂ ਦੇ ਉਤਪਾਦਨ ਦੀ ਸਿਖਲਾਈ ਪ੍ਰਾਪਤ ਕੀਤੀ ਅਤੇ।ਅੱਜ ਉਹ ਆਪਣੀ ਅੱਠ ਏਕੜ ਜ਼ਮੀਨ ਤੋਂ ਇਲਾਵਾ ਠੇਕੇ 'ਤੇ ਲਈ ਸੱਤ ਏਕੜ ਜ਼ਮੀਨ ਉੱਤੇ ਮਿਰਚਾਂ ਦੀਆਂ ਹਾਈਬ੍ਰਿਡ ਕਿਸਮਾਂ ਦੇ ਬੀਜ ਅਤੇ ਅਗੇਤੀਆਂ ਸਬਜ਼ੀਆਂ ਦਾ ਸਫਲਤਾ-ਪੂਰਵਕ ਉਤਪਾਦਨ ਕਰ ਰਹੇ ਹਨ।



*ਵਿੰਦਰ ਸਿੰਘ ਲੋਅ ਟਨਲ, ਪੌਲੀ ਨੈੱਟ ਅਤੇ ਹੋਰ ਵਿਗਿਆਨਕ ਤਕਨੀਕਾਂ ਨੂੰ ਅਪਣਾ ਕੇ ਅਗੇਤੀਆਂ ਸਬਜ਼ੀਆਂ ਦੀ ਪੈਦਾਵਾਰ ਕਰਦੇ ਹਨ। ਇਨ੍ਹਾਂ ਤਕਨੀਕਾਂ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਖੇਤੀ ਪੁਰਸਕਾਰ ਤਕ ਪਹੁੰਚਾਇਆ ਹੈ...*

ਅਗੇਤੀਆਂ ਸਬਜ਼ੀਆਂ ਪੈਦਾ ਕਰਨ ਲਈ ਵਿੰਦਰ ਸਿੰਘ ਜਿੱਥੇ ਲੋਅ-ਟਨਲ ਵਿਧੀ ਦੀ ਵਰਤੋਂ ਕਰਦੇ ਹਨ ਉੱਥੇ ਬੀਜ ਰਹਿਤ ਖੀਰਾ, ਸ਼ਿਮਲਾ ਮਿਰਚ ਅਤੇ ਟਮਾਟਰਾਂ ਦੀ ਕਾਸ਼ਤ ਲਈ ਪੌਲੀ-ਨੈੱਟ ਹਾਊਸ ਦੀ ਵਰਤੋਂ ਕਰ ਰਹੇ ਹਨ। ਸੰਯੁਕਤ ਪਰਿਵਾਰ ਵਿਚ ਰਹਿਣ ਵਾਲੇ ਵਿੰਦਰ ਸਿੰਘ ਸਬਜ਼ੀਆਂ ਦੀਆਂ ਫ਼ਸਲਾਂ ਦੀ ਗਰੇਡਿੰਗ ਅਤੇ ਡੱਬਾਬੰਦੀ ਕਰ ਕੇ ਉਨ੍ਹਾਂ ਦਾ ਖ਼ੁਦ ਮੰਡੀਕਰਨ ਕਰ ਕੇ ਚੰਗਾ ਮੁਨਾਫ਼ਾ ਕਮਾ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜਦ ਤਕ ਅਸੀਂ ਨਵੀਨਤਮ ਤੇ ਵਿਗਿਆਨਕ ਖੇਤੀ ਤਕਨੀਕਾਂ ਨੂੰ ਨਹੀਂ ਅਪਣਾਉਂਦੇ, ਤਦ ਤਕ ਖੇਤੀ ਸਬੰਧੀ ਪੈਦਾ ਹੋ ਰਹੀਆਂ ਮੁਸ਼ਕਿਲਾਂ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ।

ਸੰਗਰੂਰ ਜ਼ਿਲ੍ਹੇ ਦੇ ਪਿੰਡ ਚੱਠਾ ਨਨਹੇੜਾ ਦੇ ਰਹਿਣ ਵਾਲੇ ਵਿੰਦਰ ਸਿੰਘ ਵੱਲੋਂ ਰਵਾਇਤੀ ਖੇਤੀ ਤੋਂ ਹਟ ਕੇ ਕੀਤੇ ਗਏ ਇਸ ਅਹਿਮ ਉਪਰਾਲੇ ਨੇ ਉਨ੍ਹਾਂ ਨੂੰ ਅੱਜ 'ਸਬਜ਼ੀਆਂ ਦਾ ਸਿਰਤਾਜ' ਬਣਾ ਦਿੱਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਡੇਅਰੀ, ਖੁੰਭ ਉਤਪਾਦਨ ਅਤੇ ਸ਼ਹਿਦ ਮੱਖੀਆਂ ਪਾਲਣ ਦੇ ਸਹਾਇਕ ਧੰਦਿਆਂ ਨੂੰ ਵੀ ਅਪਣਾਇਆ ਹੋਇਆ ਹੈ। ਇਹ ਸਹਾਇਕ ਧੰਦੇ ਉਨ੍ਹਾਂ ਦੀ ਪਰਿਵਾਰਕ ਆਮਦਨ ਵਿਚ ਕਾਫ਼ੀ ਵਾਧਾ ਕਰ ਰਹੇ ਹਨ।

ਪੀਏਯੂ ਵੱਲੋਂ ਪ੍ਰਕਾਸ਼ਿਤ ਹੁੰਦੇ ਮਹੀਨਾਵਾਰ ਰਸਾਲੇ 'ਚੰਗੀ ਖੇਤੀ' ਅਤੇ ਹੋਰ ਖੇਤੀ ਪ੍ਰਕਾਸ਼ਨਾਵਾਂ ਰਾਹੀਂ ਉਹ ਆਪਣੇ ਆਪਣੇ ਗਿਆਨ ਵਿਚ ਜਿੱਥੇ ਨਿਰੰਤਰ ਵਾਧਾ ਕਰਦੇ ਰਹਿੰਦੇ ਹਨ, ਉੱਥੇ ਖੇਤੀ ਮੇਲਿਆਂ ਅਤੇ ਸੈਮੀਨਾਰਾਂ ਤੇ ਵਰਕਸ਼ਾਪਾਂ ਵਿਚ ਵੀ ਸਰਗਰਮੀ ਨਾਲ ਹਿੱਸਾ ਲੈਂਦੇ ਹਨ। ਵਿੰਦਰ ਸਿੰਘ ਆਪਣੇ ਖੇਤਾਂ ਵਿਚ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ ਦੇ ਸਹਿਯੋਗ ਨਾਲ ਖੇਤ ਦਿਵਸ ਵੀ ਮਨਾਉਂਦੇ ਹਨ ਅਤੇ ਖੇਤ ਪ੍ਰਦਰਸ਼ਨੀਆਂ ਲਗਾ ਕੇ ਇਲਾਕੇ ਦੇ ਕਿਸਾਨਾਂ ਨੂੰ ਵੀ ਨਵੀਨਤਮ ਖੇਤੀ ਤਕਨੀਕਾਂ ਨੂੰ ਅਪਨਾਉਣ ਲਈ ਜਾਗਰੂਕ ਵੀ ਕਰਦੇ ਹਨ। ਬਾਗ਼ਬਾਨੀ ਨੂੰ ਉਤਸ਼ਾਹਿਤ ਕਰਨ ਅਤੇ ਖੇਤੀ ਵਿਭਿੰਨਤਾ ਨੂੰ ਸਫਲਤਾ-ਪੂਰਵਕ ਅਪਨਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਮੁੱਖ ਮੰਤਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। •

## ਇਸਤਰੀ ਸ਼ਕਤੀ ਦੀ ਜਗਦੀ ਮਸ਼ਾਲ
### ਸ਼ਹਿਨਾਜ਼

*ਮਾਤਾ-ਪਿਤਾ ਦੀ ਬਿਮਾਰੀ ਕਾਰਨ ਸ਼ਹਿਨਾਜ਼ ਨੇ ਮਹਿਸੂਸ ਕੀਤਾ ਕਿ ਜੇ ਬਿਮਾਰੀ ਦਾ ਕਾਰਨ ਭੋਜਨ ਹੋ ਸਕਦਾ ਹੈ ਤਾਂ ਸਹੀ ਭੋਜਨ ਇਸ ਨੂੰ ਠੀਕ ਵੀ ਕਰ ਸਕਦਾ ਹੈ। ਇਸ ਖ਼ਿਆਲ ਨੇ ਉਨ੍ਹਾਂ ਨੂੰ ਖ਼ੁਰਾਕੀ ਪਦਾਰਥਾਂ ਦੇ ਕਿੱਤੇ ਵੱਲ ਪ੍ਰੇਰਿਤ ਕੀਤਾ...*

ਸ਼ਹਿਨਾਜ਼ ਮਹਿਜ਼ ਇਕ ਨਾਂ ਨਾ ਹੋ ਕੇ ਅੱਜ ਇਕ ਮਸ਼ਾਲ ਦਾ ਰੂਪ ਧਾਰਨ ਕਰ ਚੁੱਕਾ ਹੈ, ਜਿਸ ਨਾਲ ਸੈਂਕੜੇ ਹੋਰਨਾਂ ਔਰਤਾਂ ਦੀ ਜ਼ਿੰਦਗੀ ਵਿਚ ਵੀ ਚਾਨਣ ਦਾ ਪਸਾਰ ਹੋ ਰਿਹਾ ਹੈ। ਸ਼ਹਿਨਾਜ ਨੇ ਗਰੈਜੂਏਸ਼ਨ ਤੋਂ ਇਲਾਵਾ ਬੀਐੱਡ, ਐੱਮਏ ਅਤੇ ਐੱਮਐੱਸਸੀ (ਫੈਸ਼ਨ ਡਿਜ਼ਾਈਨਿੰਗ) ਕਰ ਕੇ ਬਠਿੰਡਾ ਜ਼ਿਲ੍ਹੇ ਦੇ ਮਹਿਮਾ ਸਿਰਜਾ ਪਿੰਡ ਵਿਚ ਫਾਰਮਰਜ਼ ਸੈਲਪ ਹੈਲਪ ਗਰੁੱਪ ਅਤੇ ਵੈਲਫੇਅਰ ਗਰੁੱਪ ਦੀ ਸ਼ੁਰੂਆਤ ਕੀਤੀ ਅਤੇ ਆਪਣੇ ਕਰੀਅਰ ਨੂੰ ਨਵੀਂ ਦਿਸ਼ਾ ਦੇਣ ਦੇ ਨਾਲ-ਨਾਲ ਦੂਸਰੀਆਂ ਔਰਤਾਂ ਨੂੰ ਆਤਮ ਨਿਰਭਰ ਬਣਾਉਣ 'ਚ ਵੀ ਅਹਿਮ ਭੂਮਿਕਾ ਨਿਭਾਈ ਹੈ।

ਸ਼ਹਿਨਜ਼ 2012 ਤੋਂ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਫਾਰਮ ਸਲਾਹਕਾਰ ਕੇਂਦਰ ਬਠਿੰਡਾ ਦੇ ਮਾਹਿਰਾਂ ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ 2014 ਵਿਚ ਕੇਵੀਕੇ ਬਠਿੰਡਾ ਤੋਂ ਸ਼ਹਿਦ ਮੱਖੀਆਂ ਪਾਲਣ ਦੀ ਸਿਖਲਾਈ ਫਿਰ ਫਲਾਂ ਅਤੇ ਸਬਜ਼ੀਆਂ ਦੀ ਪੈਦਾਵਾਰ, ਸਾਂਭ-ਸੰਭਾਲ, ਉਚਿਤ ਰੱਖ ਰਖਾਓ, ਡੱਬਾਬੰਦੀ ਅਤੇ ਮਾਰਕੀਟਿੰਗ ਬਾਰੇ ਸਿਖਲਾਈ ਪ੍ਰਾਪਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਆਨਲਾਈਨ ਵਸੀਲਿਆਂ ਤੋਂ ਫੂਡ ਪ੍ਰੋਸੈਸਿੰਗ ਦੀ ਸਿਖਲਾਈ ਲੈ ਕੇ ਅਚਾਰ, ਚਟਣੀ ਅਤੇ ਮੁਰੱਬੇ, ਸਕੁਐਸ਼ ਆਦਿ ਖ਼ੁਰਾਕੀ ਪਦਾਰਥ ਬਣਾ ਕੇ ਵੇਚਣੇ ਸ਼ੁਰੂ ਕੀਤੇ। ਉਨ੍ਹਾਂ ਦੀਆਂ ਤਿਆਰ ਕੀਤੀਆਂ ਵਸਤਾਂ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਲਗਾਏ ਜਾਂਦੇ ਮੇਲਿਆਂ ਵਿਚ ਗਾਹਕਾਂ ਦਾ ਭਰਵਾਂ ਹੁੰਗਾਰਾ ਮਿਲਿਆ ਅਤੇ ਉਨ੍ਹਾਂ ਨੇ ਇਸ ਨੂੰ ਵੱਡੇ ਪੱਧਰ 'ਤੇ ਸ਼ੁਰੂ ਕੀਤਾ। ਅੱਜ ਉਹ ਅਜਿਹੇ ਅਨੇਕਾਂ ਖ਼ੁਰਾਕੀ ਪਦਾਰਥਾਂ ਨੂੰ ਖ਼ੁਦ ਤਿਆਰ ਕਰ ਕੇ, ਖ਼ੁਦ ਪੈਕੇਜਿੰਗ ਅਤੇ ਮੰਡੀਕਰਨ ਕਰ ਕੇ 10 ਲੱਖ ਰੁਪੇ ਤੋਂ ਵੱਧ ਆਮਦਨ ਕਮਾ ਰਹੇ ਹਨ।



ਔਰਤਾਂ ਨੂੰ ਆਤਮ ਨਿਰਭਰ ਬਣਾਉਣ ਲਈ ਉਹ ਉਨ੍ਹਾਂ ਲਈ ਜਾਗਰੂਕਤਾ ਮੁਹਿੰਮ ਵੀ ਚਲਾ ਰਹੇ ਹਨ ਅਤੇ ਉਨ੍ਹਾਂ ਵੱਲੋਂ ਟੀਵੀ, ਰੇਡੀਓ ਅਤੇ ਅਖ਼ਬਾਰਾਂ ਜ਼ਰੀਏ ਕਿਸਾਨ ਬੀਬੀਆਂ ਨੂੰ ਸਹਾਇਕ ਧੰਦਿਆਂ ਬਾਰੇ ਜਾਣਕਾਰੀ ਵੀ ਦਿੱਤੀ ਜਾਂਦੀ ਹੈ। ਇਨ੍ਹਾਂ ਖ਼ੁਰਾਕੀ ਪਦਾਰਥਾਂ ਨੂੰ ਤਿਆਰ ਕਰਨ ਤੋਂ ਇਲਾਵਾ ਉਨ੍ਹਾਂ ਵੱਲੋਂ ਕਾਲਜਾਂ 'ਚ ਪੜ੍ਹਦੇ ਵਿਦਿਆਰਥੀਆਂ ਲਈ ਟਿਫਨ ਸਰਵਿਸ ਦਾ ਕੰਮ ਵੀ ਕੀਤਾ ਜਾਂਦਾ ਹੈ।।ਇਸ ਜ਼ਰੀਏ ਉਨ੍ਹਾਂ ਨੇ ਇਲਾਕੇ ਦੀਆਂ ਕਈ ਔਰਤਾਂ ਨੂੰ ਰੁਜ਼ਗਾਰ ਵੀ ਮੁਹੱਈਆ ਕਰਵਾਇਆ ਹੈ। ਸਾਲ 2015 ਦੌਰਾਨ ਸਹਾਇਕ ਖੇਤੀ ਧੰਦਿਆਂ ਪ੍ਰਤੀ ਸ਼ਲਾਘਾਯੋਗ ਉੱਦਮ ਕਰਨ ਲਈ ਫੂਡ ਪ੍ਰੋਸੈਸਿੰਗ ਮੰਤਰਾਲਾ ਵੱਲੋਂ ਉਨ੍ਹਾਂ ਨੂੰ ਮੁਕਤਸਰ ਸਾਹਿਬ ਵਿਖੇ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵੀ ਉਨ੍ਹਾਂ ਨੂੰ 'ਜਗਬੀਰ ਕੌਰ ਗਰੇਵਾਲ ਯਾਦਗਾਰੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। •



# ਦਸਮ ਗੁਰੂ ਦੀਆਂ ਯਾਦਗਾਰੀ ਵਸਤਾਂ



ਭਾਈ ਡੱਲ ਸਿੰਘ ਨੇ ਨਿਮਾਣਾ ਗੁਰ ਸਿੱਖ ਬਣ ਕੇ ਸਿੱਖ ਪੰਥ ਦੀ ਸੇਵਾ ਕੀਤੀ। ਸਾਰਾ ਪਰਿਵਾਰ ਸਿੱਖ ਧਾਰਨੀ ਹੋਣ ਕਾਰਨ ਕਦੇ ਹਕੂਮਤ ਤੋਂ ਡਰ ਨਹੀਂ ਮੰਨਿਆ। ਜਦੋਂ ਸੂਬਾ ਸਰਹਿੰਦ ਵਜ਼ੀਰ ਖ਼ਾਂ ਨੇ ਗੁਰੂ ਜੀ ਨੂੰ ਆਪਣੇ ਕੋਲ ਤਲਵੰਡੀ ਰੱਖਣ ਬਾਰੇ ਭਾਈ ਡੱਲ ਸਿੰਘ ਨੂੰ ਧਮਕੀ ਭਰਿਆ ਪੱਤਰ ਲਿਖਿਆ ਤਾਂ ਉਨ੍ਹਾਂ ਨੇ ਨਿਰਭੈਅਤਾ ਨਾਲ, ਬੇਖੌਫ ਵਜ਼ੀਰ ਖਾਂ ਨੂੰ ਉੱਤਰ ਦਿੱਤਾ। ਅੱਜ ਵੀ ਭਾਈ ਡੱਲ ਸਿੰਘ ਦੇ ਪਰਿਵਾਰ ਦੀ ਬਾਰ੍ਹਵੀਂ ਪੀੜ੍ਹੀ ਪੂਰਨ ਰੂਪ ਵਿਚ ਗੁਰੂ ਘਰ ਨਾਲ ਜੁੜੀ ਹੋਈ ਹੈ। ਉਸ ਪਰਿਵਾਰ ਕੋਲ ਦਸਮ ਪਿਤਾ ਦੀਆਂ ਯਾਦਗਾਰੀ ਵਸਤਾਂ ਅੱਜ ਵੀ ਸੰਭਾਲੀਆਂ ਹੋਈਆਂ ਹਨ, ਜੋ ਸੰਗਤਾਂ ਦੇ ਦਰਸ਼ਨਾਂ ਲਈ ਰੱਖੀਆਂ ਹੋਈਆਂ ਹਨ।

**ਤੇਗਾ** - ਇਹ ਅਤਿਅੰਤ ਸੁੰਦਰ ਤੇਗਾ ਗੁਰੂ ਗੋਬਿੰਦ ਸਿੰਘ ਜੀ ਦਾ ਹੈ, ਜਿਸ ਉਤੇ ਫਾਰਸੀ ਵਿਚ 'ਅੱਲਾ' ਸ਼ਬਦ ਉਕਰਿਆ ਹੋਇਆ ਹੈ। ਮਿਆਨ 'ਤੇ ਮਖਮਲੀ ਕੱਪੜਾ ਚੜ੍ਹਿਆ ਹੋਇਆ ਹੈ, ਜਿਸ ਦੀ ਲੰਬਾਈ ਡੇਢ ਗਜ, ਵਜ਼ਨ ਚਾਰ ਕਿੱਲੋ ਦੇ ਕਰੀਬ ਹੈ।

**ਸ੍ਰੀ ਸਾਹਿਬ** - ਇਹ ਗੁਰੂ ਗੋਬਿੰਦ ਸਿੰਘ ਦੇ ਗਾਤਰੇ ਦੀ ਕਿਰਪਾਨ ਹੈ, ਜਿਸ ਦੀ ਲੰਬਾਈ ਸਵਾ ਤਿੰਨ ਫੁੱਟ ਤੇ ਚੌੜਾਈ ਡੇਢ ਇੰਚ ਹੈ। ਇਸ ਦਾ ਮੁੱਠਾ ਸਰਬ ਲੋਹ ਦਾ ਹੈ।

**ਦਸਤਾਰ ਵੱਡੀ** - ਇਹ ਦਸਤਾਰ ਇਕ ਬਰੀਕ ਸੂਤ ਦੀ ਬਣੀ ਹੋਈ ਹੈ ਇਸ ਦਾ ਰੰਗ ਹਲਕੇ ਮੋਤੀਏ ਵਰਗਾ ਹੈ। ਇਸ ਛੋਟੀ ਦਸਤਾਰ ਦੀ ਵਰਤੋਂ ਗੁਰੂ ਜੀ ਕੇਸਕੀ ਦੇ ਰੂਪ ਵਿਚ ਕਰਦੇ ਸਨ।

**ਵੱਡਾ ਚੋਲਾ** - ਗੁਰੂ ਜੀ ਦਾ ਇਹ ਵੱਡਾ ਚੋਲਾ ਮਹੀਨ ਮਲਮਲ ਦਾ ਬਣਿਆ ਹੋਇਆ ਹੈ, ਜਿਸ ਦਾ ਰੰਗ ਭੂਸਲਾ ਜਿਹਾ ਹੈ। ਇਸ ਚੋਲੇ ਉਪਰ ਖ਼ੂਨ ਦੇ ਧੱਬੇ ਲੱਗੇ ਹੋਏ ਹਨ, ਜਿਸ ਤੋਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਹ ਚੋਲਾ ਗੁਰੂ ਜੀ ਨੇ ਮੁਕਤਸਰ ਦੀ ਜੰਗ ਸਮੇਂ ਪਹਿਨਿਆ ਹੋਵੇਗਾ।

**ਛੋਟਾ ਚੋਲਾ**- ਇਹ ਵੀ ਮਹੀਨ ਮਲਮਲ ਦਾ ਬਣਿਆ ਹੋਇਆ ਹੈ।

**ਰੇਬ ਪਜਾਮਾ** - ਦਸਮੇਸ਼ ਪਿਤਾ ਜੀ ਦਾ ਰੇਬ ਪਜਾਮਾ ਪੀਲੇ ਰੰਗ ਦਾ ਹੈ। ਪ੍ਰੰਤੂ ਇਸ ਉਪਰ ਵੀ ਖ਼ੂਨ ਦੇ ਧੱਬੇ ਹਨ, ਜਿਸ ਤੋਂ ਮੰਨਿਆ ਜਾ ਰਿਹਾ ਹੈ ਕਿ ਭਾਈ ਮਹਾਂ ਸਿੰਘ ਦਾ ਬੇਦਾਵਾ ਫਾੜਨ ਸਮੇਂ ਇਹ ਬਸਤਰ ਪਹਿਨੇ ਹੋਏ ਸਨ।

**ਮਾਤਾ ਸਾਹਿਬ ਕੌਰ ਜੀ ਦਾ ਰੇਬ ਪਜਾਮਾ** - ਲਾਲ ਰੰਗ ਦਾ ਰੇਬ ਪਜਾਮਾ ਜਿਸ ਵਿਚ ਸੁਨਹਿਰੀ ਧਾਰੀਆਂ ਹਨ, ਮਹੀਨ ਰੇਸ਼ਮ ਦਾ ਬਣਿਆ ਹੋਇਆ ਹੈ। ਗੁਰੂ ਜੀ ਦੇ ਵਸਤਰਾਂ ਵਿਚ ਮੌਜੂਦ ਹੈ।

**ਛੋਟੀ ਬੀੜ** - ਗੁਰੂ ਜੀ ਦੀ ਛੋਟੀ ਬੀੜ ਜੋ ਅਕਾਰ ਦੀ ਬਹੁਤ ਛੋਟੀ ਹੈ, ਸਿਰਫ ਡੇਢ ਇੰਚ ਦੀ ਸੰਪੂਰਨ ਅਤੇ ਹੱਥ ਲਿਖਤ ਹੈ।

**ਬਾਜ ਦੀ ਡੋਰ** - ਦਸਮ ਗੁਰੂ ਜੀ ਦੇ ਬਾਜ ਦੀ ਡੋਰ, ਜੋ ਦੋ ਗਜ਼ ਲੰਬੀ, ਰੰਗ ਨਾਭੀ ਹੈ, ਜਿਸ ਦੇ ਇਕ ਪਾਸੇ ਦਾ ਫੁੱਲ ਝੜਿਆ ਹੈ।

**ਹੁਕਮਨਾਮੇ** - ਗੁਰੂ ਸਾਹਿਬ ਜੀ ਵੱਲੋਂ ਸਮੇਂ-ਸਮੇਂ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਜਾਰੀ ਕੀਤੇ ਗਏ ਹੁਕਮਨਾਮੇ ਜਿਸ ਉਪਰ 'ਅਕਾਲ ਸਹਾਇ ਗੁਰੂ ਗੋਬਿੰਦ ਸਿੰਘ ਜੀ ਕੀ ਜਗ੍ਹਾ ਤਖ਼ਤ ਸ੍ਰੀ ਦਮਦਮਾ ਜੀ' ਦੀ ਮੋਹਰ ਲੱਗੀ ਹੋਈ ਹੈ। ਉਪਰੋਕਤ ਤੋਂ ਇਲਾਵਾ ਮੋਹਰ, ਬੰਦੂਕ ਆਦਿ ਵਸਤਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਵੀ ਸੁਸ਼ੋਭਿਤ ਹਨ।

• **ਕੁਲਦੀਪ ਸਿੰਘ ਬੰਗੀ**
**ਮੋਬਾਈਲ.** - 94174-07778

# ਬੁੱਧੀ ਹੈ ਸਭ ਤੋਂ ਸੁੰਦਰ

ਰਾਜਾ ਜਨਕ ਨੇ ਆਪਣੇ ਦਰਬਾਰ 'ਚ ਮਹਾਂਮੁਨੀਆਂ ਅਤੇ ਵਿਦਵਾਨਾਂ ਨੂੰ ਉਚਿਤ ਸਥਾਨ ਦਿੱਤਾ ਸੀ। ਇਕ ਵਾਰ ਉਹ ਦਰਬਾਰ 'ਚ ਵਿਦਵਾਨਾਂ ਨਾਲ ਚਰਚਾ ਕਰ ਰਹੇ ਸਨ ਕਿ ਉੱਥੇ 'ਅਸ਼ਟਾਵਕਰ' ਰਿਸ਼ੀ ਆ ਪਹੁੰਚੇ। ਨਾਂ ਮੁਤਾਬਕ ਅਸ਼ਟਾਵਕਰ ਕਰੂਪ ਅਤੇ ਸਰੀਰਕ ਤੌਰ 'ਤੇ ਟੇਢੇ-ਮੇਢ ਸਨ। ਉਨ੍ਹਾਂ ਦੀ ਸਰੀਰਕ ਬਣਤਰ ਦੇਖ ਕੇ ਸਭਾ 'ਚ ਹਾਜ਼ਰ ਲੋਕ ਜ਼ੋਰ ਜ਼ੋਰ ਦੀ ਹੱਸਣ ਲੱਗੇ। ਉਨ੍ਹਾਂ ਨੂੰ ਹੱਸਦੇ ਦੇਖ ਕੇ ਅਸ਼ਟਾਵਕਰ ਵੀ ਜ਼ੋਰ ਨਾਲ ਹੱਸਣ ਲੱਗੇ। ਮਹਾਰਾਜਾ ਜਨਕ ਆਪਣੇ ਸਿੰਘਾਸਨ ਤੋਂ ਉੱਠ ਕੇ ਅਸ਼ਟਾਵਕਰ ਕੋਲ ਆਏ ਅਤੇ ਉਨ੍ਹਾਂ ਨੂੰ ਪ੍ਰਣਾਮ ਕਰ ਕਿਹਾ,' ਮਹਾਰਾਜ! ਤੁਹਾਡੇ ਹੱਸਣ ਦਾ ਕਾਰਨ ਨਹੀਂ ਸਮਝਿਆ? ਅਸ਼ਟਾਵਕਰ ਨੇ ਕਿਹਾ,'ਰਾਜਾ! ਮੈਂ ਸੁਣਿਆ ਸੀ ਕਿ ਤੁਹਾਡੇ ਦਰਬਾਰ 'ਚ ਵਿਦਵਾਨਾਂ ਦਾ ਸਮੂਹ ਹੈ, ਜਦਕਿ ਇਥੇ ਆ ਕੇ ਪਤਾ ਲੱਗਾ ਕਿ ਮੈਂ ਮੂਰਖਾਂ ਦੇ ਇਕੱਠ 'ਚ ਪਹੁੰਚ ਗਿਆ ਹਾਂ। ਇਹੀ ਦੇਖ ਕੇ ਮੈਨੂੰ ਹਾਸਾ ਆ ਗਿਆ।

'ਮਹਾਂਮੁਨੀ! ਤੁਸੀਂ ਇਹ ਕੀ ਕਹਿ ਰਹੇ ਹੋ। ਰਾਜਾ ਜਨਕ ਨੇ ਕਿਹਾ।

ਅਸ਼ਟਾਵਕਰ ਨੇ ਤੁਰੰਤ ਕਿਹਾ,'ਜਿਹੜੇ ਲੋਕ ਹੱਡੀਆਂ ਅਤੇ ਚਮੜੀ ਦੇ ਆਧਾਰ 'ਤੇ ਵਿਅਕਤੀ ਦੀ ਨਿਰੀਖਣ ਕਰਦੇ ਹਨ, ਉਨ੍ਹਾਂ ਨੂੰ ਮੂਰਖ ਨਾ ਕਿਹਾ ਜਾਵੇ ਤਾਂ ਕੀ ਕਿਹਾ ਜਾਵੇ? ਸੁਣ ਕੇ ਸਾਰੇ ਵਿਦਵਾਨਾਂ ਨੂੰ ਪਛਤਾਵਾ ਹੋਇਆ ਅਤੇ ਉਨ੍ਹਾਂ ਰਿਸ਼ੀ ਅਸ਼ਟਾਵਕਰ ਤੋਂ ਮਾਫ਼ੀ ਮੰਗੀ। ਸੋ ਬਾਹਰੀ ਰੂਪ ਦੇਖ ਕੇ ਕਿਸੇ ਵਿਅਕਤੀ ਦਾ ਅਨੁਮਾਨ ਨਹੀਂ ਲਾਇਆ ਜਾ ਸਕਦਾ।

# ਆਸਥਾ ਦਾ ਕੇਂਦਰ ਸ੍ਰੀ ਭੂਮੇਸ਼ਵਰ ਮਹਾਦੇਵ ਮੰਦਰ ਰੋਹੀੜਾ



ਲੁਧਿਆਣਾ-ਮਾਲੇਰਕੋਟਲਾ ਮੁੱਖ ਮਾਰਗ 'ਤੇ ਸਥਿਤ ਕੁੱਪ-ਕਲਾਂ ਦੇ ਨਜ਼ਦੀਕ ਪਿੰਡ ਰੋਹੀੜਾ ਵਿਖੇ ਸ੍ਰੀ ਭੂਮੇਸ਼ਵਰ ਮਹਾਦੇਵ ਮੰਦਰ ਦੀ ਮਾਨਤਾ ਨਾ ਕੇਵਲ ਪੰਜਾਬ ਵਿਚ ਬਲਕਿ ਪੂਰੇ ਉੱਤਰੀ ਭਾਰਤ ਵਿਚ ਹੈ। ਇਸ ਸ਼ਿਵ ਮੰਦਰ ਦੇ ਨਿਰਮਾਣ ਪਿੱਛੇ ਵੀ ਇਕ ਅਲੌਕਿਕ ਬਿਰਤਾਂਤ ਸੁਣਨ ਵਿਚ ਆਉਂਦਾ ਹੈ। 5 ਨਵੰਬਰ 2010 ਦੀ ਸ਼ੁਭ-ਦੀਪਾਵਲੀ ਦੀ ਰਾਤ ਨੂੰ ਸ੍ਰੀ ਭੂਮੇਸ਼ਵਰ ਮਹਾਦੇਵ ਜੀ ਦਾ ਚਮਤਕਾਰੀ ਸ਼ਿਵਲਿੰਗ ਪ੍ਰਗਟ ਹੋਇਆ। ਇਸ ਦੇ ਪ੍ਰਗਟ ਹੋਣ ਤੋਂ ਕੁੱਝ ਸਮਾਂ ਪਹਿਲਾਂ ਅਕਸਰ ਇਥੇ ਸੱਪਾਂ ਦਾ ਨਿਕਲਣਾ ਜਾਰੀ ਰਿਹਾ। ਇਕ ਕਿਸਾਨ ਦੀ ਮੋਟਰ 'ਤੇ ਰਹਿੰਦੇ ਮਜ਼ਦੂਰ ਹਰ ਵਾਰ ਉਨ੍ਹਾਂ ਨੂੰ ਮਾਰਦੇ ਰਹੇ। ਇਕ ਰਾਤ ਮਜ਼ਦੂਰ ਨੂੰ ਸੁਫਨੇ ਵਿਚ ਇਹ ਬਾਣੀ ਸੁਣਾਈ ਦਿੱਤੀ।ਕਿ ਮੋਟਰ ਦੇ ਨੇੜੇ ਸ਼ਹਿਤੂਤ ਦੇ ਬ੍ਰਿਛ ਦੇ ਹੇਠਾਂ ਦੀਵਾਲੀ ਵਾਲੀ ਰਾਤ ਨੂੰ ਲਾਲ ਕੱਪੜਾ ਵਿਛਾ ਦੇਣਾ।ਉਸ ਰਾਤ ਨੂੰ ਇੱਥੇ ਸਵੈਯਮ ਮਹਾਂਦੇਵ ਸ਼ਿਵਲਿੰਗ ਦੇ ਰੂਪ ਵਿਚ ਪ੍ਰਗਟ ਹੋਣਗੇ।

ਇਹੀ ਬਿਰਤਾਂਤ ਮਜ਼ਦੂਰਾਂ ਨੇ ਆਪਣੇ ਖੇਤ ਦੇ ਮਾਲਕ ਨੂੰ ਸੁਣਾਇਆ। ਇਹ ਚਰਚਾ ਹੌਲੀ-ਹੌਲੀ ਆਮ ਲੋਕਾਂ ਤਕ ਪਹੁੰਚ ਗਈ। ਇਸ ਸਚਾਈ ਨੂੰ ਜਾਣਨ ਲਈ ਕੁੱਝ ਲੋਕ ਦੀਵਾਲੀ ਦੀ ਰਾਤ ਨੂੰ ਜ਼ਿਮੀਦਾਰ ਹਰਦੇਵ ਸਿੰਘ ਤੇ ਮੇਜਰ ਸਿੰਘ ਦੀ ਮੋਟਰ 'ਤੇ ਪਹੁੰਚ ਗਏ। ਉੱਥੇ ਲਾਲ ਕੱਪੜਾ ਵੀ ਵਿਛਾਇਆ ਗਿਆ। ਉੱਥੇ ਮੌਜੂਦ ਲੋਕਾਂ ਨੇ ਮਜ਼ਦੂਰ ਦੀ ਗੱਲ ਨੂੰ ਮਜ਼ਾਕ ਸਮਝਣਾ ਸ਼ੁਰੂ ਹੀ ਕੀਤਾ ਸੀ।ਕਿ ਅਚਾਨਕ ਰਾਤ ਨੂੰ 12 ਵਜੇ ਉਹ ਲਾਲ ਕੱਪੜਾ ਹਿੱਲਦਾ ਹੋਇਆ ਦਿਖਾਈ ਦਿੱਤਾ। ਉਸ ਸਮੇਂ ਉੱਥੇ ਖੜ੍ਹੇ ਲੋਕ ਇਹ ਦੇਖਕੇ ਦੰਗ ਰਹਿ ਗਏ ਕਿ ਉਸ ਲਾਲ ਕੱਪੜੇ ਦੇ ਹੇਠਾਂ ਸਵੈਯਮ ਭੂਮੇਸ਼ਵਰ ਮਹਾਂਦੇਵ ਜੀ ਦਿਵਯ ਤੇ ਅਲੌਕਿਕ ਰੂਪ ਵਿਚ ਪ੍ਰਗਟ ਹੋ ਗਏ। ਸ਼ੁਰੂ ਵਿਚ ਇਨ੍ਹਾਂ ਦਾ ਆਕਾਰ ਛੋਟਾ ਸੀ ਪ੍ਰੰਤੂ ਅੱਜ ਇਨ੍ਹਾਂ ਦਾ ਆਕਾਰ ਇਕ ਫੁੱਟ ਦੇ ਲਗਪਗ ਹੈ। ਇਹੀ ਨਹੀਂ ਕੁੱਝ ਸਮੇਂ ਬਾਅਦ ਉੱਥੇ ਦੋ ਪਿੰਡੀਆਂ ਵੀ ਪ੍ਰਗਟ ਹੋ ਗਈਆਂ।

ਅਗਲੇ ਦਿਨ ਜਦੋਂ ਇਹ ਕ੍ਰਿਸ਼ਮਾ ਸਾਧੂ-ਸੰਤਾਂ ਤੇ ਵਿਦਵਾਨਾਂ ਕੋਲ ਪਹੁੰਚਿਆ ਤਾਂ ਉਨ੍ਹਾਂ ਨੇ ਇਸਨੂੰ ਸ੍ਰੀ ਭੂਮੇਸ਼ਵਰ ਮਹਾਂਦੇਵ ਦਾ ਪ੍ਰਗਟ ਹੋਣਾ ਦੱਸਿਆ। ਇਸ ਤੋਂ ਬਾਅਦ ਇੱਥੋਂ ਦੇ ਸ਼ਰਧਾਲੂਆਂ ਵੱਲੋਂ ਇਕ ਮੰਦਰ ਕਮੇਟੀ ਦਾ ਗਠਨ ਕੀਤਾ। ਇਸ ਮੰਦਰ ਨਿਰਮਾਣ ਲਈ ਜ਼ਿੰਮੀਦਾਰ ਹਰਦੇਵ ਸਿੰਘ, ਮੇਜਰ ਸਿੰਘ ਤੇ ਪਾਲ ਸਿੰਘ ਵੱਲੋਂ 4 ਵਿਸਵੇ/200 ਗਜ ਜ਼ਮੀਨ ਦਾਨ ਕੀਤੀ ਗਈ। ਇੱਥੋਂ ਦੀ ਮੰਦਿਰ ਕਮੇਟੀ ਵੱਲੋਂ ਸ਼ਰਧਾ ਤੇ ਉਤਸਾਹ ਨਾਲ ਸੰਕਲਪ ਕਰਕੇ ਮੰਦਿਰ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ। ਇਸ ਮੰਦਿਰ ਵਿਚ ਸ੍ਰੀ ਗਣੇਸ਼ ਜੀ, ਮਾਤਾ ਪਾਰਵਤੀ ਜੀ ਅਤੇ ਨੰਦੀ ਜੀ ਦੀਆਂ ਮੂਰਤੀਆਂ ਦੀ ਵੀ ਪ੍ਰਾਣ-ਪ੍ਰਤਿਸ਼ਠਾ ਹੋ ਚੁੱਕੀ ਹੈ। ਇਸ ਮੰਦਿਰ ਵਿਚ ਹਰ ਸਮੇਂ ਧਾਰਮਿਕ ਪੂਜਾ-ਅਰਚਨਾ ਨਿਰਵਿਘਨ ਚੱਲਦੀ ਰਹਿੰਦੀ ਹੈ। ਹਰ ਸਾਲ 5 ਨਵੰਬਰ ਨੂੰ ਭਗਵਾਨ ਭੂਮੇਸ਼ਵਰ ਮਹਾਂਦੇਵ ਦਾ ਪ੍ਰਗਟ ਦਿਹਾੜਾ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਹਰ ਸੋਮਵਾਰ ਅਤੇ ਤ੍ਰਯੋਦਸ਼ੀ ਦੇ ਦਿਨ ਪੂਰੀ ਸਨਾਤਨ ਵਿਧੀ ਤੇ ਮਰਿਯਾਦਾ ਅਨੁਸਾਰ ਕੁਰੂਕਸ਼ੇਤਰ ਤੋਂ ਆਏ ਵਿਦਵਾਨਾਂ ਵੱਲੋਂ ਧਾਰਮਿਕ ਅਨੁਸ਼ਠਾਨ ਤੇ ਆਰਤੀ ਕੀਤੀ ਜਾਂਦੀ ਹੈ। ਮਹਾਂ ਸ਼ਿਵਰਾਤਰੀ ਨੂੰ ਤਾਂ ਪੰਜਾਬ ਤੋਂ ਇਲਾਵਾ ਹੋਰ ਰਾਜਾਂ ਤੋਂ ਵੀ ਸ਼ਿਵ ਭਗਤ ਆ ਕੇ ਜਲ ਚੜ੍ਹਾਉਂਦੇ ਹਨ ਅਤੇ ਆਪਣੀ ਪੂਜਾ ਅਰਚਨਾ ਕਰਦੇ ਹਨ।

• **ਤਲਵਿੰਦਰ ਸ਼ਾਸਤਰੀ ਨਾਰੀਕੇ**
**ਮੋਬਾਈਲ** .94643 48258

# ਮੀਰੀ-ਪੀਰੀ ਦਾ ਸਿਧਾਂਤ
# ਧਰਮ ਤੇ ਰਾਜਨੀਤੀ ਦਾ ਸੁਮੇਲ

**ਡਾ. ਪਰਮਵੀਰ ਸਿੰਘ**



ਧਰਮ ਅਤੇ ਰਾਜਨੀਤੀ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਸਿੱਖ ਧਰਮ ਅਤੇ ਪ੍ਰੰਪਰਾਵਾਂ ਦਾ ਅੰਗ ਹਨ। ਧਰਮ ਅਤੇ ਰਾਜ ਦੋ ਅਜਿਹੀਆਂ ਪ੍ਰਮੁੱਖ ਸੰਸਥਾਵਾਂ ਹਨ ਜਿਹੜੀਆਂ ਕਿ ਮਨੁੱਖ, ਸਮਾਜ, ਪਰਿਵਾਰ ਅਤੇ ਦੇਸ਼ ਦੀ ਕਾਰਜਸ਼ੈਲੀ ਨੂੰ ਪ੍ਰਭਾਵਿਤ ਕਰਦੀਆਂ ਹਨ। ਇਕ ਤੋਂ ਬਗ਼ੈਰ ਦੂਜੀ ਸੰਸਥਾ ਅਧੂਰੀ ਮੰਨੀ ਗਈ ਹੈ ਜਾਂ ਇੰਝ ਕਹਿ ਲਵੋ ਕਿ ਦੋਵਾਂ ਵਿੱਚੋਂ ਕੇਵਲ ਕਿਸੇ ਇਕ ਸੰਸਥਾ ਦਾ ਵਿਕਾਸ ਸਮਾਜ ਨੂੰ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕਰਦਾ ਹੈ। ਜੇ ਧਰਮ ਸਮਾਜ 'ਤੇ ਭਾਰੂ ਹੋ ਜਾਵੇ ਤਾਂ ਕੱਟੜਪੁਣੇ ਦਾ ਜ਼ੋਰ ਵੱਧ ਜਾਂਦਾ ਹੈ ਅਤੇ ਜੇ ਰਾਜਸੀ ਸ਼ਕਤੀ ਧਰਮ ਨੂੰ ਦਿਸ਼ਾ ਨਿਰਦੇਸ਼ ਦੇਣ ਲੱਗ ਪਵੇ ਤਾਂ ਸਮਾਜ ਵਿਚ ਜਬਰ ਅਤੇ ਜ਼ੁਲਮ ਦਾ ਜ਼ੋਰ ਵੱਧ ਜਾਂਦਾ ਹੈ। ਇਕ ਸੰਸਥਾ ਦੂਜੀ ਨੂੰ ਪ੍ਰਭਾਵਿਤ ਹੀ ਨਹੀਂ ਕਰਦੀ ਬਲਕਿ ਦੂਜੀ ਸੰਸਥਾ ਨੂੰ ਆਪਣੇ ਅਨੁਸਾਰ ਚਲਾਉਣ ਦੀ ਬਿਰਤੀ ਵੀ ਧਾਰਨ ਕਰ ਲੈਂਦੀ ਹੈ ਜਿਸ ਨਾਲ ਸਮਾਜ ਵਿਚ ਅਰਾਜਕਤਾ ਫੈਲਣ ਦਾ ਖ਼ਤਰਾ ਵੱਧ ਜਾਂਦਾ ਹੈ।

ਧਰਮ ਅੰਤਰਮੁਖੀ ਨਿਯਮਾਂ ਨੂੰ ਧਾਰਨ ਕਰ ਕੇ ਮਨ ਨੂੰ ਜਿੱਤਣ 'ਤੇ ਜ਼ੋਰ ਦਿੰਦਾ ਹੈ ਅਤੇ ਰਾਜ ਬਾਹਰਮੁਖੀ ਨਿਯਮਾਂ ਨੂੰ ਲਾਗੂ ਕਰ ਕੇ ਰਾਜ ਦੀਆਂ ਹੱਦਾਂ ਨੂੰ ਫੈਲਾਉਣ ਦਾ ਕਾਰਜ ਕਰਦਾ ਹੈ। ਧਰਮ ਅਧਿਆਤਮਿਕਤਾ ਦੇ ਵਿਕਾਸ ਵਿਚ ਯੋਗਦਾਨ ਪਾਉਂਦਾ ਹੈ ਅਤੇ ਰਾਜ ਅਧਿਆਤਮਿਕਤਾ ਦੇ ਵਿਕਾਸ ਵਿਚ ਰੁਕਾਵਟ ਪਾਉਣ ਵਾਲਿਆਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ। ਧਰਮ ਵਿਅਕਤੀਗਤ ਵਿਕਾਸ ਤੋਂ ਸਮਾਜ ਦੇ ਵਿਕਾਸ ਵੱਲ ਰੁਚਿਤ ਹੁੰਦਾ ਹੈ ਅਤੇ ਜੇ ਵਿਅਕਤੀ ਸਵੈ-ਵਿਕਾਸ ਵਿਚ ਪੱਛੜ ਜਾਂਦਾ ਹੈ ਤਾਂ ਉਹ ਸਮਾਜ ਦਾ ਸੁਚਾਰੂ ਵਿਕਾਸ ਕਰਨ ਵਿਚ ਵੀ ਅਸਮਰੱਥ ਸਾਬਿਤ ਹੁੰਦਾ ਹੈ। ਸਮਾਜ ਦੇ ਬਹੁ-ਪੱਖੀ ਵਿਕਾਸ ਲਈ ਰਾਜ ਦੀ ਸ਼ਕਤੀ ਵਧੇਰੇ ਸਾਰਥਕ ਕਾਰਜ ਕਰ ਸਕਦੀ ਹੈ। ਦੋਵਾਂ ਦੇ ਆਪੋ-ਆਪਣੇ ਨਿਯਮ ਹਨ ਜਿਨ੍ਹਾਂ ਅਨੁਸਾਰ ਇਨ੍ਹਾਂ ਨੇ ਕਾਰਜ ਕਰਨਾ ਹੁੰਦਾ ਹੈ। ਦੋਵੇਂ ਸੰਜੁਗਤ ਰੂਪ ਵਿਚ ਕਾਰਜ ਕਰਨ ਤਾਂ ਹੀ ਸਮਾਜ ਦਾ ਸਰਬ-ਪੱਖੀ ਵਿਕਾਸ ਸੰਭਵ ਹੈ।

ਪੁਰਤਨ ਭਾਰਤੀ ਪ੍ਰੰਪਰਾ ਵਿਚ ਰਿਸ਼ੀ ਅਤੇ ਰਾਜੇ ਦਾ ਸੁਮੇਲ ਦੇਖਣ ਨੂੰ ਮਿਲਦਾ ਹੈ। ਰਿਸ਼ੀ ਧਰਮ ਦਾ ਪ੍ਰਤੀਕ ਹੈ ਅਤੇ ਰਾਜਾ ਰਾਜਸੱਤਾ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਦੋਵੇਂ ਮਿਲ ਕੇ ਰਾਜ ਦੀ ਸਮਾਜਿਕ ਵਿਵਸਥਾ ਨੂੰ ਸੁਚਾਰੂ ਰੂਪ ਵਿਚ ਚਲਾਉਣ ਦਾ ਕਾਰਜ ਕਰਦੇ ਹਨ। ਇਤਿਹਾਸ ਵਿਚ ਜਦੋਂ ਵੀ ਇਹ ਇਕ ਦੂਜੇ ਤੋਂ ਦੂਰ ਹੋਏ ਹਨ, ਸਮਾਜ ਦੀ ਆਦਰਸ਼ ਰੂਪ ਵਿਚ ਚੱਲਦੀ ਵਿਵਸਥਾ ਪ੍ਰਭਾਵਿਤ ਹੋਈ ਹੈ। ਭਾਰਤੀ ਇਤਿਹਾਸ ਵਿਚ ਸ਼ਕਤੀਹੀਣ ਧਰਮ ਦੀ ਜੋ ਦੁਰਦਸ਼ਾ ਹੋਈ ਹੈ ਉਹ ਸਭ ਦੇ ਸਾਹਮਣੇ ਹੈ। ਹਿੰਦੂ, ਜੈਨ ਅਤੇ ਬੁੱਧ ਧਰਮ ਦੀ ਮਿਸਾਲ ਸਾਡੇ ਸਾਹਮਣੇ ਹੈ ਜਿਨ੍ਹਾਂ ਨੇ ਭਾਰਤੀ ਧਾਰਮਿਕ ਪ੍ਰੰਪਰਾਵਾਂ ਅਨੁਸਾਰ ਦੇਸ਼ ਅਤੇ ਸਮਾਜ ਦੀ ਰਾਖੀ ਕਰਨੀ ਸੀ ਪਰ ਰਾਜਸੱਤਾ ਪੱਖੋਂ ਨਿਰਬਲ ਹੋ ਜਾਣ ਕਰਕੇ ਇਹ ਦੇਸ਼ ਨੂੰ ਗ਼ੁਲਾਮ ਹੋਣ ਤੋਂ ਨਹੀਂ ਬਚਾ ਸਕੇ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਖੜ੍ਹੀਆਂ ਨੇ ਸੂਰਬੀਰਾਂ ਵਾਂਗ ਲੋਕਾਂ ਦੀ ਰੱਖਿਆ ਦਾ ਧਰਮ ਛੱਡ ਦਿੱਤਾ ਹੈ ਅਤੇ ਜਿਨ੍ਹਾਂ ਨੂੰ ਉਹ ਮਲੇਛ ਕਹਿੰਦੇ ਹਨ, ਉਨ੍ਹਾਂ ਦੀ ਉਹ ਬੋਲੀ ਬੋਲਦੇ ਹਨ - ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥ ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥

ਸਿੱਖ ਧਰਮ ਵਿਚ ਮੀਰੀ ਅਤੇ ਪੀਰੀ ਅਜਿਹੀਆਂ ਪ੍ਰਮੁੱਖ ਸੰਸਥਾਵਾਂ ਹਨ ਜਿਹੜੀਆਂ ਰਾਜ ਅਤੇ ਧਰਮ ਦੇ ਆਦਰਸ਼ਾਂ ਦੀ ਸਥਾਪਤੀ ਦਾ ਪ੍ਰਤੀਕ ਮੰਨੀਆਂ ਗਈਆਂ ਹਨ। ਆਦਰਸ਼ ਸਮਾਜ ਦੀ ਸਥਾਪਨਾ ਲਈ ਉਤਮ ਮੰਨੀਆਂ ਜਾਂਦੀਆਂ ਇਹ ਸੰਸਥਾਵਾਂ ਇਕ ਪਾਸੇ ਅਧਿਆਤਮਿਕ ਅਤੇ ਸਦਾਚਾਰਕ ਜੀਵਨ 'ਤੇ ਜ਼ੋਰ ਦਿੰਦੀਆਂ ਹਨ ਅਤੇ ਦੂਜੇ ਪਾਸੇ ਆਦਰਸ਼ ਰਾਜ ਦੀ ਸਥਾਪਨਾ ਲਈ ਪ੍ਰੇਰਿਤ ਕਰਦੀਆਂ ਹਨ। ਮੀਰ ਸ਼ਬਦ ਹਾਕਮ ਸ਼੍ਰੇਣੀ ਲਈ ਵਰਤਿਆ ਜਾਂਦਾ ਹੈ ਅਤੇ ਪੀਰ ਸ਼ਬਦ ਦੀ ਵਰਤੋਂ ਪੀਰਾਂ-ਫ਼ਕੀਰਾਂ ਜਾਂ ਅਧਿਆਤਮਿਕ ਪੁਰਖਾਂ ਲਈ ਕੀਤੀ ਜਾਂਦੀ ਹੈ।

ਪੀਰੀ ਅਧਿਆਤਮਿਕਤਾ ਦੀ ਲਖਾਇਕ ਹੈ ਜਿਸ ਵਿੱਚੋਂ ਸਤ, ਸੰਤੋਖ, ਦਯਾ, ਧਰਮ ਅਤੇ ਧੀਰਜ ਜਿਹੇ ਗੁਣ ਪੈਦਾ ਹੁੰਦੇ ਹਨ। ਇਸ ਦੇ ਪ੍ਰਭਾਵ ਅਧੀਨ ਮਾਨਸਿਕ ਆਜ਼ਾਦੀ ਦੀ ਭਾਵਨਾ ਪੈਦਾ ਹੁੰਦੀ ਹੈ, ਮਨ ਤ੍ਰਿਸ਼ਨਾਵਾਂ ਤੋਂ ਅਤੀਤ ਹੋ ਕੇ ਪ੍ਰਭੂ ਨਾਲ ਜੁੜਦਾ ਹੈ। ਪੀਰੀ ਨੂੰ ਧਰਮ ਦੀ ਜੜ੍ਹ ਮੰਨਿਆ ਜਾਂਦਾ ਹੈ ਜਿਹੜਾ ਕਿ ਮਨੁੱਖੀ ਏਕਤਾ, ਪ੍ਰੇਮ, ਭਾਈਚਾਰੇ ਅਤੇ ਸਹਿਹੋਂਦ ਦੀ ਭਾਵਨਾ ਪੈਦਾ ਕਰਦਾ ਹੈ। ਮੁਸਲਮਾਨ ਭਾਰਤ ਵਿਚ ਆਏ, ਉਨ੍ਹਾਂ ਨੇ ਤਲਵਾਰ ਦੇ ਜ਼ੋਰ ਨਾਲ ਹਕੂਮਤ ਕਾਇਮ ਕੀਤੀ ਪਰ ਉਹ ਧਰਮ ਦੀ ਪ੍ਰੇਰਨਾ ਪੈਦਾ ਕਰਨ ਵਿਚ ਬੁਰੀ ਤਰ੍ਹਾਂ ਨਾਲ ਫੇਲ੍ਹ ਹੋਏ। ਇਨ੍ਹਾਂ ਹਾਕਮਾਂ ਨਾਲ ਹੀ ਸੂਫ਼ੀ ਦਰਵੇਸ਼ ਵੀ ਭਾਰਤ ਵਿਚ ਪ੍ਰਵੇਸ਼ ਕੀਤੇ ਜਿਨ੍ਹਾਂ ਨੇ ਪ੍ਰਭੂ-ਬੰਦਗੀ ਅਤੇ ਮਨੁੱਖੀ ਪ੍ਰੇਮ ਉੱਤੇ ਬਲ ਦਿੱਤਾ। ਉਨ੍ਹਾਂ ਦੇ ਬੋਲ ਲੋਕਾਂ ਦੀ ਜ਼ੁਬਾਨ ਉੱਤੇ ਅਜਿਹੇ ਚੜ੍ਹੇ ਕਿ ਉਨ੍ਹਾਂ ਦੇ ਮਨ ਵਿਚ ਇਸਲਾਮ ਪ੍ਰਤੀ ਸਤਿਕਾਰ ਦੀ ਭਾਵਨਾ ਪ੍ਰਫੁਲਤ ਹੋਣ ਲੱਗੀ। ਪੀਰਾਂ ਦੀਆਂ ਦਰਗਾਹਾਂ 'ਤੇ ਜਾ ਕੇ ਲੋਕ ਉਨ੍ਹਾਂ ਨੂੰ ਯਾਦ ਕਰਦੇ ਹਨ ਅਤੇ ਸਤਿਕਾਰ ਭੇਟ ਕਰਦੇ ਹਨ। ਇਹ ਤਾਂ ਹੀ ਸੰਭਵ ਹੋ ਸਕਿਆ ਕਿ ਆਮ ਲੋਕ ਧਰਮ ਦੀ ਮੂਲ ਭਾਵਨਾ ਨਾਲ ਜੁੜਨਾ ਚਾਹੁੰਦੇ ਸਨ ਅਤੇ ਸੂਫ਼ੀ ਫ਼ਕੀਰਾਂ ਰਾਹੀਂ ਉਨ੍ਹਾਂ ਦੇ ਮਨ ਦੀ ਇੱਛਾ ਦੀ ਪੂਰਤੀ ਹੁੰਦੀ ਸੀ। ਪੀਰੀ ਜੀਵਨ ਦੇ ਅਧਿਆਤਮਿਕ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ ਜਿਸ ਨਾਲ ਸਮਾਜ ਵਿਚ ਨੈਤਿਕ ਕਦਰਾਂ ਕੀਮਤਾਂ ਨੂੰ ਮਜ਼ਬੂਤੀ ਮਿਲਦੀ ਹੈ ਅਤੇ ਸਮਾਜ ਰਵਾਨਗੀ ਵਿਚ ਅੱਗੇ ਵਧਦਾ ਹੈ। ਧਰਮ ਤੋਂ ਬਗ਼ੈਰ ਸਮਾਜ ਨੂੰ ਨੈਤਿਕਤਾ ਦੇ ਬੰਧਨ ਵਿਚ ਲੰਮਾ ਸਮਾਂ ਬੰਨ੍ਹ ਸਕਣਾ ਔਖਾ ਕਾਰਜ ਹੈ।

ਮੀਰੀ ਰਾਜਸੀ ਪ੍ਰਭੂ ਸੱਤਾ ਦਾ ਪ੍ਰਤੀਕ ਹੈ ਜਿਸ ਵਿੱਚੋਂ ਰਾਜੇ ਦੇ ਗੁਣਾਂ ਦਾ ਪ੍ਰਗਟਾਵਾ ਹੁੰਦਾ ਹੈ। ਰਾਜੇ ਦਾ ਹਰ ਇਕ ਬੋਲ ਅਤੇ ਕੰਮ ਲੋਕਾਂ ਨੂੰ ਪ੍ਰਭਾਵਤ ਕਰਦਾ ਹੈ। ਗੁਰਬਾਣੀ ਵਿਚ ਮੀਰ ਸ਼ਬਦ ਬਾਬਰ ਲਈ ਵਰਤਿਆ ਗਿਆ ਹੈ ਜੋ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਹਮਲਾਵਰ ਦੇ ਰੂਪ ਵਿਚ ਭਾਰਤ ਆਇਆ ਸੀ। ਬਾਬਰ ਦੇ ਹਮਲੇ ਵਿਚ ਹਜ਼ਾਰਾਂ ਬੇਦੋਸ਼ੇ ਲੋਕਾਂ ਦੀ ਜਾਨ ਗਈ ਸੀ, ਬਹੁਤ ਸਾਰੀ ਧਨ-ਸੰਪਤੀ ਜਾਂ ਤਾਂ ਲੁੱਟ ਲਈ ਗਈ ਸੀ। ਲੋਕਾਂ ਨੂੰ ਸਮੇਂ ਦੀ ਹਕੂਮਤ ਬਚਾ ਨਾ ਸਕੀ ਅਤੇ ਉਨ੍ਹਾਂ ਦੇ ਜੀਵਨ ਦੀ ਵਾਗਡੋਰ ਬਾਬਰ ਦੇ ਸਿਪਾਹੀਆਂ ਦੇ ਹੱਥ ਸੀ ਜਿਥੇ ਕਿਸੇ ਲਈ ਸੁਣਵਾਈ ਦੀ ਕੋਈ ਗੁੰਜਾਇਸ਼ ਨਹੀਂ ਸੀ। ਲੋਕਾਂ ਨੇ ਕੋਈ ਚਾਰਾ ਚੱਲਦਾ ਨਾ ਵੇਖ ਕੇ ਫ਼ਕੀਰਾਂ ਦੀ ਸ਼ਰਨ ਜਾ ਲਈ :

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥

ਉਹ ਫ਼ਕੀਰ ਵੀ ਲੋਕਾਂ ਨੂੰ ਬਾਬਰ ਦੇ ਸਿਪਾਹੀਆਂ ਹੱਥੋਂ ਹੁੰਦੀ ਬੇਪਤੀ ਤੋਂ ਬਚਾ ਨਾ ਸਕੇ। ਗੁਰੂ ਨਾਨਕ ਦੇਵ ਜੀ ਲੋਕਾਂ ਦੀ ਹੁੰਦੀ ਦੁਰਦਸ਼ਾ ਦੇਖ ਕੇ ਚੁੱਪ ਨਾ ਰਹੇ। ਉਨ੍ਹਾਂ ਨੇ ਇਕ ਪਾਸੇ ਪਰਮਾਤਮਾ ਕੋਲ ਇਸ ਘਟਨਾ ਦਾ ਰੋਸ ਪ੍ਰਗਟ ਕੀਤਾ, ਦੂਜੇ ਪਾਸੇ ਅੱਗੇ ਹੋ ਕੇ ਲੋਕਾਂ ਨੂੰ ਹੌਸਲਾ ਦੇਣ ਲੱਗੇ। ਇਨ੍ਹਾਂ ਘਟਨਾਵਾਂ ਸਮੇਂ ਗੁਰੂ ਜੀ ਨੂੰ ਵੀ ਬਾਬਰ ਦੇ ਸਿਪਾਹੀਆਂ ਨੇ ਕੈਦ ਕਰ ਲਿਆ ਪਰ ਉਨ੍ਹਾਂ ਦੀ ਅਧਿਆਤਮਿਕ ਸ਼ਖ਼ਸੀਅਤ ਤੋਂ ਪ੍ਰਭਾਵਤ ਹੋ ਕੇ ਬਾਬਰ ਨੇ ਨਾ ਕੇਵਲ ਉਨ੍ਹਾਂ ਨੂੰ ਹੀ ਛੱਡਿਆ ਬਲਕਿ ਸਾਰੇ ਆਮ ਕੈਦੀ ਵੀ ਰਿਹਾਅ ਕਰ ਦਿੱਤੇ।

ਮੀਰੀ-ਪੀਰੀ ਦਾ ਸਿਧਾਂਤ ਆਮ ਲੋਕਾਂ ਮਨ ਵਿਚ ਦ੍ਰਿੜਤਾ, ਨੈਤਿਕਤਾ, ਅਧਿਆਤਮਿਕਤਾ, ਸਵੈਮਾਨ ਦੀ ਭਾਵਨਾ ਨੂੰ ਉਜਾਗਰ ਕਰਨ ਦਾ ਕਾਰਜ ਕਰਦਾ ਹੈ। ਨਿਰਭਉ ਅਤੇ ਨੈਤਿਕ ਬਣਾਉਣ ਦੀ ਦਿਸ਼ਾ ਵੱਲ ਸੇਧਿਤ ਇਹ ਸਿਧਾਂਤ 'ਹਲੇਮੀ ਰਾਜ' ਦੇ ਸੰਕਲਪ ਦਾ ਸੁਪਨਾ ਸਾਕਾਰ ਕਰਨ ਦਾ ਮਾਰਗ ਦਰਸਾਉਂਦਾ ਹੈ। ਮੀਰੀ-ਪੀਰੀ ਦੀ ਜੀਵਨ-ਜੁਗਤ ਆਦਰਸ਼ ਸਮਾਜ ਦੀ ਸਥਾਪਨਾ ਦਾ ਕਾਰਜ ਕਰਦੀ ਹੈ। ਰਾਜ ਤੋਂ ਬਗ਼ੈਰ ਧਰਮ ਦਾ ਵਿਕਾਸ ਸੰਭਵ ਨਹੀਂ ਮੰਨਿਆ ਜਾਂਦਾ ਅਤੇ ਧਰਮ ਤੋਂ ਬਗ਼ੈਰ ਸਮਾਜ ਵਿਚ ਸਦਾਚਾਰ ਕਾਇਮ ਨਹੀਂ ਰਹਿ ਸਕਦਾ। ਭਾਵੇਂ ਕਿ ਮੁੱਢਲੇ ਰੂਪ ਵਿਚ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ ਪੈਂਦਾ ਹੈ ਅਤੇ ਇਸ ਕਾਰਜ ਲਈ ਬਲ ਦੀ ਵਰਤੋਂ ਤੋਂ ਵੀ ਇਨਕਾਰ ਨਹੀਂ ਕੀਤਾ ਗਿਆ ਜਿਸ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਇਸ ਰੂਪ ਵਿਚ ਕਰਦੇ ਹਨ - ਰਾਜ ਕਿਸੇ ਕੋ ਕੋਇ ਨ ਦੈਹੈ। ਜੋ ਲੈਹੈ ਨਿਜ ਬਲ ਸੇ ਲੈਹੈ।

ਬਲ ਨਾਲ ਰਾਜ ਦੀ ਪ੍ਰਾਪਤੀ ਇਕ ਪੜਾਅ ਹੈ। ਰਾਜ ਨੂੰ ਸੁਚਾਰੂ ਰੂਪ ਵਿਚ ਚਲਾਉਣਾ ਅਤੇ ਇਸ ਵਿਚ ਸ਼ਾਂਤੀ ਕਾਇਮ ਰੱਖਣੀ ਇਸ ਤੋਂ ਅਗਲਾ ਅਤੇ ਵਧੇਰੇ ਔਖਾ ਪੜਾਅ ਹੈ। ਸਿੱਖ ਧਰਮ ਵਿਚ ਇਸ ਸਬੰਧੀ ਬਾਬਾ ਬੰਦਾ ਸਿੰਘ ਬਹਾਦਰ ਦੀ ਮਿਸਾਲ ਪ੍ਰਮੁਖ ਤੌਰ 'ਤੇ ਦਿੱਤੀ ਜਾ ਸਕਦੀ ਹੈ ਜਿਸ ਨੇ ਕਰੜੇ ਸੰਘਰਸ਼ ਤੋਂ ਬਾਅਦ ਖ਼ਾਲਸਾ ਰਾਜ ਦੀ ਸਥਾਪਨਾ ਕਰ ਕੇ ਲੰਮੇ ਸਮੇਂ ਤੋਂ ਲਿਤਾੜੇ ਜਾ ਰਹੇ ਲੋਕਾਂ ਨੂੰ ਲੋਕ-ਰਾਜ ਦਾ ਸੁਆਦ ਚਖਾ ਦਿੱਤਾ ਸੀ। ਬੰਦਾ ਸਿੰਘ ਬਹਾਦਰ ਦੁਆਰਾ ਪਾਈਆਂ ਗਈਆਂ ਲੀਹਾਂ ਅਨੁਸਾਰ ਹੀ ਪੰਜਾਬ ਵਿਚ ਮਿਸਲਾਂ ਦਾ ਰਾਜ ਕਾਇਮ ਹੋਇਆ ਸੀ ਜਿਨ੍ਹਾਂ ਨੇ ਸਮਾਜਿਕ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾ ਕੇ ਆਮ ਲੋਕਾਂ ਨੂੰ ਸਿੱਖ ਧਰਮ ਦੀਆਂ ਕਦਰਾਂ-ਕੀਮਤਾਂ ਵੱਲ ਖਿੱਚਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਦੀ ਮਿਸਾਲ ਵੀ ਕਿਸੇ ਤੋਂ ਲੁਕੀ ਹੋਈ ਨਹੀਂ ਹੈ।

ਮੌਜੂਦਾ ਸਮੇਂ ਵਿਚ ਲੋਕਤੰਤਰੀ ਰਾਜ ਪ੍ਰਬੰਧ ਦੀ ਪ੍ਰਾਪਤੀ ਲਈ ਬਲ ਦੀ ਬਜਾਏ ਗਿਆਨ, ਸੇਵਾ, ਸੰਗਠਨ, ਆਰਥਿਕ ਖ਼ੁਸ਼ਹਾਲੀ ਅਤੇ ਧਾਰਮਿਕ ਸ਼ਖ਼ਸੀਅਤਾਂ ਆਦਿ ਦੀ ਵਧੇਰੇ ਲੋੜ ਪੈਂਦੀ ਹੈ। ਇਸ ਢੰਗ ਨਾਲ ਪ੍ਰਾਪਤ ਕੀਤੇ ਹੋਏ ਰਾਜ ਵਿਚ ਵੀ ਰਾਜੇ ਦਾ ਮੁੱਖ ਉਦੇਸ਼ ਲੋਕਾਈ ਦੀ ਭਲਾਈ ਹੁੰਦਾ ਹੈ। ਭਲਾਈ ਤਾਂ ਹੀ ਸੰਭਵ ਹੈ ਜੇ ਰਾਜ ਵਿਚ ਸ਼ਾਂਤੀ, ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਕਾਇਮ ਹੋਵੇ। ਇਹ ਕਾਰਜ ਮੁਸ਼ਕਲ ਜ਼ਰੂਰ ਹੁੰਦਾ ਹੈ ਪਰ ਇਸ ਨੂੰ ਅਸੰਭਵ ਨਹੀਂ ਮੰਨਿਆ ਜਾ ਸਕਦਾ। ਹਾਕਮ ਦੀ ਨੀਤੀ ਉਸ ਦੁਆਰਾ ਬਣਾਏ ਕਾਨੂੰਨ ਵਿੱਚੋਂ ਪ੍ਰਗਟ ਹੁੰਦੀ ਹੈ। ਕਾਨੂੰਨ ਦਾ ਡੰਡਾ ਲੋਕਾਂ ਨੂੰ ਸਮਾਜਿਕ ਦਾਇਰੇ ਵਿਚ ਰੱਖਣ ਦਾ ਇਕ ਸਾਧਨ ਹੈ। ਜੇ ਬਹੁ-ਗਿਣਤੀ ਲੋਕ ਇਸ ਨੂੰ ਮੰਨਣ ਤੋਂ ਇਨਕਾਰੀ ਹੋ ਜਾਣ ਤਾਂ ਇਸ ਦਾ ਭਾਵ ਇਹ ਲੈਣਾ ਚਾਹੀਦਾ ਹੈ ਕਿ ਕਾਨੂੰਨ ਵਿਚ ਕੁੱਝ ਅਜਿਹੀਆਂ ਖਾਮੀਆਂ ਮੌਜੂਦ ਹਨ ਜਿਹੜੀਆਂ ਲੋਕ-ਹਿਤਾਂ ਦੀ ਪੂਰਤੀ ਨਹੀਂ ਕਰਦੀਆਂ। ਇਸ ਦਾ ਭਾਵ ਇਹ ਵੀ ਨਹੀਂ ਲੈਣਾ ਚਾਹੀਦਾ ਕਿ ਬਹੁ-ਗਿਣਤੀ ਭਾਈਚਾਰੇ ਦੁਆਰਾ ਬੇਈਮਾਨ ਨੀਅਤ ਨਾਲ ਬਣਾਏ ਹੋਏ ਕਾਨੂੰਨ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਏਥੇ ਧਰਮ ਤੇ ਸਮਾਜ ਦੀਆਂ ਵਡੇਰੀਆਂ ਕਦਰਾਂ-ਕੀਮਤਾਂ ਮਨੁੱਖ ਦੀ ਅਗਵਾਈ ਕਰਦੀਆਂ ਹਨ ਕਿ ਸਹੀ ਕਾਨੂੰਨ ਉਨ੍ਹਾਂ ਸੁਚਾਰੂ ਅਤੇ ਸਦਾਚਾਰਕ ਕਦਰਾਂ ਕੀਮਤਾਂ ਦੇ ਅਨੁਸਾਰੀ ਹੋ ਸਕਦਾ ਹੈ ਜਿਹੜੀਆਂ ਲੋਕਾਂ ਦੀ ਅਗਵਾਈ ਕਰਨ ਦੇ ਸਮਰੱਥ ਹੁੰਦੀਆਂ ਹਨ। ਏਸੇ ਕਰਕੇ ਕਾਨੂੰਨ ਘੜਨ ਵਾਲੇ ਅਜਿਹੇ ਕਾਨੂੰਨ ਬਣਾਉਣ ਲਈ ਯਤਨਸ਼ੀਲ ਹੁੰਦੇ ਹਨ ਜਿਹੜੇ ਸਰਬ-ਪ੍ਰਵਾਨਿਤ ਨਿਯਮਾਂ 'ਤੇ ਆਧਾਰਿਤ ਹੋਣ। ਧਰਮ ਅਧਾਰਿਤ ਸਚਾਈ ਅਤੇ ਸਮਾਜਿਕ ਭਲਾਈ ਅਜਿਹੇ ਗੁਣ ਮੰਨੇ ਜਾ ਸਕਦੇ ਹਨ ਜਿਹੜੇ ਸਦੀਵ ਕਾਲ ਲਈ ਲੋਕਾਂ ਦੀ ਅਗਵਾਈ ਕਰ ਸਕਦੇ ਹਨ। ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨ ਅਤੇ ਲੋਕਾਂ ਨੂੰ ਇਨ੍ਹਾਂ ਦੇ ਘੇਰੇ ਵਿਚ ਲਿਆਉਣ ਲਈ ਰਾਜ ਸ਼ਕਤੀ ਦੀ ਲੋੜ ਪੈਂਦੀ ਹੈ ਜਿਹੜੀ ਕਿ ਰਾਜ-ਪ੍ਰਬੰਧ ਦਾ ਹਿੱਸਾ ਹੁੰਦੀ ਹੈ। ਇਸ ਤਰ੍ਹਾਂ ਧਰਮ ਅਤੇ ਰਾਜਨੀਤੀ ਨੂੰ ਇਕ ਦੂਜੇ ਦੇ ਪ੍ਰਸੰਗ ਵਿਚ ਸਮਝਣ ਦੀ ਲੋੜ ਹੈ ਨਾ ਕਿ ਇਕ ਪਾਸੜ ਨੀਤੀ ਧਾਰਨ ਕਰ ਕੇ ਲੋਕਾਂ ਨੂੰ ਸੰਘਰਸ਼ ਦੇ ਰਾਹ ਤੋਰਿਆ ਜਾਵੇ।

ਗੁਰੂ ਸਾਹਿਬਾਨ ਨੇ ਧਰਮ ਅਤੇ ਰਾਜ ਦੀਆਂ ਸ਼ਕਤੀਆਂ ਨੂੰ ਇਕ ਦੂਜੇ ਦੀਆਂ ਪੂਰਕ ਮੰਨਿਆ ਹੈ। ਇਨ੍ਹਾਂ ਸ਼ਕਤੀਆਂ ਦਾ ਸੁਮੇਲ ਨਾ ਤਾਂ ਧਾਰਮਿਕ ਕੱਟੜਤਾ ਪੈਦਾ ਹੋਣ ਦਿੰਦਾ ਹੈ ਅਤੇ ਨਾ ਹੀ ਹਾਕਮ ਨੂੰ ਲੋਕਾਂ 'ਤੇ ਜ਼ੁਲਮ ਕਰਨ ਦੀ ਆਗਿਆ ਦਿੰਦਾ ਹੈ। ਇਹ ਸੁਮੇਲ ਜ਼ੁਲਮ ਕਰਨ ਅਤੇ ਸਹਿਣ ਦਾ ਵਿਰੋਧ ਕਰਦਾ ਹੈ। ਧਾਰਮਿਕ ਆਜ਼ਾਦੀ ਪ੍ਰਦਾਨ ਕਰਨ ਦੇ ਨਾਲ-ਨਾਲ ਇਹ ਧਾਰਮਿਕ ਕਦਰਾਂ-ਕੀਮਤਾਂ ਅਨੁਸਾਰ ਦੂਜੇ ਦੇ ਧਾਰਮਿਕ ਵਿਸ਼ਵਾਸ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਕਰਦਾ ਹੈ। ਇਸ ਸੁਮੇਲ ਨੂੰ ਸਮਾਜਿਕ, ਸਦਾਚਾਰਕ ਅਤੇ ਧਰਮ-ਨਿਰਪੱਖਤਾ ਦਾ ਸਮੂਹ ਕਿਹਾ ਜਾ ਸਕਦਾ ਹੈ।

**ਮੋਬਾਈਲ** : 9872074322

# ਸੰਤ ਚਮਨ ਦਾਸ ਉਦਾਸੀ


ਬਾਬਾ ਸ੍ਰੀ ਚੰਦ ਜੀ ਦੁਆਰਾ ਚਲਾਈ ਉਦਾਸੀ ਸੰਪ੍ਰਦਾਇ ਵਿਚ ਅਨੇਕਾਂ ਉੱਚ ਕੋਟੀ ਦੇ ਸੰਤ ਮਹਾਪੁਰਸ਼ ਹੋਏ ਹਨ।ਜਿਨ੍ਹਾਂ ਨੇ ਗੁਰਉਪਦੇਸ਼ ਰਾਹੀਂ ਸੰਸਾਰ ਦੇ ਜੀਵਾਂ ਨੂੰ ਸੱਚ ਦੇ ਮਾਰਗ 'ਤੇ ਤੋਰਿਆ। ਅਜਿਹੇ ਹੀ ਮਹਾਪੁਰਸ਼ ਸੱਚਖੰਡ ਵਾਸੀ ਸੰਤ ਬਾਬਾ ਗੋਬਿੰਦ ਦਾਸ ਜੀ ਉਦਾਸੀ ਫਗਵਾੜੇ ਵਾਲਿਆਂ ਦੇ ਅਨਿਨ ਸ਼ਰਧਾਲੂ ਨਾਮ ਦੇ ਰਸੀਏ ਦਇਆ ਤੇ ਪ੍ਰੇਮ ਦੇ ਸਾਗਰ ਸੰਤ ਬਾਬਾ ਚਮਨ ਦਾਸ ਜੀ ਹੋਏ ਹਨ।ਜਿਨ੍ਹਾਂ ਦਾ ਜਨਮ 68 ਸਾਲ ਪਹਿਲਾਂ 13 ਹਾੜ ਨੂੰ ਮਾਤਾ ਮੰਗੋ ਦੇਵੀ ਤੇ ਪਿਤਾ ਸ੍ਰੀ ਚੰਦੂ ਰਾਮ ਦੇ ਗ੍ਰਹਿ ਵਿਖੇ ਪਿੰਡ ਕਾਗਰ ਵਡਤਾ ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ) ਵਿਖੇ ਹੋਇਆ।।



ਅੱਜ ਜਨਮ ਦਿਨ 'ਤੇ ਵਿਸ਼ੇਸ਼

ਬਾਲ ਅਵਸਥਾ ਵਿਚ ਹੀ ਆਪ ਦੇ ਮਾਤਾ ਪਿਤਾ ਅਕਾਲ ਚਲਾਣਾ ਕਰ ਗਏ ਸਨ। ਆਪ ਦਾ ਬਚਪਨ ਵੱਡੇ ਭੈਣ ਬੀਬੀ ਬਾਵੀ ਕੋਲ ਹੀ ਚੁਗਿਟੀ ਜਲੰਧਰ ਵਿਖੇ ਬੀਤਿਆ। ਛੋਟੀ ਉਮਰ 'ਚ ਹੀ ਆਪ ਨੂੰ ਬ੍ਰਹਮਗਿਆਨੀ ਸੰਤ ਬਾਬਾ ਗੋਬਿੰਦ ਦਾਸ ਜੀ ਦੀ ਸ਼ਰਨ ਵਿਚ ਡੇਰਾ ਫਗਵਾੜਾ ਵਿਖੇ ਆਉਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਅਸਥਾਨ 'ਤੇ ਹੀ ਆਪ ਨੇ ਉਦਾਸੀ ਮੱਤ ਧਾਰਨ ਕੀਤਾ। ਆਪ ਗੁਰੂ ਘਰ ਦੀ ਸੇਵਾ ਸ਼ਾਂਤਚਿਤ ਰਹਿ ਕੇ ਤਨ ਮਨ ਧਨ ਨਾਲ ਕਰਿਆ ਕਰਦੇ ਸਨ। ਗੁਰੂ ਜੀ ਦੇ ਹੁਕਮ 'ਚ ਰਹਿ ਕੇ ਦਰ ਆਈਆਂ ਸੰਗਤਾਂ ਨੂੰ ਆਪਣੇ ਹੱਥੀਂ ਲੰਗਰ ਪਕਾ ਕੇ ਖੁਆਇਆ ਕਰਦੇ ਸਨ। ਸੇਵਾ ਤੋਂ ਵਿਹਲੇ ਹੁੰਦੇ ਹੀ ਨਾਮ ਸਿਮਰਨ, ਪ੍ਰਭੂ ਭਗਤੀ ਵਿਚ ਲੀਨ ਹੋ ਜਾਂਦੇ।।ਅੰਤ ਬਾਬਾ ਗੋਬਿੰਦ ਦਾਸ ਜੀ ਨੇ ਸੇਵਾ ਤੋਂ ਖ਼ੁਸ਼ ਹੋ ਕੇ ਆਪ ਨੂੰ ਆਪਣੇ ਜਿਉਂਦਿਆਂ ਹੀ ਗੱਦੀ ਦੇ ਵਾਰਿਸ ਬਣਾ ਦਿੱਤਾ। ਸੰਤ ਗੋਬਿੰਦ ਦਾਸ 6 ਫਰਵਰੀ 1968 ਨੂੰ ਸੱਚਖੰਡ ਜਾ ਵਿਰਾਜੇ। ਉਸ ਵਕਤ ਬਾਬਾ ਚਮਨ ਦਾਸ ਜੀ ਦੀ ਉਮਰ ਛੋਟੀ ਹੀ ਸੀ। ਆਪ ਬਹੁਤ ਵਿਰਾਗ 'ਚ ਚਲੇ ਗਏ ਸਨ। ਆਪ ਨੇ ਵੱਡੇ ਮਹਾਪੁਰਸ਼ਾਂ ਦੇ ਤਪ ਅਸਥਾਨ 'ਤੇ ਬੈਠ ਕੇ ਭੁੱਖੇ ਪਿਆਸੇ ਰਹਿ ਕੇ 40 ਦਿਨ ਤਕ ਤਪੱਸਿਆ ਕੀਤੀ। ਆਪ ਨੇ ਡੇਰੇ ਦੀ ਸੇਵਾ ਸੰਭਾਲਦਿਆਂ ਹੀ ਆਪਣੇ ਗੁਰੂ ਪਿਤਾ ਦੀ ਯਾਦ 'ਚ ਸੁੰਦਰ ਸਮਾਧ ਦੀ ਉਸਾਰੀ ਕਰਵਾਈ। ਇਸ ਤੋਂ ਇਲਾਵਾ ਫਗਵਾੜਾ ਅਤੇ ਇੰਗਲੈਂਡ ਵਿਖੇ ਵੀ ਇਕ ਸੁੰਦਰ ਡੇਰਾ ਸਥਾਪਤ ਕੀਤਾ। ਇਥੇ ਆਪ ਜੀ ਸੰਗਤ ਨੂੰ ਨਾਮ ਦਾਨ ਦੀਆਂ ਦਾਤਾਂ ਵੰਡਦੇ। ਆਪ ਵਲੋਂ ਹਰ ਸੰਗਰਾਂਦ 'ਤੇ ਜੋੜ ਮੇਲਾ, ਸੰਤ ਬਾਬਾ ਗੋਬਿੰਦ ਦਾਸ ਜੀ ਦਾ ਬਰਸੀ ਸਮਾਗਮ ਤੇ ਜਨਮ ਦਿਨ ਸ਼ਰਧਾ ਨਾਲ ਮਨਾਉਂਦੇ ਸਨ। ਆਪ ਨੇ ਹਮੇਸ਼ਾ ਸਰਬੱਤ ਦਾ ਭਲਾ ਮੰਗਿਆ। ਸਮੁੱਚੀ ਮਾਨਵਤਾ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜ ਕੇ ਪਰਮਾਤਮਾ ਦੇ ਲੜ ਲਾਇਆ। ਆਪ ਨੇ ਆਪਣਾ ਸਮੁੱਚਾ ਜੀਵਨ ਲੋਕ ਭਲਾਈ ਲਈ ਅਰਪਿਤ ਕੀਤਾ। ਅੰਤ ਆਪ 2 ਅਗਸਤ 2012 ਨੂੰ ਸੱਚਖੰਡ ਜਾ ਬਿਰਾਜੇ। ਮਹਾਨ ਪਰਉਪਕਾਰੀ ਸੰਤ ਬਾਬਾ ਚਮਨ ਦਾਸ ਜੀ ਦਾ ਜਨਮ ਦਿਨ ਸਮਾਗਮ 27 ਜੂਨ ਨੂੰ ਡੇਰੇ ਦੇ ਮੁੱਖ ਸੰਚਾਲਕ ਸੰਤ ਦੇਸ ਰਾਜ ਅਤੇ ਸਮੂਹ ਸੰਗਤਾਂ ਵਲੋਂ ਮਨਾਇਆ ਜਾਵੇਗਾ।

• **ਮਦਨ ਬੰਗੜ**
**ਮੋਬਾਈਲ** 9501575511



ਪ੍ਰੇਰਕ ਪ੍ਰਸੰਗ

# ਪਾਣੀ ਦਾ ਮੁੱਲ

ਇਕ ਵਾਰ ਸ਼ਹਿਨਸ਼ਾਹ ਅਕਬਰ ਦਾ ਦਰਬਾਰ ਸਜਿਆ ਹੋਇਆ ਸੀ। ਦਰਬਾਰ ਵਿਚ ਬੈਠਿਆਂ ਬਾਦਸ਼ਾਹ ਨੂੰ ਪਾਣੀ ਦੀ ਪਿਆਸ ਲੱਗੀ। ਉਸਨੇ ਸੇਵਾਦਾਰ ਨੂੰ ਪਾਣੀ ਲੈ ਕੇ ਆਉਣ ਦਾ ਇਸ਼ਾਰਾ ਕੀਤਾ। ਇਸ਼ਾਰਾ ਮਿਲਦਿਆਂ ਹੀ ਸੇਵਾਦਾਰ ਪੀਣ ਵਾਲੇ ਸੀਤਲ ਜਲ ਦਾ ਗਲਾਸ ਲੈ ਕੇ ਹਾਜ਼ਰ ਹੋ ਗਿਆ। ਅਜੇ ਬਾਦਸ਼ਾਹ ਨੇ ਗਲਾਸ ਫੜ੍ਹਕੇ ਮੂੰਹ ਨੇੜੇ ਕੀਤਾ ਹੀ ਸੀ ਕਿ ਕੋਲ ਬੈਠਾ ਬੀਰਬਲ ਖੜ੍ਹਾ ਹੁੰਦਿਆਂ ਬੋਲਿਆ, "ਗੁਸਤਾਖ਼ੀ ਮਾਫ਼ ਜਹਾਂਪਨਾਹ, ਕੀ ਤੁਸੀਂ ਇਕ ਮਿੰਟ ਲਈ ਰੁਕ ਸਕਦੇ ਹੋ। ਮੈਂ ਇਕ ਗੱਲ ਪੁੱਛਣੀ ਚਾਹੁੰਦਾ ਹਾਂ,।" ਸਾਰੇ ਦਰਬਾਰ ਵਿਚ ਘੁਸਰ -ਮੁਸਰ ਹੋਣੀ ਸ਼ੁਰੂ ਹੋ ਗਈ। ਬਾਦਸ਼ਾਹ ਸਮੇਤ ਸਾਰੇ ਦਰਬਾਰੀ ਬੀਰਬਲ ਵਲ ਹੈਰਾਨੀ ਨਾਲ ਦੇਖਣ ਲੱਗੇ। ਪਤਾ ਨਹੀਂ ਉਹ ਕੀ ਪੁੱਛਣਾ ਚਾਹੁੰਦਾ ਸੀ।

ਬਾਦਸ਼ਾਹ ਦਾ ਇਸ਼ਾਰਾ ਮਿਲਦਿਆਂ ਬੀਰਬਲ ਬੋਲਿਆ, "ਬਾਦਸ਼ਾਹ ਸਲਾਮਤ, ਜੇ ਪਾਣੀ ਖ਼ਤਮ ਹੋ ਜਾਵੇ, ਹਜ਼ਾਰਾਂ ਯਤਨ ਕਰਨ ਦੇ ਬਾਵਜੂਦ ਵੀ ਸੈਂਕੜੇ ਮੀਲਾਂ ਤਕ ਪਾਣੀ ਦੀ ਬੂੰਦ ਵੀ ਮਿਲਦੀ ਨਾ ਹੋਵੇ! ਪਿਆਸ ਕਾਰਨ ਤੁਸੀਂ ਮੱਛੀ ਵਾਂਗ ਤੜਫ ਰਹੇ ਹੋਵੋ! ਸੱਚੋ ਸੱਚ ਦੱਸਿਓ, ਜੇ ਉਸ ਵਕਤ ਕੋਈ ਪਾਣੀ ਦਾ ਇਕ ਗਲਾਸ ਲੈ ਕੇ ਹਾਜ਼ਰ ਹੋ ਜਾਵੇ ਤਾਂ ਤੁਸੀਂ ਉਸ ਪਾਣੀ ਦੇ ਇਕ ਗਲਾਸ ਦੀ ਕਿੰਨੀ ਕੀਮਤ ਅਦਾ ਕਰ ਸਕਦੇ ਹੋ?' ਅਕਬਰ ਹੱਸ ਪਿਆ। ਹੱਥ 'ਚ ਫੜ੍ਹਿਆ ਗਲਾਸ ਗੱਟ-ਗੱਟ ਕਰ ਕੇ ਪੀਣ ਉਪਰੰਤ ਬੋਲਿਆ, "ਜੇ ਸੱਚਮੁਚ ਅਜਿਹੇ ਹਾਲਾਤ ਹੋ ਜਾਣ ਤਾਂ ਮੈਂ ਬੜੀ ਖ਼ੁਸ਼ੀ ਨਾਲ ਆਪਣੇ ਰਾਜਭਾਗ ਦਾ ਅੱਧਾ ਹਿੱਸਾ ਉਸ ਪਾਣੀ ਦੇ ਗਲਾਸ ਦਾ ਮੁੱਲ ਦੇ ਦੇਵਾਂਗਾ'।

ਬੀਰਬਲ ਨੇ ਇਕ ਹੋਰ ਸਵਾਲ ਕਰ ਦਿੱਤਾ, "ਬਾਦਸ਼ਾਹ ਸਲਾਮਤ, ਜੇ ਆਪ ਦਾ ਪਿਸ਼ਾਬ ਰੁਕ ਜਾਵੇ, ਬੰਨ ਪੈ ਜਾਵੇ ਤੁਹਾਡੀ ਜਾਨ ਤੜਫਣ ਲੱਗੇ ਉਸ ਦੁੱਖ ਤੋਂ ਬਚਣ ਲਈ ਕੋਈ ਰਾਹਤ ਨਾ ਮਿਲਦੀ ਹੋਵੇ, ਉਸ ਸਮੇਂ ਜੇ ਕੋਈ ਵੈਦ ਤੁਹਾਡੇ ਕੋਲੋਂ ਅੱਧਾ ਰਾਜ-ਭਾਗ ਮੰਗ ਕੇ ਇਲਾਜ ਦੀ ਗਰੰਟੀ ਦੇਵੇ! ਕੀ ਤੁਸੀਂ ਮੰਨ ਜਾਓਗੇ?'


'ਬਿਨਾਂ ਸ਼ੱਕ ਮੈਂ ਅਪਣਾ ਅੱਧਾ ਰਾਜਭਾਗ ਦੇਣ ਲੱਗਿਆਂ ਇਕ ਮਿੰਟ ਵੀ ਨਹੀਂ ਸੋਚਾਂਗਾ।

ਸਾਰੇ ਦਰਬਾਰੀ ਹੈਰਾਨ ਸਨ। ਆਖਿਰ ਬੀਰਬਲ ਕਹਿਣਾ ਕੀ ਚਾਹੁੰਦਾ ਹੈ? ਪਰ ਅਕਬਰ ਮੁਸਕਰਾ ਰਿਹਾ ਸੀ। ਉਸ ਨੂੰ ਬੀਰਬਲ 'ਤੇ ਵਿਸ਼ਵਾਸ ਸੀ ਕਿ ਉਸਦੀ ਆਖੀ ਕੋਈ ਵੀ ਗੱਲ ਮਹੱਤਵਹੀਣ ਨਹੀਂ ਹੋਵੇਗੀ। ਬੀਰਬਲ ਹੱਸਦਾ ਹੋਇਆ ਬੋਲਿਆ,"ਤਾਂ ਫੇਰ ਜਹਾਂਪਨਾਹ ਇਸਦਾ ਮਤਲਬ ਇਹ ਹੋਇਆ ਕਿ ਇਕ ਗਲਾਸ ਪਾਣੀ ਦੀ ਕੀਮਤ ਚੁਕਾਉਂਦਿਆਂ ਤੁਹਾਡਾ ਸਾਰਾ ਰਾਜ ਭਾਗ ਕੁਰਬਾਨ ਕੀਤਾ ਜਾ ਸਕਦਾ ਹੈ।'

'ਬਿਲਕੁਲ।' ਸ਼ਹਿਨਸ਼ਾਹ ਬੋਲਿਆ। 'ਤੇ ਫਿਰ ਬਾਦਸ਼ਾਹ ਸਲਾਮਤ ਮੈਂ ਕਹਿਣਾ ਚਾਹੁੰਨਾ ਕਿ ਕੁਦਰਤ ਸਾਨੂੰ ਬਿਨਾਂ ਕਿਸੇ ਨਾਪ ਤੋਲ ਦੇ ਏਨਾ ਜ਼ਿਆਦਾ ਪਾਣੀ ਬਿਨਾਂ ਕੁਝ ਪ੍ਰਾਪਤ ਕੀਤੇ ਦੇ ਰਹੀ ਹੈ, ਅਸੀਂ ਉਸਦੀ ਮਿਹਰ ਦਾ ਕੀ ਮੁੱਲ ਪਾ ਸਕਦੇ ਹਾਂ?' ਬੀਰਬਲ ਦਾ ਸਵਾਲ ਸੁਣਕੇ ਸਾਰੇ ਦਰਬਾਰ ਵਿਚ ਸੰਨਾਟਾ ਛਾ ਗਿਆ।ਸਭ ਸਮਝ ਗਏ ਸਨ ਕਿ ਪਾਣੀ ਕਿੰਨੀ ਕੀਮਤੀ ਕੁਦਰਤੀ ਦਾਤ ਹੈ ਕਿ ਇਸਦੇ ਇਕ ਗਲਾਸ ਦਾ ਮੁੱਲ ਅਕਬਰ ਵਰਗੇ ਬਾਦਸ਼ਾਹ ਦਾ ਸਾਰਾ ਰਾਜਭਾਗ ਹੋ ਸਕਦਾ ਹੈ। ਇਸਦੀ ਬੱਚਤ ਕਰਨੀ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ।

• **ਅਮਰਜੀਤ ਸਿੰਘ ਮਾਨ**
**ਮੋਬਾਈਲ** 94634 45092

**ਕੁਦਰਤ ਸਾਨੂੰ ਬਿਨਾਂ ਕਿਸੇ ਨਾਪ ਤੋਲ ਦੇ ਏਨਾ ਪਾਣੀ ਮੁਫ਼ਤੋ ਮੁਫ਼ਤੀ ਦੇ ਰਹੀ ਹੈ। ਅਸੀਂ ਉਸ ਦੀ ਮਿਹਰ ਦਾ ਮੁੱਲ ਨਹੀਂ ਪਾ ਰਹੇ। ਕੁਦਰਤ ਦੀ ਇਸ ਦਾਤ ਦੀ ਬੱਚਤ ਕਰਨੀ ਸਾਡਾ ਸਭ ਦਾ ਫਰਜ਼ ਬਣਦਾ ਹੈ...**



*ਭਾਈ ਘਨ੍ਹੱਈਆ ਜੀ ਦੇ ਜਨਮ ਅਸਥਾਨ ਦਾ ਨਾਂ-ਸੌਂਦਰ ਸੋਹਦਰਾ ਅਤੇ ਹੁਣ ਸੋਯਰਾ (ਪਾਕਿਸਤਾਨ) ਹੈ।*

# ਧਰਮਸ਼ਾਲ ਦੀ ਸਾਜਨਾ

• **ਫ਼ਕੀਰ ਚੰਦ ਤੁਲੀ**



ਇਹੋ ਜਿਹੇ ਰੂਪ ਨੇ, ਜੋ ਸਾਜੇ ਕਰਤਾਰ,
ਜਲ ਨੂੰ ਪੀਵਣ ਵਾਲੜਾ ਤੇ ਜਲ-ਭਰਨੇ-ਹਾਰ।
ਥਾਂ-ਥਾਂ ਖੂਹ ਪਟਵਾਇਕੇ, ਜਲ ਥਲ ਮਹੀਅਲ ਹੋਇ
ਲਾਇ ਛਬੀਲਾਂ ਥਾਉਂ ਥਾਂ, ਪਿਆਸਾ ਰਹੇ ਨਾ ਕੋਇ।
ਰੈਣ ਬਸੇਰੇ ਸਾਜ ਕੇ, ਨਾਮ ਜਪਣ ਦਿਨ ਰੈਣ,
ਭੁੱਲੇ ਭਟਕੇ ਲੋਕ ਆ, ਧਰਮਸ਼ਾਲ ਵਿਚ ਰਹਿਣ।
ਨਾਨਕ-ਰੰਗ ਰਬਾਬੀਆਂ, ਹਵਾ 'ਚ ਦਿੱਤੇ ਘੋਲ,
ਡੋਲਣ ਤੋਂ ਹੈ ਰੱਖਦਾ, ਨਾਨਕ ਨਾਮ ਅਡੋਲ।

**ਨੌਵੇਂ ਪਾਤਸ਼ਾਹ ਦੀ ਸ਼ਹਾਦਤ ਦੀ ਖ਼ਬਰ**

ਭਾਈ ਘਨ੍ਹੱਈਆ ਜੀ ਦਿੱਲੀ ਦੀ ਖ਼ਬਰ ਪਾਈ,
ਕਿ ਨ੍ਹੇਰਾ ਚਾਂਦਨੀ ਚੌਕ ਵਿਚ ਹੋ ਗਿਆ ਹੈ
ਪਿਤਾ ਸਾਡੇ 'ਤੇ ਤੇਗ ਨੇ ਵਾਰ ਕੀਤਾ
ਉਸ ਦੇ ਜ਼ੁਲਮ 'ਤੇ ਵਕਤ ਖੜ੍ਹੋ ਗਿਆ ਹੈ
ਸੁਣ ਕੇ ਖ਼ਬਰ ਘਨ੍ਹੱਈਆ ਪੁਕਾਰ ਉਠੇ,
ਹੁਣ ਨਈਂ ਮੁਗ਼ਲ ਨੂੰ ਕੋਈ ਬਚਾਉਣ ਵਾਲਾ
ਓਹ ਨਹੀਂ ਜੀ ਸਕਦਾ ਏਸ ਧਰਤ ਉੱਤੇ
ਸਾਡੇ ਪਿਤਾ ਦੇ ਖ਼ੂਨ ਵਿਚ ਨਾਉਣ ਵਾਲਾ
ਅੰਨ ਤੇ ਜਲ ਛੱਡਿਆ, ਮਨ ਬੈਰਾਗ ਹੋਇਆ,
ਕਹਿਣ ਮੁਗ਼ਲ ਸਰਕਾਰ ਨੇ ਢਾ ਦਿੱਤਾ
ਸ੍ਰੀ ਅਨੰਦਪੁਰ ਵੱਲ ਭਾਈ ਸਾਹਿਬ ਜੀ ਨੇ,
ਸੰਗਤਾਂ ਨਾਲ ਲੈ ਕੇ ਚਾਲਾ ਪਾ ਦਿੱਤਾ
ਦਰਸ਼ਨ ਪਾਇਕੇ ਗੁਰੂ ਦਸਮੇਸ਼ ਜੀ ਦੇ
ਆਈਆਂ ਰਿਦ੍ਹੇ ਨੂੰ ਕੱਛੂ ਤਸੱਲੀਆਂ ਨੇ,
ਝੱਲ ਹੋਏ ਨਾ ਦੁੱਖੜਾ ਸੰਗਤਾਂ ਤੋਂ,
ਝੱਲੀਆਂ ਹੋ ਗਈਆਂ ਜਿੰਦਾਂ ਝੱਲੀਆਂ ਨੇ।

**ਸ੍ਰੀ ਅਨੰਦਪੁਰ ਸਾਹਿਬ 'ਤੇ ਹਮਲਾ**

ਛੇਵੇਂ ਪਾਤਸ਼ਾਹ ਕਿਲ੍ਹਾ ਗਵਾਲੀਅਰ ਤੋਂ
ਕਰੀਆਂ ਜਿਨ੍ਹਾਂ ਉੱਤੇ ਕ੍ਰਿਪਾ ਭਾਰੀਆਂ ਨੇ
ਉਹ ਬਵੰਜਾ ਪਹਾੜੀਆਂ ਖਾਨਦਾਨਾਂ,
ਕਰੀਆਂ ਪਾਤਸ਼ਾਹ ਨਾਲ ਗ਼ਦਾਰੀਆਂ ਨੇ।
ਔਰੰਗਜ਼ੇਬ ਸੰਗ ਲਾ ਕਾ ਅਟ-ਸੱਟਾ
ਤੇਗਾਂ ਸਿੱਖਾਂ ਦੇ ਵੱਲ ਉਭਾਰੀਆਂ ਨੇ
ਐਪਰ ਸਿੰਘਾਂ ਦੇ ਨੇਜ਼ਿਆਂ ਖੰਡਿਆਂ ਨੇ,
ਲਾਈਆਂ ਉਨ੍ਹਾਂ ਦੇ ਖ਼ੂਨ ਵਿਚ ਤਾਰੀਆਂ ਨੇ
ਤੁਰਕਾਂ ਅਤੇ ਪਹਾੜੀਆਂ ਬੇਮੁਖਾਂ ਨੂੰ
ਸਿੰਘ ਸਦਾ ਦੀ ਨੀਂਦ ਸੁਲਾਈ ਜਾਂਦੇ
ਤੁਰਕਾਂ, ਸਿੰਘਾਂ, ਪਹਾੜੀਆਂ ਡਿੱਗਦਿਆਂ ਨੂੰ
ਭਾਈ, ਘਨ੍ਹੱਈਆ ਜੀ ਪਾਣੀ ਪਿਲਾਈ ਜਾਂਦੇ

**ਆਦੇਸ਼ ਤੇਰਾ ਗੋਬਿੰਦ**

ਆਦੇਸ਼ ਤੇਰਾ ਗੋਬਿੰਦ, ਹਰ ਪਲ ਨਿਭਾ ਰਿਹਾ ਹਾਂ
ਜੋ ਜਲ ਪਿਆ ਰਿਹਾ ਹਾਂ, ਤੈਨੂੰ ਪਿਲਾ ਰਿਹਾ ਹਾਂ
ਏਕਮ ਪਿਤਾ ਹਮਾਰਾ, ਹਮ ਏਕ ਕੇ ਹੈਂ ਬਾਰਕ
ਮੰਨ ਕੇ ਮਨਾ ਰਿਹਾ ਹਾਂ, ਮੰਨ ਕੇ ਵਿਖਾ ਰਿਹਾ ਹਾਂ
ਤੇਰੀ ਮਸ਼ਕ 'ਚ ਭਰਕੇ, ਤੇਰੀ ਮਿਹਰ ਦਾ ਪਾਣੀ,
ਬੱਦਲਾਂ ਦੇ ਵਾਂਗ ਦਾਤਾ, ਸਭ ਤੋਂ ਵਰ੍ਹਾ ਰਿਹਾ ਹਾਂ।
ਦੂਈ-ਦਵੈਤ ਸਾਰੇ, ਸਭ ਵੈਰ-ਭਾਵ ਸਾਰੇ,
ਜੱਗ 'ਚੋਂ ਮੁਕਾ ਰਿਹਾ ਹਾਂ, ਜਲ ਵਿਚ ਵਹਾ ਰਿਹਾ ਹਾਂ।
ਮੇਰੇ ਮਨ 'ਚ ਤੇਰਾ ਮਨ ਹੈ, ਮੇਰੇ ਦਿਲ 'ਚ ਤੇਰਾ ਦਿਲ ਹੈ,
ਤੇਰਾ ਦਿਲ ਵਿਸ਼ਾਲ ਕਿੰਨਾ, ਤੇਰਾ ਦਿਲ ਵਿਖਾ ਰਿਹਾ ਹਾਂ।
ਸਭਨਾ ਦਾ ਮੀਤ ਹੋਣਾ, ਸਭ ਦਾ ਸਜਨ ਕਹਾਉਣਾ,
ਇਸ ਮਸ਼ਕ ਦੇ ਸਕੂਲੋਂ, ਮਸ਼ਕਾਂ ਕਰਾ ਰਿਹਾ ਹਾਂ।
ਜ਼ਖ਼ਮੀ ਜਦੋਂ ਪੁਕਾਰੇ, ਇਹ ਦਿਲ ਕਿਵੇਂ ਸਹਾਰੇ,
ਜਲ ਮਸ਼ਕ ਵਿਚੋਂ ਤੇਰੇ, ਮੁੱਖ ਨੂੰ ਲਗਾ ਰਿਹਾ ਹਾਂ
ਦੀਦੇ ਬੜੀ ਹੀ ਮੁਸ਼ਕਲ, ਤੇਰੇ ਦੁਆਰ ਮੰਨੇ
ਮਨ ਚਾੜ੍ਹ ਤੇਰੇ ਅੱਗੇ, ਤੈਨੂੰ ਮਨਾ ਰਿਹਾ ਹਾਂ
ਹਰ ਨਜ਼ਰ ਤੈਨੂੰ ਪਾਵੇ, ਦੂਜਾ ਨਜ਼ਰ ਨਾ ਆਵੇ,
ਨਜ਼ਰ 'ਚ ਵੱਸ ਵਸਾ ਕੇ, ਨਜ਼ਰਾਂ 'ਚ ਆ ਰਿਹਾ ਹਾਂ।
ਤੇਰੇ ਨੇ ਰੰਗ ਦਾਤਾ, ਤੇਰੇ ਹੀ ਰੰਗ-ਰਾਤਾ
ਤੇਰੇ ਹੀ ਰੰਗ ਦਾ ਪਾਣੀ, ਤੈਨੂੰ ਛਕਾ ਰਿਹਾ ਹਾਂ

ਚਲਦਾ..

**ਮੋਬਾਈਲ** : 90419-19908

# ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਦਿੱਤਾ ਅਸਤੀਫ਼ਾ; ਸਤੰਬਰ ਤੱਕ ਦੇਸ਼ ਨੂੰ ਮਿਲੇਗਾ ਨਵਾਂ ਪ੍ਰਧਾਨ

## ਦੋ ਸਾਲ ਪਹਿਲਾਂ ਮਿਲੀ ਇਤਿਹਾਸਕ ਜਿੱਤ ਮਗਰੋਂ ਵੀ ਅੰਦਰੂਨੀ ਬਗਾਵਤ ਅੱਗੇ ਝੁਕੇ ਸਟਾਰਮਰ; ਸਤੰਬਰ ਤੱਕ ਦੇਸ਼ ਨੂੰ ਮਿਲੇਗਾ ਨਵਾਂ ਪ੍ਰਧਾਨ

**ਲੰਡਨ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

: ਲੇਬਰ ਪਾਰਟੀ ਦੀ ਲੀਡਰਸ਼ਿਪ ਤੋਂ ਅਸਤੀਫ਼ਾ ਦੇਣ ਦਾ ਅਚਾਨਕ ਐਲਾਨ ਕਰ ਦਿੱਤਾ। ਸਟਾਰਮਰ ਨੇ ਲੰਡਨ ਸਥਿਤ ਪ੍ਰਧਾਨ੍ਹ ਮੰਤਰੀ ਦੀ ਸਰਕਾਰੀ ਰਿਹਾਇਸ਼ '10 ਡਾਊਨਿੰਗ ਸਟ੍ਰੀਟ' ਦੀਆਂ ਪੌੜੀਆਂ ਤੋਂ ਦੇਸ਼ ਨੂੰ ਸੰਬੋਧਨ ਕਰਦਿਆਂ ਆਪਣੇ ਇਸ ਫੈਸਲੇ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨਵੇਂ ਆਗੂ ਦੀ ਚੋਣ ਲਈ ਪੂਰਾ ਰੂਟ-ਮੈਪ (ਸਮਾਂ-ਸਾਰਣੀ) ਸਾਂਝਾ ਕਰਦਿਆਂ ਦੱਸਿਆ ਕਿ ਆਉਂਦੇ ਸਤੰਬਰ ਮਹੀਨੇ ਤੱਕ ਦੇਸ਼ ਦਾ ਨਵਾਂ ਪ੍ਰਧਾਨ ਮੰਤਰੀ ਅਹੁਦਾ ਸੰਭਾਲ ਲਵੇਗਾ। 63 ਸਾਲਾ ਸਟਾਰਮਰ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਸੱਤਾਧਾਰੀ ਲੇਬਰ ਪਾਰਟੀ ਵੱਲੋਂ ਨਵਾਂ ਆਗੂ ਨਹੀਂ ਚੁਣ ਲਿਆ ਜਾਂਦਾ, ਉਹ ਉਦੋਂ ਤੱਕ ਕੇਅਰਟੇਕਰ (ਕਾਰਜਕਾਰੀ) ਪ੍ਰਧਾਨ ਮੰਤਰੀ ਵਜੋਂ ਸੇਵਾਵਾਂ ਨਿਭਾਉਂਦੇ ਰਹਿਣਗੇ।

**ਪਾਰਟੀ ਸੰਸਦ ਮੈਂਬਰਾਂ ਦੇ ਫੈਸਲੇ ਨੂੰ ਸਿਰ-ਮੱਥੇ ਮੰਨਿਆ; ਭਾਵੁਕ ਹੋਏ ਸਟਾਰਮਰ**

ਸੰਬੋਧਨ ਦੌਰਾਨ ਬੇਹੱਦ ਭਾਵੁਕ ਨਜ਼ਰ ਆ ਰਹੇ ਕੀਰ ਸਟਾਰਮਰ ਨੇ ਕਿਹਾ, ਮੇਰੀ ਪਾਰਟੀ ਅੱਜ ਇਹ



ਸਵਾਲ ਪੁੱਛ ਰਹੀ ਸੀ ਕਿ ਕੀ ਮੈਂ ਅਗਲੀਆਂ ਆਮ ਚੋਣਾਂ ਵਿੱਚ ਅਗਵਾਈ ਕਰਨ ਲਈ ਸਭ ਤੋਂ ਯੋਗ ਵਿਅਕਤੀ ਹਾਂ? ਮੈਂ ਆਪਣੀ ਪਾਰਲੀਮੈਂਟਰੀ ਪਾਰਟੀ (ਸੰਸਦ ਮੈਂਬਰਾਂ) ਦਾ ਜਵਾਬ ਸੁਣ ਲਿਆ ਹੈ ਅਤੇ ਮੈਂ ਇਸ ਫੈਸਲੇ ਨੂੰ ਬਹੁਤ ਹੀ ਖ਼ੁਸ਼ੀ-ਖ਼ੁਸ਼ੀ ਤੇ ਸਤਿਕਾਰ ਨਾਲ ਸਵੀਕਾਰ ਕਰਦਾ ਹਾਂ। ਮੈਂ ਆਪਣੀ ਜ਼ਿੰਦਗੀ ਦਾ ਹਰ ਫੈਸਲਾ ਆਪਣੇ ਪਿਆਰੇ ਦੇਸ਼ ਨੂੰ ਪਹਿਲ ਦਿੰਦਿਆਂ ਲਿਆ ਹੈ, ਇਸੇ ਕਰਕੇ ਮੈਂ ਲੇਬਰ ਪਾਰਟੀ ਦੇ ਨੇਤਾ ਦੇ ਅਹੁਦੇ ਤੋਂ ਅਸਤੀਫ਼ਾ ਦੇ ਰਿਹਾ ਹਾਂ। ਸਟਾਰਮਰ ਨੇ ਦੱਸਿਆ ਕਿ ਉਨ੍ਹਾਂ ਨੇ ਅੱਜ ਸਵੇਰੇ ਬ੍ਰਿਟੇਨ ਦੇ ਰਾਜਾ ਕਿੰਗ ਚਾਰਲਸ (999) ਨਾਲ ਵੀ ਫ਼ੋਨ 'ਤੇ ਗੱਲ ਕਰਕੇ ਉਨ੍ਹਾਂ ਨੂੰ ਆਪਣੇ ਇਸ ਫੈਸਲੇ ਤੋਂ ਜਾਣੂ ਕਰਵਾ ਦਿੱਤਾ ਹੈ।

**9 ਜੁਲਾਈ ਤੋਂ ਸ਼ੁਰੂ ਹੋਵੇਗੀ ਨਵੇਂ ਪ੍ਰਧਾਨ ਮੰਤਰੀ ਦੀ ਚੋਣ ਪ੍ਰਕਿਰਿਆ**

ਸਟਾਰਮਰ ਨੇ ਲੇਬਰ ਪਾਰਟੀ ਦੀ ਰਾਸ਼ਟਰੀ ਕਾਰਜਕਾਰਨੀ ਕਮੇਟੀ (NEC) ਨੂੰ ਨਵੇਂ ਨੇਤਾ ਦੀ ਚੋਣ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਕਿਹਾ ਹੈ। ਤੈਅ ਕੀਤੇ ਗਏ ਸ਼ਡਿਊਲ ਮੁਤਾਬਕ, 9 ਜੁਲਾਈ ਤੋਂ ਨਵੇਂ ਆਗੂ ਲਈ ਨਾਮਜ਼ਦਗੀਆਂ ਸ਼ੁਰੂ ਹੋਣਗੀਆਂ ਅਤੇ 17 ਜੁਲਾਈ ਨੂੰ ਸੰਸਦ ਦੇ ਗਰਮੀਆਂ ਦੇ ਪਾਰਲੀਮੈਂਟਰੀ ਸੈਸ਼ਨ ਦੀ ਛੁੱਟੀ (Summer Recess) ਹੋਣ ਤੱਕ ਇਹ ਪ੍ਰਕਿਰਿਆ ਮੁਕੰਮਲ ਕਰ ਲਈ ਜਾਵੇਗੀ। ਉਨ੍ਹਾਂ ਭਰੋਸਾ ਦਿੱਤਾ ਕਿ ਜੇਕਰ ਪਾਰਟੀ ਦੇ ਅੰਦਰ ਮੁਕਾਬਲਾ ਹੁੰਦਾ ਹੈ, ਤਾਂ ਵੀ ਸਤੰਬਰ ਵਿੱਚ ਸੰਸਦ ਦੇ ਦੁਬਾਰਾ ਸ਼ੁਰੂ ਹੋਣ ਤੋਂ ਪਹਿਲਾਂ ਨਵਾਂ ਪ੍ਰਧਾਨ ਮੰਤਰੀ ਦੇਸ਼ ਦੀ ਕਮਾਨ ਸੰਭਾਲ ਲਵੇਗਾ। ਉਨ੍ਹਾਂ ਕਿਹਾ ਕਿ ਉਹ ਨਵੇਂ ਆਉਣ ਵਾਲੇ ਆਗੂ ਨੂੰ ਪੂਰਾ ਅਤੇ ਬਿਨਾਂ ਸ਼ਰਤ ਸਮਰਥਨ ਦੇਣਗੇ, ਕਿਉਂਕਿ ਅੱਜ ਦਾ ਬ੍ਰਿਟੇਨ ਦੋ ਸਾਲ ਪਹਿਲਾਂ ਦੇ ਮੁਕਾਬਲੇ ਆਰਥਿਕ ਅਤੇ ਸਮਾਜਿਕ ਤੌਰ 'ਤੇ ਕਿਤੇ ਵੱਧ ਮਜ਼ਬੂਤ ਅਤੇ ਸੁਰੱਖਿਅਤ ਹੈ।

# ਆਈਆਈਟੀ ਰੋਪੜ ਦੇ ਮਾਰਗਦਰਸ਼ਨ ਵਿੱਚ ਐਸਆਈਈਟੀ ਪੰਚਕੂਲਾ ਬਣੇਗਾ ਐਕਸੀਲੈਂਸ ਦਾ ਨਵਾਂ ਕੇਂਦਰ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਪ੍ਰੌਦਯੋਗਿਕ ਸੰਸਥਾਨ, ਰੋਪੜ ਅਤੇ ਰਾਜ ਇੰਜੀਨੀਅਰਿੰਗ ਅਤੇ ਤਕਨਾਲੋਜੀ ਸੰਸਥਾਨ (SIET), ਪੰਚਕੂਲਾ ਨੇ ਵਿਦਿਅਕ ਸਹਿਯੋਗ ਲਈ ਇੱਕ ਸਮਝੌਤਾ ਪੱਤਰ 'ਤੇ ਹਸਤਾਖਰ ਕਰਕੇ ਅਧਿਕਾਰਤ ਤੌਰ 'ਤੇ ਇੱਕ ਰਣਨੀਤਕ ਭਾਈਵਾਲੀ ਦੀ ਸ਼ੁਰੂਆਤ ਕੀਤੀ ਹੈ। ਇਸ ਇਤਿਹਾਸਕ ਸਮਝੌਤੇ ਦਾ ਉਦੇਸ਼ ਦੋਵਾਂ ਸੰਸਥਾਨਾਂ ਵਿਚਕਾਰ ਸਹਿਯੋਗ ਨੂੰ ਵਧਾਉਣਾ, ਗਿਆਨ ਦੇ ਪ੍ਰਸਾਰ ਨੂੰ ਸੁਖਾਲਾ ਬਣਾਉਣਾ ਅਤੇ ਆਪਸੀ ਲਾਭ ਦੇ ਆਧਾਰ 'ਤੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ ਗਲੋਬਲ ਤਜਰਬੇ ਦੇ ਮੌਕੇ ਪ੍ਰਦਾਨ ਕਰਨਾ ਹੈ। ਇਹ ਸਹਿਯੋਗ ਅਕਾਦਮਿਕ ਅਤੇ ਖੋਜ-ਅਧਾਰਿਤ ਪਹਿਲਕਦਮੀਆਂ ਦੀ ਇੱਕ ਵਿਸ਼ਾਲ ਲੜੀ ਨੂੰ ਕਵਰ ਕਰਦਾ ਹੈ, ਜਿਸ ਨੂੰ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਨੂੰ ਉੱਚ ਪੱਧਰੀ ਤਜਰਬਾ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ।

ਆਈਆਈਟੀ ਰੋਪੜ ਦੇ ਨਿਦੇਸ਼ਕ ਪ੍ਰੋਫੈਸਰ ਸੀ. ਸੀ. ਰੈਡੀ ਅਤੇ ਐਸਆਈਈਟੀ ਪੰਚਕੂਲਾ ਦੇ ਨਿਦੇਸ਼ਕ-ਪ੍ਰਿੰਸੀਪਲ ਪ੍ਰੋ. ਅਨਿਲ ਕੁਮਾਰ ਰੋਜ਼ ਵਿਚਕਾਰ ਸਮਝੌਤਾ ਪੱਤਰ 'ਤੇ ਹਸਤਾਖਰ ਹੋਏ।

**ਸਮਝੌਤੇ ਦੀਆਂ ਮੁੱਖ ਵਿਸ਼ੇਸ਼ਤਾਵਾਂ**

ਵਿਆਪਕ ਵਿਦਿਆਰਥੀ ਅਦਾਨ-ਪ੍ਰਦਾਨ ਪ੍ਰੋਗਰਾਮ ਤਹਿਤ ਗ੍ਰੈਜੂਏਟ, ਪੋਸਟ-ਗ੍ਰੈਜੂਏਟ ਅਤੇ ਪੀਐਚਡੀ ਪੱਧਰ ਦੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਇੱਕ ਸਾਲ ਦੀ ਮਿਆਦ ਲਈ ਮੇਜ਼ਬਾਨ ਸੰਸਥਾਨ ਵਿੱਚ ਪੜ੍ਹਨ ਜਾਂ ਖੋਜ ਕਰਨ ਦਾ ਮੌਕਾ ਮਿਲੇਗਾ। ਅਦਾਨ-ਪ੍ਰਦਾਨ ਵਾਲੇ ਵਿਦਿਆਰਥੀ ਆਪਣੇ ਮੂਲ ਸੰਸਥਾਨ ਵਿੱਚ ਹੀ ਟਿਊਸ਼ਨ ਅਤੇ ਹੋਰ ਫੀਸਾਂ ਦਾ ਭੁਗਤਾਨ ਕਰਨਗੇ ਅਤੇ ਮੇਜ਼ਬਾਨ ਸੰਸਥਾਨ ਵਿੱਚ ਉਨ੍ਹਾਂ ਨੂੰ ਟਿਊਸ਼ਨ ਫੀਸ ਤੋਂ ਪੂਰੀ ਤਰ੍ਹਾਂ ਛੋਟ ਦਿੱਤੀ ਜਾਵੇਗੀ। ਦੋਵਾਂ ਸੰਸਥਾਨਾਂ ਵਿਚਕਾਰ ਆਪਸੀ ਸਹਿਮਤੀ ਨਾਲ ਪ੍ਰਤੀ ਵਿਦਿਅਕ ਸਾਲ ਹਰੇਕ ਵਿਦਿਅਕ ਸ਼ਾਖਾ ਤੋਂ ਵਿਦਿਆਰਥੀਆਂ ਦੀ ਚੋਣ ਕੀਤੀ ਜਾ ਸਕਦੀ ਹੈ।

ਸਮਝੌਤੇ ਅਨੁਸਾਰ ਮੇਜ਼ਬਾਨ ਸੰਸਥਾਨ ਵਜੋਂ ਦੋਵੇਂ ਸੰਸਥਾਨ ਆਉਣ ਵਾਲੇ ਅਦਾਨ-ਪ੍ਰਦਾਨ ਵਾਲੇ ਵਿਦਿਆਰਥੀਆਂ ਲਈ ਰਿਆਇਤੀ ਰਿਹਾਇਸ਼ ਦਾ ਪ੍ਰਬੰਧ ਕਰਨ ਲਈ ਹਰ ਸੰਭਵ ਯਤਨ ਕਰਨਗੇ। ਮੇਜ਼ਬਾਨ ਸੰਸਥਾਨ ਵਿੱਚ ਪ੍ਰਾਪਤ ਕੀਤੇ ਵਿਦਿਅਕ ਕ੍ਰੈਡਿਟ ਨੂੰ ਕੋਰਸ ਮੇਲ ਖਾਣ ਤੋਂ ਬਾਅਦ ਮੂਲ ਸੰਸਥਾਨ ਵਿੱਚ ਤਬਦੀਲ ਕੀਤਾ ਜਾ ਸਕੇਗਾ।

ਖੋਜ ਕਰਨ ਵਾਲੇ ਵਿਦਿਆਰਥੀਆਂ ਨੂੰ ਇੱਕ ਅਧਿਕਾਰਤ ਪ੍ਰਦਰਸ਼ਨ ਮੁਲਾਂਕਣ ਅਤੇ ਤਕਨੀਕੀ ਖੋਜ ਰਿਪੋਰਟ ਪ੍ਰਦਾਨ ਕੀਤੀ ਜਾਵੇਗੀ। ਦੋਵੇਂ ਸੰਸਥਾਨ ਆਪਣੇ ਫੈਕਲਟੀ ਮੈਂਬਰਾਂ ਨੂੰ ਸਹਿਯੋਗੀ ਸਿੱਖਿਆ ਅਤੇ ਖੋਜ ਵਿੱਚ ਸ਼ਾਮਲ ਹੋਣ ਲਈ ਛੁੱਟੀਆਂ ਜਾਂ ਵਿਸ਼ਰਾਮ ਲੀਵ ਦੌਰਾਨ ਥੋੜ੍ਹੇ ਸਮੇਂ ਦੀਆਂ ਯਾਤਰਾਵਾਂ ਜਾਂ ਨਿਸ਼ਚਿਤ ਮਿਆਦ ਦੇ ਅਸਾਈਨਮੈਂਟਾਂ ਲਈ ਉਤਸ਼ਾਹਿਤ ਕਰਨਗੇ। ਫੰਡਿੰਗ ਏਜੰਸੀਆਂ ਦੁਆਰਾ ਪ੍ਰਾਯੋਜਿਤ ਖੋਜ, ਵਿਕਾਸ ਅਤੇ ਸਲਾਹਕਾਰੀ ਪ੍ਰੋਗਰਾਮਾਂ ਵਿੱਚ ਸਹਿਯੋਗ ਕਰਨ ਲਈ ਦੋਵਾਂ ਕੈਂਪਸਾਂ ਦੇ ਫੈਕਲਟੀ ਮੈਂਬਰਾਂ ਨੂੰ ਸੱਦਾ ਦਿੱਤਾ ਜਾਵੇਗਾ। ਬੌਧਿਕ ਸੰਪੱਤੀ ਅਧਿਕਾਰਾਂ ਦਾ ਸਨਮਾਨ ਕਰਦੇ ਹੋਏ ਦੋਵੇਂ ਸੰਸਥਾਨ ਅਧਿਐਨ ਸਮੱਗਰੀ, ਤਕਨੀਕੀ ਸਾਹਿਤ ਅਤੇ ਖੋਜ ਸਬੰਧੀ ਜਾਣਕਾਰੀ ਸਾਂਝੀ ਕਰਨਗੇ।

ਸਮਝੌਤੇ ਤਹਿਤ ਸੰਯੁਕਤ ਰੂਪ ਨਾਲ ਥੋੜ੍ਹੇ ਸਮੇਂ ਦੇ ਨਿਰੰਤਰ ਸਿੱਖਿਆ ਪ੍ਰੋਗਰਾਮਾਂ, ਸੈਮੀਨਾਰਾਂ, ਕਾਨਫਰੰਸਾਂ ਜਾਂ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾਵੇਗਾ। ਇਸ ਮਹੱਤਵਪੂਰਨ ਪਹਿਲਕਦਮੀ ਅਤੇ ਵਿਦਿਅਕ ਉੱਤਮਤਾ ਦੀ ਦਿਸ਼ਾ ਵਿੱਚ ਚੁੱਕੇ ਗਏ ਇਸ ਇਤਿਹਾਸਕ ਕਦਮ ਲਈ ਅਸੀਂ ਹਰਿਆਣਾ ਸਰਕਾਰ ਦੀ ਅਗਵਾਈ ਅਤੇ ਮਾਰਗਦਰਸ਼ਨ ਦੇ ਪ੍ਰਤੀ ਦਿਲੋਂ ਧੰਨਵਾਦ ਪ੍ਰਗਟ ਕਰਦੇ ਹਾਂ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ, ਸਿੱਖਿਆ ਮੰਤਰੀ ਮਹੀਪਾਲ ਢਾਂਡਾ, ਉੱਚ ਸਿੱਖਿਆ ਵਿਭਾਗ ਦੇ ਪ੍ਰਧਾਨ ਸਕੱਤਰ ਅਪੂਰਵ ਕੁਮਾਰ ਸਿੰਘ, ਤਕਨੀਕੀ ਸਿੱਖਿਆ ਡਾਇਰੈਕਟੋਰੇਟ ਦੇ ਮਹਾਨਿਦੇਸ਼ਕ ਪ੍ਰਭਜੋਤ ਸਿੰਘ, ਅਤੇ ਐਸਆਈਈਟੀ ਪੰਚਕੂਲਾ ਦੇ ਨਿਦੇਸ਼ਕ-ਪ੍ਰਿੰਸੀਪਲ ਪ੍ਰੋ. ਅਨਿਲ ਕੁਮਾਰ ਰੋਜ਼ ਦਾ ਧੰਨਵਾਦ ਕਰਦੇ ਹਾਂ।

# ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਵੱਲੋਂ ਸਕੂਲ ਫੀਸਾਂ ਵਿੱਚ ਆਪਹੁਦਰੇ ਵਾਧੇ ਉੱਤੇ ਨਕੇਲ, ਵਾਧੇ ਦੀ ਸਾਲਾਨਾ ਹੱਦ ਪੰਜ ਫੀਸਦੀ ਤੈਅ

## ਕੈਬਨਿਟ ਵੱਲੋਂ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਰਿਆਇਤਾਂ ਸਬੰਧੀ ਦਿਸ਼ਾ-ਨਿਰਦੇਸ਼ਾਂ ਵਿੱਚ ਸੋਧਾਂ ਨੂੰ ਮਨਜ਼ੂਰੀ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਵੱਲੋਂ ਵਿਦਿਆਰਥੀਆਂ ਅਤੇ ਮਾਪਿਆਂ ਦੇ ਹਿੱਤਾਂ ਦੀ ਰਾਖੀ ਕਰਨ, ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ, ਡਿਜੀਟਲ ਗਵਰਨੈਂਸ ਨੂੰ ਮਜ਼ਬੂਤ ਕਰਨ ਅਤੇ ਪ੍ਰਸ਼ਾਸਨਿਕ ਪਹੁੰਚ ਵਿੱਚ ਸੁਧਾਰ ਲਿਆਉਣ ਦੇ ਉਦੇਸ਼ ਨਾਲ ਕਈ ਅਹਿਮ ਫੈਸਲੇ ਲਏ ਗਏ। ਇਸ ਦੌਰਾਨ ਕੈਬਨਿਟ ਨੇ ਪ੍ਰਾਈਵੇਟ ਗੈਰ-ਸਹਾਇਤਾ ਪ੍ਰਾਪਤ ਸਕੂਲਾਂ ਦੀਆਂ ਫੀਸਾਂ ਦੇ ਵਾਧੇ ਨੂੰ ਕੰਟਰੋਲ ਕਰਨ ਲਈ ਆਰਡੀਨੈਂਸ ਨੂੰ ਮਨਜ਼ੂਰੀ ਦਿੱਤੀ, ਉਦਯੋਗਿਕ ਰਿਆਇਤਾਂ ਸਬੰਧੀ ਦਿਸ਼ਾ-ਨਿਰਦੇਸ਼ਾਂ ਵਿੱਚ ਸੋਧ ਕੀਤੀ, 'ਸਟੇਟ ਡੇਟਾ ਇੰਟੀਗ੍ਰੇਸ਼ਨ ਪਲੇਟਫਾਰਮ' ਨੂੰ ਲਾਗੂ ਕਰਨ ਲਈ ਸਹਿਮਤੀ ਦਿੱਤੀ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਅਧੀਨ ਪੈਂਦੀ ਦਸੂਹਾ ਸਬ-ਡਿਵੀਜ਼ਨ ਲਈ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਦੀ ਅਸਾਮੀ ਅਤੇ ਸਹਿਯੋਗੀ ਅਮਲੇ ਦੀਆਂ ਅਸਾਮੀਆਂ ਸਿਰਜਣ ਨੂੰ ਮਨਜ਼ੂਰੀ ਦਿੱਤੀ।

**ਪ੍ਰਾਈਵੇਟ ਗੈਰ-ਸਹਾਇਤਾ ਪ੍ਰਾਪਤ ਸਕੂਲਾਂ ਦੀਆਂ ਫੀਸਾਂ ਦੇ ਵਾਧੇ 'ਤੇ ਲਗਾਮ**

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ, ਪ੍ਰਾਈਵੇਟ ਗੈਰ-ਸਹਾਇਤਾ ਪ੍ਰਾਪਤ ਸਕੂਲਾਂ ਵੱਲੋਂ ਫੀਸਾਂ ਵਿੱਚ ਕੀਤੇ ਜਾਣ ਵਾਲੇ ਬੇਲੋੜੇ ਅਤੇ ਗੈਰ-ਵਾਜਿਬ ਵਾਧੇ ਨੂੰ ਕੰਟਰੋਲ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ 'ਪੰਜਾਬ ਰੈਗੂਲੇਸ਼ਨ ਆਫ਼ ਫੀਸ ਆਫ਼ ਅਨ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਸੋਧ) ਆਰਡੀਨੈਂਸ, 2026' ਲਿਆਉਣ ਨੂੰ ਹਰੀ ਝੰਡੀ ਦੇ ਦਿੱਤੀ ਹੈ।



ਇਹ ਆਰਡੀਨੈਂਸ 'ਪੰਜਾਬ ਰੈਗੂਲੇਸ਼ਨ ਆਫ਼ ਫੀਸ ਆਫ਼ ਅਨ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਐਕਟ, 2016' ਵਿੱਚ ਸੋਧ ਕਰ ਕੇ ਲਿਆਂਦਾ ਗਿਆ ਹੈ।

ਇਸ ਕਦਮ ਦਾ ਉਦੇਸ਼ ਫੀਸਾਂ ਦੇ ਵਾਧੇ 'ਤੇ ਪ੍ਰਭਾਵਸ਼ਾਲੀ ਕੰਟਰੋਲ ਰੱਖਣਾ, ਵਿਦਿਆਰਥੀਆਂ ਅਤੇ ਮਾਪਿਆਂ ਨੂੰ ਮਨਮਰਜ਼ੀ ਦੇ ਫੀਸ ਵਾਧੇ ਤੋਂ ਸੁਰੱਖਿਆ ਪ੍ਰਦਾਨ ਕਰਨਾ, ਫੀਸਾਂ ਦੇ ਢਾਂਚੇ ਵਿੱਚ ਪਾਰਦਰਸ਼ਤਾ ਤੇ ਜਵਾਬਦੇਹੀ ਯਕੀਨੀ ਬਣਾਉਣਾ ਅਤੇ ਵਿਦਿਆਰਥੀਆਂ ਤੇ ਮਾਪਿਆਂ ਦੇ ਹਿੱਤਾਂ ਦੀ ਰਾਖੀ ਕਰਨਾ ਹੈ।

ਇਨ੍ਹਾਂ ਸੋਧਾਂ ਦਾ ਮਕਸਦ ਫੀਸ, ਫੀਸ ਵਾਧੇ ਅਤੇ ਕੁੱਲ ਫੀਸ ਵਾਧੇ ਦੀ ਪਰਿਭਾਸ਼ਾ ਵਿੱਚ ਵਧੇਰੇ ਸਪੱਸ਼ਟਤਾ ਲਿਆਉਣਾ, ਗੈਰ-ਸਹਾਇਤਾ ਪ੍ਰਾਪਤ ਸਕੂਲਾਂ ਵੱਲੋਂ ਕੀਤੇ ਜਾਣ ਵਾਲੇ ਸਾਲਾਨਾ ਫੀਸ ਵਾਧੇ 'ਤੇ ਪੰਜ ਫੀਸਦੀ ਦੀ ਹੱਦ ਲਗਾਉਣਾ ਅਤੇ ਪੰਜ ਫੀਸਦੀ ਤੋਂ ਵੱਧ ਕਿਸੇ ਵੀ ਫੀਸ ਵਾਧੇ ਲਈ ਰੈਗੂਲੇਟਰੀ ਬਾਡੀ ਦੀ ਅਗਾਊਂ ਪ੍ਰਵਾਨਗੀ ਲਾਜ਼ਮੀ ਕਰਨਾ ਹੈ।

ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਕੈਪੀਟਲ ਸਬਸਿਡੀ/ਨਿਵੇਸ਼ ਰਿਆਇਤਾਂ ਦੀ ਵੰਡ ਸਬੰਧੀ ਦਿਸ਼ਾ-ਨਿਰਦੇਸ਼ਾਂ ਵਿੱਚ ਸੋਧ ਨੂੰ ਮਨਜ਼ੂਰੀ

ਇਕ ਹੋਰ ਅਹਿਮ ਫੈਸਲੇ ਵਿੱਚ ਕੈਬਨਿਟ ਨੇ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਸੂਬੇ ਦੀਆਂ ਉਦਯੋਗਿਕ ਨੀਤੀਆਂ ਤਹਿਤ ਕੈਪੀਟਲ ਸਬਸਿਡੀ/ਨਿਵੇਸ਼ ਰਿਆਇਤਾਂ ਦੀ ਵੰਡ ਲਈ 13 ਨਵੰਬਰ, 2019 ਦੇ ਦਿਸ਼ਾ-ਨਿਰਦੇਸ਼ਾਂ ਵਿੱਚ ਸੋਧ ਕਰਨ ਦੀ ਸਹਿਮਤੀ ਵੀ ਦਿੱਤੀ। ਇਨ੍ਹਾਂ ਸੋਧਾਂ ਦਾ ਉਦੇਸ਼ ਸਬਸਿਡੀ ਦੀ ਵੰਡ ਪ੍ਰਕਿਰਿਆ ਨੂੰ ਸਰਲ ਅਤੇ ਸੁਚਾਰੂ ਬਣਾਉਣਾ, ਪ੍ਰਸ਼ਾਸਨਿਕ ਕੁਸ਼ਲਤਾ ਵਿੱਚ ਸੁਧਾਰ ਕਰਨਾ ਅਤੇ ਯੋਗ ਉਦਯੋਗਿਕ ਇਕਾਈਆਂ ਵਿੱਚ ਇਕਸਾਰਤਾ ਯਕੀਨੀ ਬਣਾਉਣਾ ਹੈ।

ਸੋਧੇ ਹੋਏ ਢਾਂਚੇ ਤਹਿਤ ਦਿਸ਼ਾ-ਨਿਰਦੇਸ਼ਾਂ ਦੀਆਂ ਧਾਰਾਵਾਂ 1.1 ਅਤੇ 1.2 ਦੀ ਛੋਟ ਤੋਂ ਬਾਅਦ ਯੋਗ ਬਣਨ ਵਾਲੀਆਂ ਉਦਯੋਗਿਕ ਇਕਾਈਆਂ ਨੂੰ ਲੋੜੀਂਦੇ ਦਸਤਾਵੇਜ਼ਾਂ ਦੀ ਪੜਤਾਲ ਅਤੇ ਨਿਰਧਾਰਤ ਸ਼ਰਤਾਂ ਨੂੰ ਪੂਰਾ ਕਰਨ ਦੇ ਅਧਾਰ 'ਤੇ ਕੈਪੀਟਲ ਸਬਸਿਡੀ ਜਾਰੀ ਕੀਤੀ ਜਾਵੇਗੀ।

**ਪੰਜਾਬ ਵਿੱਚ ਐਸ.ਡੀ.ਆਈ.ਪੀ. ਲਾਗੂ ਕਰਨ ਲਈ ਸਹਿਮਤੀ**

ਸੂਬੇ ਦੇ ਵੱਖ-ਵੱਖ ਵਿਭਾਗਾਂ ਦੇ ਕਈ ਡੇਟਾਬੇਸਾਂ ਨੂੰ ਆਪਸ ਵਿੱਚ ਜੋੜਨ, ਕਿਸੇ ਵੀ ਤਰ੍ਹਾਂ ਦੇ ਦੁਹਰਾਅ ਤੋਂ ਬਚਣ ਅਤੇ ਮੌਜੂਦਾ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਲਈ ਕੈਬਨਿਟ ਨੇ ਪੰਜਾਬ ਵਿੱਚ 'ਸਟੇਟ ਡੇਟਾ ਇੰਟੀਗ੍ਰੇਸ਼ਨ ਪਲੇਟਫਾਰਮ' ਲਾਗੂ ਕਰਨ ਲਈ ਵੀ ਸਹਿਮਤੀ ਦੇ ਦਿੱਤੀ ਹੈ।

ਪ੍ਰਾਜੈਕਟ ਨੂੰ ਸੁਚਾਰੂ ਅਤੇ ਬਿਨਾਂ ਕਿਸੇ ਪਰੇਸ਼ਾਨੀ ਦੇ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਮੁੱਖ ਸਕੱਤਰ ਦੀ ਅਗਵਾਈ ਹੇਠ ਤਿੰਨ-ਪੱਧਰੀ ਸੰਚਾਲਨ ਕਮੇਟੀ ਦਾ ਗਠਨ ਕੀਤਾ ਜਾਵੇਗਾ।

ਇਸ ਸੰਚਾਲਨ ਕਮੇਟੀ ਵਿੱਚ ਪੰਜਾਬ ਦੇ ਮੁੱਖ ਸਕੱਤਰ ਚੇਅਰਪਰਸਨ ਵਜੋਂ, ਪ੍ਰਬੰਧਕੀ ਸਕੱਤਰ (ਗੁੱਡ ਗਵਰਨੈਂਸ) ਮੈਂਬਰ-ਕਨਵੀਨਰ ਵਜੋਂ ਅਤੇ ਹੋਰ ਵਿਭਾਗਾਂ ਦੇ ਪ੍ਰਬੰਧਕੀ ਸਕੱਤਰ ਕਮੇਟੀ ਦੇ ਮੈਂਬਰਾਂ ਵਜੋਂ ਸ਼ਾਮਲ ਹੋਣਗੇ।

**ਦਸੂਹਾ ਸਬ-ਡਿਵੀਜ਼ਨ ਲਈ ਏ.ਡੀ.ਸੀ. (ਜਨਰਲ) ਅਤੇ ਸਹਿਯੋਗੀ ਸਟਾਫ਼ ਦੀਆਂ ਅਸਾਮੀਆਂ ਸਿਰਜਣ ਨੂੰ ਹਰੀ ਝੰਡੀ**

ਕੈਬਨਿਟ ਨੇ ਜ਼ਿਲ੍ਹਾ ਹੁਸ਼ਿਆਰਪੁਰ ਅਧੀਨ ਪੈਂਦੀ ਦਸੂਹਾ ਸਬ-ਡਿਵੀਜ਼ਨ ਲਈ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਯਾਨੀ ਏ.ਡੀ.ਸੀ. ਅਤੇ ਹੋਰ ਸਹਿਯੋਗੀ ਸਟਾਫ਼ ਦੀਆਂ ਅਸਾਮੀਆਂ ਸਿਰਜਣ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ। ਇਸ ਨਾਲ ਇਲਾਕੇ ਦੇ ਉਨ੍ਹਾਂ ਲੋਕਾਂ ਨੂੰ ਬਹੁਤ ਵੱਡੀ ਮਦਦ ਮਿਲੇਗੀ, ਜਿਨ੍ਹਾਂ ਨੂੰ ਜ਼ਿਲ੍ਹਾ ਪੱਧਰੀ ਪ੍ਰਸ਼ਾਸਨਿਕ ਕੰਮਾਂ, ਪ੍ਰਵਾਨਗੀਆਂ, ਮਾਲੀਆ ਮਾਮਲਿਆਂ ਅਤੇ ਜਨਤਕ ਸ਼ਿਕਾਇਤਾਂ ਦੇ ਨਿਬੇੜੇ ਲਈ ਕਾਫ਼ੀ ਲੰਬਾ ਸਫ਼ਰ ਤੈਅ ਕਰਨਾ ਪੈਂਦਾ ਸੀ। ਇਸ ਕਾਰਨ ਲੋਕਾਂ ਦਾ ਸਮਾਂ ਤੇ ਪੈਸਾ ਬਰਬਾਦ ਹੁੰਦਾ ਸੀ ਅਤੇ ਜਨਤਾ ਨਾਲ ਜੁੜੇ ਮਾਮਲਿਆਂ ਦੇ ਨਿਬੇੜੇ ਵਿੱਚ ਵੀ ਦੇਰੀ ਹੁੰਦੀ ਸੀ।

ਇਸ ਲਈ ਇਸ ਖੇਤਰ ਦੇ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਹੁਸ਼ਿਆਰਪੁਰ ਅਧੀਨ ਦਸੂਹਾ ਸਬ-ਡਿਵੀਜ਼ਨ ਵਿਖੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸਮੇਤ ਹੋਰ ਸਹਿਯੋਗੀ ਸਟਾਫ਼ ਦੀਆਂ ਪੰਜ ਅਸਾਮੀਆਂ ਸਿਰਜਣ ਦੀ ਸਹਿਮਤੀ ਦਿੱਤੀ ਗਈ ਹੈ।

# ਫਿਊਜ਼ਨ ਫੈਸਟ 2026 ਵਿੱਚ ਦਿੱਵਯਾਂਗ ਕਲਾਕਾਰਾਂ ਲਈ ਪ੍ਰਸ਼ਾਸਕ ਨੇ 5 ਲੱਖ ਰੁਪਏ ਦੇ ਪੁਰਸਕਾਰ ਦਾ ਐਲਾਨ ਕੀਤ



**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਖੇ ਚੰਡੀਗੜ੍ਹ ਪ੍ਰਸ਼ਾਸਨ ਦੇ ਸੱਭਿਆਚਾਰਕ ਮਾਮਲਿਆਂ ਦੇ ਵਿਭਾਗ ਦੁਆਰਾ ਆਯੋਜਿਤ ÷ਫਿਊਜ਼ਨ ਫੈਸਟ 2026÷ ਦੇ ਤਹਿਤ ਵਿਸ਼ਵ ਸੰਗੀਤ ਦਿਵਸ 2026 ਦੇ ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਰੂਪ ਵਿੱਚ ਹਿੱਸਾ ਲਿਆ। ਪ੍ਰੋਗਰਾਮ ਵਿੱਚ ਸੱਭਿਆਚਾਰਕ ਮਾਮਲਿਆਂ ਦੇ ਸਕੱਤਰ ਡਾ. ਸਈਦ ਆਬਿਦ ਰਸ਼ੀਦ ਸ਼ਾਹ ਵੀ ਉਪਸਥਿਤ ਰਹੇ। ਇਸ ਆਯੋਜਨ ਵਿੱਚ ਸੰਗੀਤ, ਨ੍ਰਿਤ ਅਤੇ ਵਿਜ਼ੂਅਲ ਆਰਟਸ ਦੇ ਜ਼ਰੀਏ ਦਿੱਵਯਾਂਗ ਕਲਾਕਾਰਾਂ ਅਤੇ ਬੱਚਿਆਂ ਦੀ ਅਸਾਧਾਰਣ ਪ੍ਰਤਿਭਾ, ਰਚਨਾਤਮਕਤਾ ਅਤੇ ਦ੍ਰਿੜ੍ਹ ਸੰਕਲਪ ਨੂੰ ਪ੍ਰਦਰਸ਼ਿਤ ਕੀਤਾ ਗਿਆ।

ਇੱਕ ਮਹੱਤਵਪੂਰਨ ਐਲਾਨ ਕਰਦੇ ਹੋਏ ਸ਼੍ਰੀ ਕਟਾਰੀਆ ਨੇ ਦਿੱਵਯਾਂਗ ਕਲਾਕਾਰਾਂ ਲਈ 5 ਲੱਖ ਰੁਪਏ ਦੇ ਨਕਦ ਪੁਰਸਕਾਰ ਦੇਣ ਦਾ ਐਲਾਨ ਕੀਤਾ। ਇਸ ਪ੍ਰਕਾਰ ਦੀ ਇਹ ਪਹਿਲੀ ਪਹਿਲ ਹੈ, ਜਿਸ ਦਾ ਉਦੇਸ਼ ਉਨ੍ਹਾਂ ਦੀਆਂ ਕਲਾਤਮਕ ਉਪਲਬਧੀਆਂ ਅਤੇ ਸਮਾਜ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਪ੍ਰੋਤਸਾਹਿਤ ਕਰਨਾ ਅਤੇ ਸਨਮਾਨਿਤ ਕਰਨਾ ਹੈ।

ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਸ਼ਾਸਕ ਨੇ ਕਿਹਾ ਕਿ ਸੰਗੀਤ ਇੱਕ ਯੂਨੀਵਰਸਲ ਭਾਸ਼ਾ ਹੈ, ਜੋ ਸਭ ਪ੍ਰਕਾਰ ਦੀਆਂ ਸੀਮਾਵਾਂ ਨੂੰ ਪਾਰ ਕਰਕੇ ਲੋਕਾਂ ਨੂੰ ਜੋੜਨ, ਆਤਮਵਿਸ਼ਵਾਸ ਵਧਾਉਣ ਅਤੇ ਸਕਾਰਾਤਮਕ ਸਮਾਜਿਕ ਪਰਿਵਰਤਨ ਲਿਆਉਣ ਦੀ ਸਮਰੱਥਾ ਰੱਖਦੀ ਹੈ। ਉਨ੍ਹਾਂ ਨੇ ਕਿਹਾ ਕਿ ਦਿੱਵਯਾਂਗ ਕਲਾਕਾਰਾਂ ਦੀ ਪ੍ਰਤਿਭਾ, ਦ੍ਰਿੜ੍ਹ ਇੱਛਾਸ਼ਕਤੀ ਅਤੇ ਉਪਲਬਧੀਆਂ ਸਮਾਜ ਲਈ ਪ੍ਰੇਰਣਾ ਦਾ ਸਰੋਤ ਹਨ ਅਤੇ ਇਹ ਸਿੱਧ ਕਰਦੀਆਂ ਹਨ ਕਿ ਪ੍ਰਤਿਭਾ ਕਿਸੇ ਵੀ ਸਰੀਰਕ ਸੀਮਾ ਦੀ ਮੁਹਤਾਜ ਨਹੀਂ ਹੁੰਦੀ। ਇਸ ਸਮਾਗਮ ਵਿੱਚ ਦਿੱਵਯਾਂਗ ਬੱਚਿਆਂ ਅਤੇ ਕਲਾਕਾਰਾਂ ਦੁਆਰਾ ਜ਼ਿਕਰਯੋਗ ਪ੍ਰਸਤੁਤੀਆਂ ਦਿੱਤੀਆਂ ਗਈਆਂ। ਪ੍ਰਮੁੱਖ ਆਕਰਸ਼ਣ ÷ਵੀ ਆਰ ਵੰਨ (ਡਬਲਿਊਏਓ/ਦੀ ਪ੍ਰਸਤੁਤੀ ਰਹੀ, ਜੋ ਭਾਰਤ ਦਾ ਪਹਿਲਾ ਪੇਸ਼ੇਵਰ ਵ੍ਹੀਲਚੇਅਰ ਡਾਂਸ ਸਮੂਹ ਹੈ। ਇਸ ਸਮੂਹ ਨੇ ਆਪਣੇ ਪ੍ਰਦਰਸ਼ਨ ਦੇ ਜ਼ਰੀਏ ਆਤਮਵਿਸ਼ਵਾਸ, ਸਮਾਵੇਸ਼ਿਤਾ ਅਤੇ ਸੰਘਰਸ਼ਸ਼ੀਲਤਾ ਦਾ ਪ੍ਰੇਰਕ ਸੰਦੇਸ਼ ਦਿੱਤਾ।

ਉੱਥੇ ਹੀ, ਵਾਟਿਕਾ ਸਪੈਸ਼ਲ ਸਕੂਲ ਫੌਰ ਹੀਅਰਿੰਗ-ਇੰਪੇਅਰਡ ਚਿਲਡਰਨ ਦੇ ਵਿਦਿਆਰਥੀਆਂ ਨੇ ਊਰਜਾਵਾਨ ਭੰਗੜਾ ਪ੍ਰਸਤੁਤੀ ਦੇ ਕੇ ਆਪਣੀ ਪ੍ਰਤਿਭਾ ਅਤੇ ਉਤਸ਼ਾਹ ਦਾ ਪ੍ਰਦਰਸ਼ਨ ਕੀਤਾ। ਚੰਡੀਗੜ੍ਹ ਲਲਿਤ ਕਲਾ ਅਕਾਦਮੀ ਦੁਆਰਾ ਦਿੱਵਯਾਂਗ ਬੱਚਿਆਂ ਦੀਆਂ ਕਲਾਕ੍ਰਿਤੀਆਂ ਦੀ ਪ੍ਰਦਰਸ਼ਨੀ ਵੀ ਆਯੋਜਿਤ ਕੀਤੀ ਗਈ, ਜਿਸ ਨੇ ਯੁਵਾ ਕਲਾਕਾਰਾਂ ਨੂੰ ਆਪਣੀ ਰਚਨਾਤਮਕਤਾ ਅਤੇ ਕਲਪਨਾਸ਼ੀਲਤਾ ਪ੍ਰਦਰਸ਼ਿਤ ਕਰਨ ਦਾ ਮੰਚ ਪ੍ਰਦਾਨ ਕੀਤਾ। ਕਟਾਰੀਆ ਨੇ ਸੱਭਿਆਚਾਰਕ ਮਾਮਲਿਆਂ ਦੇ ਵਿਭਾਗ ਦੇ ਸਮਾਵੇਸ਼ੀ ਸੱਭਿਆਚਾਰਕ ਪ੍ਰੋਗਰਾਮਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੇ ਆਯੋਜਨ ਦਿੱਵਯਾਂਗ ਵਿਅਕਤੀਆਂ ਨੂੰ ਆਪਣੀ ਪ੍ਰਤਿਭਾ ਪ੍ਰਦਰਸ਼ਿਤ ਕਰਨ ਦੇ ਅਵਸਰ ਪ੍ਰਦਾਨ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਸੰਗੀਤ, ਕਲਾ, ਥੀਏਟਰ ਅਤੇ ਖੇਡਾਂ ਸਸ਼ਕਤੀਕਰਣ ਦੇ ਪ੍ਰਭਾਵੀ ਸਾਧਨ ਹਨ ਅਤੇ ਨੌਜਵਾਨਾਂ ਵਿੱਚ ਆਤਮਵਿਸ਼ਵਾਸ, ਸਮਾਜਿਕ ਸਮਾਵੇਸ਼ਣ ਅਤੇ ਸਕਾਰਾਤਮਕ ਸੋਚ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

# ਪੰਜਾਬੀਆਂ ਨਾਲ ਕੀਤਾ ਹਰ ਵਾਅਦਾ ਪੂਰਾ ਕਰੇਗੀ ਭਾਜਪਾ: ਨਿਤਿਨ ਨਬੀਨ



**ਲੁਧਿਆਣਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

: ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਕਿਹਾ ਕਿ ਭਾਜਪਾ ਜੋ ਕਹਿੰਦੀ ਹੈ, ਉਹ ਕਰ ਵਿਖਾਉਂਦੀ ਹੈ। ਭਾਜਪਾ ਨੇ ਧਾਰਾ 370 ਹਟਾਉਣ, ਅਯੁੱਧਿਆ ਵਿਚ ਸ਼੍ਰੀ ਰਾਮ ਮੰਦਰ ਬਣਾਉਣ ਜਿਹੇ ਵਾਅਦੇ ਕੀਤੇ ਸਨ, ਜਿਨ੍ਹਾਂ ਨੂੰ ਪੂਰਾ ਕੀਤਾ ਹੈ। ਪੰਜਾਬ ਵਿਚ ਭਾਜਪਾ ਨੇ ਵਿਕਾਸ ਕਰਨ, ਭ੍ਰਿਸ਼ਟਾਚਾਰ, ਗੈਂਗਸਟਰਵਾਦ ਤੇ ਨਸ਼ੇ ਦੀ ਸਮੱਸਿਆ ਦੇ ਖ਼ਾਤਮੇ ਦੀ ਗੱਲ ਕਹੀ ਹੈ ਤਾਂ ਪੰਜਾਬ ਵਿਚ ਸਰਕਾਰ ਬਣਨ 'ਤੇ ਇਸ ਨੂੰ ਪੂਰਾ ਵੀ ਕਰੇਗੀ, ਕਿਉਂਕਿ ਭਾਜਪਾ ਹੋਰ ਪਾਰਟੀਆਂ ਦੀ ਤਰ੍ਹਾਂ ਝੂਠ ਨਹੀਂ ਬੋਲਦੀ।

ਨਿਤਿਨ ਨਵੀਨ ਪੰਜਾਬ ਭਾਜਪਾ ਦੇ ਮੀਡੀਆ ਪੈਨਲਿਸਟ ਗੁਰਦੀਪ ਸਿੰਘ ਗੋਸ਼ਾ ਵੱਲੋਂ ਕਿਰਪਾਨ ਤੇ ਸਿਰੋਪਾਓ ਭੇਟ ਕਰ ਕੇ ਸਨਮਾਨਿਤ ਕੀਤੇ ਜਾਣ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਗੁਰਦੀਪ ਸਿੰਘ ਗੋਸ਼ਾ ਨੇ ਕਿਹਾ ਕਿ ਨਿਤਿਨ ਨਬੀਨ ਉਸ ਪਾਵਨ ਧਰਤੀ ਸ੍ਰੀ ਪਟਨਾ ਸਾਹਿਬ ਤੋਂ ਆਉਂਦੇ ਹਨ, ਜਿਹੜੀ ਸਾਡੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜਨਮਸਥਲੀ ਤੇ ਮਹਾਨ ਇਤਿਹਾਸ ਨਾਲ ਜੁੜੀ ਭੂਮੀ ਹੈ। ਉਨ੍ਹਾਂ ਕਿਹਾ ਕਿ ਅਜਿਹੀ ਪਵਿੱਤਰ ਧਰਤੀ ਨਾਲ ਜੁੜੇ ਵਿਅਕਤੀ ਨੂੰ ਭਾਜਪਾ ਦੀ ਅਗਵਾਈ ਮਿਲਣਾ ਮਾਣ ਦੀ ਗੱਲ ਹੈ। ਉਨ੍ਹਾਂ ਨੇ ਨਿਤਿਨ ਨਬੀਨ ਨੂੰ ਪ੍ਰਣਾਣ ਕਰਦਿਆਂ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਉਨ੍ਹਾਂ ਦਾ ਸਵਾਗਤ ਕਰਨਾ ਸਾਡੇ ਲਈ ਸਨਮਾਨ ਦੀ ਗੱਲ ਹੈ।

ਇਸ ਮੌਕੇ ਭਾਜਪਾ ਦੇ ਕੌਮੀ ਜਰਨਲ ਸਕੱਤਰ ਤਰੁਣ ਚੁੱਘ, ਸੁਮਨ ਵਰਮਾ, ਸੰਨੀ ਖੋਸਲਾ, ਸੁਮਿਤ ਟੰਡਨ, ਸਰਬਜੀਤ ਸਿੰਘ ਨਰੂਲਾ, ਸੁਖਵੰਤ ਸਿੰਘ ਟੀਲੂ, ਸਮਰਤਾ ਕੌਰ, ਗੌਰਵ ਅਰੋੜਾ, ਕੀਮਤੀ ਰਾਵਲ, ਆਸ਼ੀਸ਼ ਭਾਰਤੀ, ਨਿਰਮਲ ਨਈਅਰ, ਪ੍ਰਭਜੀਤ ਸਿੰਘ ਆਦਿ ਹਾਜ਼ਰ ਸਨ।

ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਲੁਧਿਆਣਾ ਵਿੱਚ ਆਯੋਜਿਤ ਸਬ-ਸਰਕਲ ਕਾਰਜਕਰਤਾ ਸੰਮੇਲਨ ਨੂੰ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖੇ ਨਿਸ਼ਾਨੇ ਸਾਧੇ। ਉਨ੍ਹਾਂ ਦੋਸ਼ ਲਗਾਇਆ ਕਿ ਮੌਜੂਦਾ ਸਰਕਾਰ ਨੇ ਪੰਜਾਬ ਨੂੰ ਕਰਜ਼ੇ ਹੇਠ ਡੁਬੋ ਦਿੱਤਾ ਹੈ ਅਤੇ ਗੁਰੂਆਂ ਦਾ ਅਪਮਾਨ ਕੀਤਾ ਹੈ, ਜਿਸ ਦਾ ਜਵਾਬ ਲੋਕ ਆਉਣ ਵਾਲੀਆਂ ਚੋਣਾਂ ਵਿੱਚ ਦੇਣਗੇ।

# 'ਆਪ' ਨਾਲੋਂ ਤੋੜ-ਵਿਛੋੜੇ ਮਗਰੋਂ ਰਾਘਵ ਚੱਢਾ ਪਹਿਲੀ ਵਾਰ ਪੁੱਜੇ ਪੰਜਾਬ; ਸਿਆਸੀ ਹਲਕਿਆਂ 'ਚ ਹਲਚਲ

## ਭਾਜਪਾ ਦੇ ਕੌਮੀ ਆਗੂ ਨੇ ਪੰਜਾਬ ਚੋਣਾਂ ਲਈ ਚੱਢਾ ਨੂੰ ਥਾਪੜਾ ਦਿੱਤਾ; ਲੁਧਿਆਣਾ ਵਿਖੇ ਹੋਈ ਹਾਈ ਪ੍ਰੋਫਾਈਲ ਬੰਦ ਕਮਰਾ ਮੀਟਿੰਗ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਤੋਂ ਤੋੜ-ਵਿਛੋੜਾ ਕਰਨ ਮਗਰੋਂ ਭਾਜਪਾਈ ਰਾਜ ਸਭਾ ਮੈਂਬਰ ਰਾਘਵ ਚੱਢਾ ਅੱਜ ਪਹਿਲੀ ਵਾਰ ਪੰਜਾਬ ਪੁੱਜੇ ਹਨ। ਭਾਜਪਾ ਦੇ ਕੌਮੀ ਆਗੂ ਨਿਤਿਨ ਨਬੀਨ ਨੇ ਪਾਰਟੀ ਦੇ ਸਾਬਕਾ ਤੇ ਮੌਜੂਦਾ ਵਿਧਾਇਕਾਂ ਤੋਂ ਇਲਾਵਾ ਪਾਰਟੀ ਦੇ ਸਾਬਕਾ ਤੇ ਮੌਜੂਦਾ ਸੰਸਦ ਮੈਂਬਰਾਂ ਨਾਲ ਅੱਜ ਲੁਧਿਆਣਾ ਵਿਖੇ ਇੱਕ ਅਹਿਮ ਬੰਦ ਕਮਰਾ ਮੀਟਿੰਗ ਕੀਤੀ, ਜਿਸ ਵਿੱਚ ਰਾਜ ਸਭਾ ਮੈਂਬਰ ਰਾਘਵ ਚੱਢਾ ਉਚੇਚੇ ਤੌਰ 'ਤੇ ਸ਼ਾਮਲ ਹੋਏ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਹਾਈ ਪ੍ਰੋਫਾਈਲ ਮੀਟਿੰਗ ਵਿੱਚ ਕੌਮੀ ਆਗੂ ਨਿਤਿਨ ਨਬੀਨ ਨੇ ਰਾਘਵ ਚੱਢਾ ਨੂੰ



ਥਾਪੜਾ ਦਿੰਦਿਆਂ ਪੰਜਾਬ ਦੀਆਂ ਆਉਂਦੀਆਂ ਚੋਣਾਂ ਬਾਰੇ ਖਾਸ ਫੀਡਬੈਕ ਲਈ। ਦੱਸਣਯੋਗ ਹੈ ਕਿ ਸਾਲ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਇਤਿਹਾਸਕ ਜਿੱਤ ਲਈ ਰਾਘਵ ਚੱਢਾ ਨੇ ਮੁੱਖ ਰਣਨੀਤੀਕਾਰ ਵਜੋਂ ਬਹੁਤ ਵੱਡੀ ਭੂਮਿਕਾ ਨਿਭਾਈ ਸੀ, ਜਿਸ ਕਾਰਨ ਉਹ ਸਿਆਸੀ ਨਜ਼ਰੀਏ ਤੋਂ ਪੰਜਾਬ ਦੇ ਹਰ ਹਲਕੇ ਅਤੇ ਸਮੀਕਰਨਾਂ ਦੀ ਡੂੰਘੀ ਸਮਝ ਰੱਖਦੇ ਹਨ। ਹਾਲਾਂਕਿ, ਸਿਆਸੀ ਉਲਟਫੇਰ ਕਾਰਨ ਆਮ ਆਦਮੀ ਪਾਰਟੀ ਨੇ ਰਾਘਵ ਚੱਢਾ ਨੂੰ ਲੰਘੀ 2 ਅਪਰੈਲ ਨੂੰ ਰਾਜ ਸਭਾ ਵਿੱਚ ਪਾਰਟੀ ਦੇ ਉਪ ਨੇਤਾ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਇਸ ਤੋਂ ਤੁਰੰਤ ਬਾਅਦ, 24 ਅਪਰੈਲ ਨੂੰ ਚੱਢਾ ਆਪਣੇ ਛੇ ਸਾਥੀ ਸੰਸਦ ਮੈਂਬਰਾਂ ਸਮੇਤ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਇਸ ਤੋਂ ਬਾਅਦ ਮਈ 2026 ਵਿੱਚ ਭਾਜਪਾ ਵੱਲੋਂ ਉਨ੍ਹਾਂ ਨੂੰ ਰਾਜ ਸਭਾ ਦੀ ਪਟੀਸ਼ਨ ਕਮੇਟੀ ਦੇ ਚੇਅਰਮੈਨ ਦੀ ਅਹਿਮ ਜ਼ਿੰਮੇਵਾਰੀ ਵੀ ਸੌਂਪੀ ਗਈ ਸੀ। ਭਾਜਪਾ ਆਗੂ ਦੇ ਤੌਰ 'ਤੇ ਰਾਘਵ ਚੱਢਾ ਦੀ ਅੱਜ ਇਹ ਪਹਿਲੀ ਪੰਜਾਬ ਫੇਰੀ ਹੈ, ਜਿਸ ਕਾਰਨ ਸੱਤਾਧਾਰੀ ਆਮ ਆਦਮੀ ਪਾਰਟੀ ਉਨ੍ਹਾਂ ਦੀ ਹਰ ਇੱਕ ਹਰਕਤ ਅਤੇ ਸਿਆਸੀ ਸਰਗਰਮੀ 'ਤੇ ਤਿੱਖੀ ਨਜ਼ਰ ਰੱਖ ਰਹੀ ਹੈ। ਜ਼ਿਕਰਯੋਗ ਹੈ ਕਿ ਰਾਘਵ ਚੱਢਾ ਦੀ ਵੋਟ ਪੰਜਾਬ ਦੇ ਮੁਹਾਲੀ ਜ਼ਿਲ੍ਹੇ ਵਿੱਚ ਬਣੀ ਹੋਈ ਹੈ, ਪ੍ਰੰਤੂ ਹਾਲ ਹੀ ਵਿੱਚ ਹੋਈਆਂ ਸਥਾਨਕ ਚੋਣਾਂ ਮੌਕੇ ਉਹ ਵੋਟ ਪਾਉਣ ਲਈ ਪੰਜਾਬ ਨਹੀਂ ਆਏ ਸਨ। ਚੱਢਾ ਪਹਿਲਾਂ ਵੀ ਇਹ ਖ਼ਦਸ਼ਾ ਜ਼ਾਹਰ ਕਰ ਚੁੱਕੇ ਹਨ ਕਿ ਪੰਜਾਬ ਦੀ 'ਆਪ' ਸਰਕਾਰ ਉਨ੍ਹਾਂ ਨੂੰ ਸਿਆਸੀ ਬਦਲਾਖੋਰੀ ਤਹਿਤ ਨਿਸ਼ਾਨਾ ਬਣਾ ਸਕਦੀ ਹੈ। ਖ਼ਦਸ਼ਿਆਂ ਦੇ ਬਾਵਜੂਦ, ਬਦਲੇ ਹੋਏ ਸਿਆਸੀ ਹਾਲਾਤ ਵਿੱਚ ਰਾਘਵ ਚੱਢਾ ਦੀ ਇਸ ਪੰਜਾਬ ਫੇਰੀ ਅਤੇ ਉਨ੍ਹਾਂ ਦੀਆਂ ਅਗਲੀਆਂ ਸਿਆਸੀ ਸਰਗਰਮੀਆਂ 'ਤੇ ਸੂਬੇ ਦੇ ਲੋਕਾਂ ਅਤੇ ਵਿਰੋਧੀਆਂ ਦੀਆਂ ਨਜ਼ਰਾਂ ਲਗਾਤਾਰ ਟਿਕੀਆਂ ਰਹਿਣਗੀਆਂ।

# ਲਹਿਰਾ ਮੁਹੱਬਤ ਥਰਮਲ ਪਲਾਂਟ ਦਾ ਇੱਕ ਯੂਨਿਟ ਚਾਲੂ; ਬਾਕੀ ਯੂਨਿਟਾਂ ਨੂੰ ਮੁੜ ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ ਤੇਜ਼

**ਬਠਿੰਡਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬਠਿੰਡਾ ਜ਼ਿਲ੍ਹੇ ਦੇ ਪਿੰਡ ਲਹਿਰਾ ਮੁਹੱਬਤ ਵਿਖੇ ਸਥਿਤ 920 ਮੈਗਾਵਾਟ ਦੀ ਸਮਰੱਥਾ ਵਾਲੇ ਗੁਰੂ ਹਰਗੋਬਿੰਦ ਥਰਮਲ ਪਲਾਂਟ (78"♦) ਦੇ ਚਾਰੇ ਯੂਨਿਟ ਪੂਰੀ ਤਰ੍ਹਾਂ ਠੱਪ ਹੋਣ ਤੋਂ ਇੱਕ ਦਿਨ ਬਾਅਦ, ਸੋਮਵਾਰ ਸਵੇਰੇ ਪਲਾਂਟ ਦੇ ਇੱਕ ਯੂਨਿਟ ਨੂੰ ਸਫ਼ਲਤਾਪੂਰਵਕ ਚਾਲੂ ਕਰ ਦਿੱਤਾ ਗਿਆ ਹੈ। ਮੌਜੂਦਾ ਭਿਆਨਕ ਗਰਮੀ (ਹੀਟਵੇਵ) ਅਤੇ ਝੋਨੇ ਦੀ ਲੁਆਈ ਦੇ ਪੀਕ ਸੀਜ਼ਨ ਦੌਰਾਨ ਸੂਬੇ ਵਿੱਚ ਬਿਜਲੀ ਦੀ ਵਧਦੀ ਮੰਗ ਦੇ ਵਿਚਕਾਰ ਇਸ ਯੂਨਿਟ ਦੇ ਮੁੜ ਚਾਲੂ ਹੋਣ ਨਾਲ ਪ੍ਰਸ਼ਾਸਨ ਅਤੇ ਖਪਤਕਾਰਾਂ ਨੂੰ ਵੱਡੀ ਰਾਹਤ ਮਿਲੀ ਹੈ। ਜ਼ਿਕਰਯੋਗ ਹੈ ਕਿ ਐਤਵਾਰ ਨੂੰ ਚਾਰੇ ਯੂਨਿਟ ਬੰਦ ਹੋਣ ਕਾਰਨ ਸੂਬੇ ਵਿੱਚ ਬਿਜਲੀ ਉਤਪਾਦਨ ਨੂੰ ਲੈ ਕੇ ਗੰਭੀਰ ਚਿੰਤਾਵਾਂ ਪੈਦਾ ਹੋ ਗਈਆਂ ਸਨ। ਪਲਾਂਟ ਦੇ ਤਿੰਨ ਯੂਨਿਟ ਪਹਿਲਾਂ ਹੀ ਤਕਨੀਕੀ ਖ਼ਰਾਬੀ ਕਾਰਨ ਬੰਦ ਸਨ, ਜਦਕਿ ਚੌਥਾ ਯੂਨਿਟ ਐਤਵਾਰ ਨੂੰ ਫਲਾਈ ਐਸ਼ (ਸੁਆਹ) ਦੇ ਭਾਰੀ ਜਮ੍ਹਾ ਹੋਣ ਕਾਰਨ ਬੰਦ ਕਰਨਾ ਪਿਆ ਸੀ।



ਠੇਕਾ ਮੁਲਾਜ਼ਮਾਂ ਦੀ ਹੜਤਾਲ ਕਾਰਨ ਪੈਦਾ ਹੋਇਆ ਸੀ ਸੰਕਟ, ਪ੍ਰਬੰਧਕਾਂ ਨੇ ਜੁਟਾਈ ਵਾਧੂ ਲੇਬਰ

ਥਰਮਲ ਪਲਾਂਟ ਵਿੱਚ ਪੈਦਾ ਹੋਏ ਇਸ ਵੱਡੇ ਸੰਕਟ ਦਾ ਮੁੱਖ ਕਾਰਨ ਲਗਭਗ 1,800 ਕੰਟਰੈਕਟ (ਠੇਕਾ) ਮੁਲਾਜ਼ਮਾਂ ਦੀ ਚੱਲ ਰਹੀ ਅਣਮਿੱਥੇ ਸਮੇਂ ਦੀ ਹੜਤਾਲ ਹੈ। ਪਲਾਂਟ ਪੂਰੀ ਤਰ੍ਹਾਂ ਠੱਪ ਹੋਣ ਤੋਂ ਬਾਅਦ, ਪ੍ਰਬੰਧਕਾਂ ਨੇ ਸੁਆਹ ਨੂੰ ਸਾਫ਼ ਕਰਨ ਅਤੇ ਕੰਮਕਾਜ ਨੂੰ ਮੁੜ ਲੀਹ 'ਤੇ ਲਿਆਉਣ ਲਈ ਵਾਧੂ ਲੇਬਰ (ਮਾਨਵ ਸ਼ਕਤੀ) ਦਾ ਪ੍ਰਬੰਧ ਕੀਤਾ। ਸੂਤਰਾਂ ਅਨੁਸਾਰ ਪਲਾਂਟ ਵਿੱਚ ਕਰੀਬ 500 ਪੱਕੇ ਮੁਲਾਜ਼ਮ ਹਨ, ਜਿਨ੍ਹਾਂ ਵਿੱਚੋਂ ਅੱਧੇ ਤੋਂ ਵੱਧ ਕਲੈਰੀਕਲ (ਦਫ਼ਤਰੀ) ਕੰਮਾਂ ਵਿੱਚ ਲੱਗੇ ਹੋਏ ਹਨ, ਜਿਸ ਕਾਰਨ ਫੀਲਡ ਦੇ ਤਕਨੀਕੀ ਕੰਮਾਂ ਲਈ ਭਾਰੀ ਮੁਸ਼ਕਲ ਆ ਰਹੀ ਸੀ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪਲਾਂਟ ਦਾ ਪਹਿਲਾ ਯੂਨਿਟ 17 ਜੂਨ ਨੂੰ, ਦੋ ਹੋਰ ਯੂਨਿਟ 19 ਜੂਨ ਨੂੰ ਅਤੇ ਆਖਰੀ ਚੌਥਾ ਯੂਨਿਟ ਐਤਵਾਰ ਨੂੰ ਸੁਆਹ ਦੀ ਨਿਕਾਸੀ ਨਾ ਹੋਣ ਕਾਰਨ ਬੰਦ ਕਰਨਾ ਪਿਆ ਸੀ। ਗੱਲਬਾਤ ਕਰਦਿਆਂ ਜੀ.ਐਚ.ਟੀ.ਪੀ. ਦੇ ਚੀਫ਼ ਇੰਜੀਨੀਅਰ ਤੇਜ ਬੰਸਲ ਨੇ ਪੁਸ਼ਟੀ ਕੀਤੀ ਕਿ 210 ਮੈਗਾਵਾਟ ਦੀ ਸਮਰੱਥਾ ਵਾਲੇ ਇੱਕ ਯੂਨਿਟ ਨੂੰ ਅੱਜ ਸਵੇਰੇ 5 ਵਜੇ ਪੂਰੀ ਤਰ੍ਹਾਂ ਕਾਰਜਸ਼ੀਲ (ਆਪਰੇਸ਼ਨਲ) ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ, ਬਾਕੀ ਰਹਿੰਦੇ ਤਿੰਨ ਯੂਨਿਟਾਂ 'ਤੇ ਵੀ ਕੰਮ ਬੜੀ ਤੇਜ਼ੀ ਨਾਲ ਚੱਲ ਰਿਹਾ ਹੈ ਅਤੇ ਸਾਡੀ ਪੂਰੀ ਕੋਸ਼ਿਸ਼ ਹੈ ਕਿ ਅਗਲੇ ਦੋ ਦਿਨਾਂ ਦੇ ਅੰਦਰ-ਅੰਦਰ ਬਾਕੀ ਯੂਨਿਟਾਂ ਤੋਂ ਵੀ ਬਿਜਲੀ ਉਤਪਾਦਨ ਮੁੜ ਸ਼ੁਰੂ ਕਰਵਾ ਦਿੱਤਾ ਜਾਵੇ। ਚੀਫ਼ ਇੰਜੀਨੀਅਰ ਨੇ ਪਹਿਲਾਂ ਦੱਸਿਆ ਸੀ ਕਿ ਇਹ ਸਾਰੀ ਸਮੱਸਿਆ ਠੇਕਾ ਮੁਲਾਜ਼ਮਾਂ ਦੀ ਹੜਤਾਲ ਕਾਰਨ ਖੜ੍ਹੀ ਹੋਈ ਹੈ, ਜੋ ਠੇਕੇਦਾਰੀ ਸਿਸਟਮ ਨੂੰ ਖ਼ਤਮ ਕਰਕੇ ਪਾਵਰਕਾਮ ਵਿੱਚ ਸਿੱਧੇ ਰੈਗੂਲਰ ਹੋਣ ਦੀ ਮੰਗ ਕਰ ਰਹੇ ਹਨ। ਇਨ੍ਹਾਂ ਮੁਲਾਜ਼ਮਾਂ ਦਾ ਸੰਘਰਸ਼ 9 ਜੂਨ ਨੂੰ ਸ਼ੁਰੂ ਹੋਇਆ ਸੀ, ਜੋ 16 ਜੂਨ ਤੋਂ ਮੁਕੰਮਲ ਹੜਤਾਲ ਵਿੱਚ ਬਦਲ ਗਿਆ।

# ਵਿਧਾਨ ਸਭਾ ਹਲਕਾ ਸੁਨਾਮ ਵਿੱਚ ਸਿਹਤ ਸਹੂਲਤਾਂ ਦੀ ਬਿਹਤਰੀ ਲਈ ਹੁਣ ਤਕ ਕਰੀਬ 57 ਕਰੋੜ ਰੁਪਏ ਖਰਚੇ: ਅਮਨ ਅਰੋੜਾ

**ਸੁਨਾਮ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਸੁਨਾਮ ਹਲਕੇ ਦੇ ਲੋਕਾਂ ਨੂੰ ਇੱਕ ਵੱਡੀ ਸੌਗਾਤ ਦਿੰਦਿਆਂ ਸਰਕਾਰੀ ਹਸਪਤਾਲ ਸੁਨਾਮ ਵਿਖੇ 50 ਬੈੱਡਾਂ ਵਾਲੇ ਅਤਿ-ਆਧੁਨਿਕ ਜੱਚਾ-ਬੱਚਾ ਹਸਪਤਾਲ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਇਹ ਹਸਪਤਾਲ ਕਰੀਬ 14 ਕਰੋੜ 48 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਜਾਵੇਗਾ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਸੁਨਾਮ ਦੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਹੁਣ ਤਕ 57 ਕਰੋੜ ਰੁਪਏ ਵੱਖ ਵੱਖ ਪ੍ਰੋਜੈਕਟਾਂ ਉੱਤੇ ਖਰਚੇ ਜਾ ਚੁੱਕੇ ਹਨ। ਜਿਨ੍ਹਾਂ ਵਿੱਚ ਕਰੀਬ 25.5 ਕਰੋੜ ਰੁਪਏ ਦੀ ਲਾਗਤ ਨਾਲ ਸਰਕਾਰੀ ਹਸਪਤਾਲ ਸੁਨਾਮ ਵਿਖੇ ਓਪੀਡੀ ਦੇ ਨਵੇਂ 09 ਕਮਰਿਆਂ ਦਾ ਬਲਾਕ, ਦਵਾਈਆਂ ਦਾ ਵੇਅਰ ਹਾਊਸ, ਟਰੋਮਾ ਸੈਂਟਰ ਅਤੇ ਬਲੱਡ ਬੈਂਕ ਸ਼ਾਮਿਲ ਹਨ। ਚੀਮਾ ਵਿਖੇ 14.5 ਕਰੋੜ ਰੁਪਏ ਦੀ ਲਾਗਤ ਦੇ ਨਾਲ ਅਤੇ ਲੌਂਗੋਵਾਲ ਵਿਖੇ 11.5 ਕਰੋੜ ਰੁਪਏ ਦੀ ਲਾਗ ਦੇ ਨਾਲ ਹਸਪਤਾਲ ਬਣਾਏ ਗਏ ਹਨ। ਹਲਕੇ ਵਿੱਚ ਵੱਖ-ਵੱਖ ਥਾਂ 08 ਆਮ ਆਦਮੀ ਕਲੀਨਿਕ ਬਣਾਏ ਗਏ ਹਨ, ਇੱਕ ਆਮ ਆਦਮੀ ਕਲੀਨਿਕ ਦੀ ਲਾਗਤ 25 ਲੱਖ ਰੁਪਏ ਹੈ। ਇਸੇ ਤਰ੍ਹਾਂ 12 ਹੈਲਥ ਐਂਡ ਵੈਲਨੈਸ ਸੈਂਟਰ ਬਣਾਏ ਗਏ ਹਨ ਤੇ ਇੱਕ ਹੈਲਥ ਐਂਡ ਵੈਲਨੈਸ ਸੈਂਟਰ ਦੀ ਲਾਗਤ 35 ਲੱਖ ਰੁਪਏ ਹੈ।

ਜੱਚਾ-ਬੱਚਾ ਹਸਪਤਾਲ ਮਾਵਾਂ ਅਤੇ ਨਵਜਨਮੇ ਬੱਚਿਆਂ ਲਈ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਵੱਲ ਇੱਕ ਅਹਿਮ ਕਦਮ ਹੈ। ਇਸ ਹਸਪਤਾਲ ਦੇ ਤਿਆਰ ਹੋਣ ਨਾਲ ਇਲਾਕੇ ਦੇ ਲੋਕਾਂ ਨੂੰ ਉੱਚ ਪੱਧਰੀ ਇਲਾਜ ਲਈ ਦੂਰ-ਦੁਰਾਡੇ ਜਾਂ ਵੱਡੇ ਸ਼ਹਿਰਾਂ ਦੇ ਹਸਪਤਾਲਾਂ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ।

ਇਸ ਹਸਪਤਾਲ ਵਿੱਚ 5 ਓ.ਪੀ.ਡੀ. ਕਮਰੇ, 2 ਆਧੁਨਿਕ ਆਪਰੇਸ਼ਨ ਥੀਏਟਰ, 3 ਬੈੱਡਾਂ ਵਾਲਾ ਨਾਰਮਲ ਡਿਲਿਵਰੀ ਰੂਮ, ਟੈਸਟਿੰਗ ਲੈਬ, ਅਲਟਰਾ ਸਾਊਂਡ ਲੈਬ, ਫਾਰਮੇਸੀ, ਈ.ਸੀ.ਜੀ. ਰੂਮ, ਪੀਡੀਆਟ੍ਰਿਕ ਰੂਮ ਅਤੇ ਇਮਿਊਨਾਈਜ਼ੇਸ਼ਨ ਰੂਮ ਸਮੇਤ ਹੋਰ ਸਾਰੀਆਂ ਆਧੁਨਿਕ ਸਹੂਲਤਾਂ ਉਪਲਬਧ ਹੋਣਗੀਆਂ। ਇਸ ਤੋਂ ਇਲਾਵਾ, ਹਸਪਤਾਲ ਵਿੱਚ 4 ਗਾਇਨੀ ਵਾਰਡ, 2 ਬਾਲ ਰੋਗ ਵਾਰਡ, 4 ਪ੍ਰਾਈਵੇਟ ਕਮਰੇ, 3 ਡਾਕਟਰ ਸਟੇਸ਼ਨ ਅਤੇ 5 ਨਰਸ ਸਟੇਸ਼ਨ ਬਣਾਏ ਜਾਣਗੇ ਤਾਂ ਜੋ ਮਰੀਜ਼ਾਂ ਦੀ ਸੰਭਾਲ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾ ਸਕੇ। ਹਸਪਤਾਲ ਵਿੱਚ 4 ਬੈੱਡਾਂ ਵਾਲਾ ਹਾਈ ਡਿਪੈਂਡੈਂਸੀ ਯੂਨਿਟ, ਮਿਡਵਾਈਫਰੀ ਲੈਡ ਕੇਅਰ ਯੂਨਿਟ ਅਤੇ 12 ਬੈੱਡਾਂ ਵਾਲਾ ਸਪੈਸ਼ਲ ਨਿਊ ਬੌਰਨ ਕੇਅਰ ਯੂਨਿਟ ਵੀ ਸਥਾਪਿਤ ਕੀਤਾ ਜਾਵੇਗਾ, ਜਿਸ ਨਾਲ ਗੰਭੀਰ ਮਾਮਲਿਆਂ ਵਿੱਚ ਵੀ ਮਾਵਾਂ ਅਤੇ ਬੱਚਿਆਂ ਨੂੰ ਵਿਸ਼ੇਸ਼ ਇਲਾਜ ਮਿਲ ਸਕੇਗਾ। ਅਮਨ ਅਰੋੜਾ ਨੇ ਕਿਹਾ ਕਿ ਹਸਪਤਾਲ ਵਿੱਚ ਹਰ ਸੇਵਾ ਲਈ ਵੱਖਰਾ ਵੇਟਿੰਗ ਏਰੀਆ ਅਤੇ ਨਵਜਨਮੇ ਬੱਚਿਆਂ ਲਈ ਵਿਸ਼ੇਸ਼ ਫੀਡਿੰਗ ਯੂਨਿਟ ਵੀ ਬਣਾਇਆ ਜਾਵੇਗਾ, ਤਾਂ ਜੋ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵਧੀਆ ਸਹੂਲਤਾਂ ਮਿਲ ਸਕਣ।

# 'ਆਪ' ਦੇ ਬਲਾਕ ਪ੍ਰਧਾਨ ਵਿਧਾਨ ਸਭਾ ਹਲਕਾ ਤਰਨਤਾਰਨ ਗੁਰਜੀਤ ਸਿੰਘ ਝਾਮਕਾ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਲ

**ਕੌਮੀ ਪਤ੍ਰਿਕਾ**

ਤਰਨਤਾਰਨ 23 ਜੂਨ। ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਤਰਨਤਾਰਨ ਦੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਗੁਰਜੀਤ ਸਿੰਘ ਝਾਮਕਾ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਲ ਹੋ ਗਏ। ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਗੁਰਜੀਤ ਸਿੰਘ ਝਾਮਕਾ ਤੇ ਉਨ੍ਹਾਂ ਦੇ ਸਾਥੀਆ ਦਾ ਭਾਜਪਾ 'ਚ ਸ਼ਾਮਲ ਹੋਣ ਤੇ ਸੁਆਗਤ ਕਰਦਿਆਂ ਕਿਹਾ ਕਿ ਭਾਜਪਾ ਹੀ ਉਹ ਪਾਰਟੀ ਹੈ, ਜੋ ਆਪਣੇ ਵਰਕਰ ਨੂੰ ਬਣਦਾ ਪੂਰਾ ਮਾਣ-ਸਨਮਾਨ ਦਿੰਦੀ ਹੈ। ਸ਼ਾਮਲ ਹੋਣ ਵਾਲਿਆਂ ਵਿੱਚ ਝਾਮਕਾ ਤੋਂ ਇਲਾਵਾ ਕਾਬਲ ਸਿੰਘ ਤੁੜ, ਗੁਰਜੰਟ ਸਿੰਘ ਝਾਮਕਾ, ਹਰਪਾਲ ਸਿੰਘ ਬਾਜਵਾ, ਯੁਵਰਾਜ ਸਿੰਘ, ਮੰਗਤਪ੍ਰੀਤ ਸਿੰਘ, ਰੰਗਪ੍ਰੀਤ ਸਿੰਘ, ਲੱਕੀ, ਨਵਦੀਪ ਸਿੰਘ, ਕੁਲਵੰਤ ਕੌਰ ਝਾਮਕਾ, ਦਲਜੀਤ ਸਿੰਘ ਭੋਜੀਆ, ਸੁਖਜਿੰਦਰ ਸਿੰਘ ਕੈਰੋਵਾਲ, ਦਲਬੀਰ ਸਿੰਘ, ਨਿਸ਼ਾਨ ਸਿੰਘ ਆਦਿ ਪ੍ਰਮੁੱਖ ਹਨ। ਇਸ ਮੌਕੇ 'ਤੇ ਸੰਬੋਧਨ ਕਰਦਿਆਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਿਤ ਹੋਈ ਹੈ। ਪੰਜਾਬ 'ਚ ਅਮਨ-ਕਾਨੂੰਨ ਦੀ ਸਥਿਤੀ ਦਾ ਬੁਰਾ ਹਾਲ ਹੈ। 2022 ਦੀਆਂ ਚੋਣਾਂ ਵਿੱਚ ਮਹਿਲਾਵਾਂ ਨਾਲ ਜੋ 1000 ਰੁਪਏ ਮਾਣ ਭੱਤਾ ਦੇਣ ਦਾ ਵਾਅਦਾ ਕੀਤਾ ਗਿਆ ਸੀ, ਉਹ ਹਾਲੇ ਤੱਕ ਪੂਰਾ ਨਹੀਂ ਕੀਤਾ ਗਿਆ। ਘਰ-ਘਰ ਰੁਜ਼ਗਾਰ ਦਾ ਵਾਅਦਾ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨੌਜਵਾਨ ਵਰਗ ਨੂੰ ਰੁਜ਼ਗਾਰ ਤਾਂ ਕੀ ਦੇਣਾ ਸੀ, ਸਗੋਂ ਆਪਣੀਆਂ ਮੰਗਾਂ ਲਈ ਸ਼ਾਂਤਮਈ ਸੰਘਰਸ਼ ਕਰ ਰਹੇ ਮੁਲਾਜ਼ਮ ਵਰਗ 'ਤੇ ਤਸ਼ਦੱਦ




ਕੀਤਾ ਜਾ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਆਮ ਲੋਕਾਂ ਲਈ ਭੇਜੀਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਵੀ ਪੰਜਾਬ ਸਰਕਾਰ ਵੱਲੋਂ ਲੋਕਾਂ ਤੱਕ ਸਹੀ ਢੰਗ ਨਾਲ ਨਹੀਂ ਪਹੁੰਚਾਇਆ ਜਾ ਰਿਹਾ। ਸਹੂਲਤਾਂ ਦਾ ਲਾਭ ਤਾਂ ਲੋਕਾਂ ਤੱਕ ਕੀ ਪਹੁੰਚਾਉਣਾ, ਉਲਟਾ ਕੇਂਦਰ ਸਰਕਾਰ ਦੇ ਖਿਲਾਫ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ। ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਨਸ਼ਾ ਅਤੇ ਗੈਂਗਸਟਰਵਾਦ ਦਾ ਪੰਜਾਬ ਵਿੱਚ ਪੂਰੀ ਤਰ੍ਹਾਂ ਬੋਲਬਾਲਾ ਹੈ। ਨਸ਼ੇ ਦੀ ਸਪਲਾਈ ਬੰਦ ਤਾਂ ਕੀ ਕਰਨੀ ਸੀ, ਸਗੋਂ ਘਰ-ਘਰ ਤੱਕ ਨਸ਼ਾ ਪਹੁੰਚ ਰਿਹਾ ਹੈ ਅਤੇ ਰੋਜ਼ਾਨਾ ਹੀ ਕਈ ਮਾਵਾਂ ਦੇ ਪੁੱਤ ਇਸ ਨਸ਼ੇ ਦੀ ਦਲ-ਦਲ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ। ਗੈਂਗਸਟਵਾਦ ਇਨ੍ਹਾਂ ਵੱਧ ਚੁੱਕਾ ਹੈ ਕਿ ਰੋਜ਼ਾਨਾ ਕਤਲ, ਗੋਲੀਆਂ ਚੱਲਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਬੇਖੌਫ ਹੋ ਕੇ ਗੈਂਗਸਟਰਾਂ ਵੱਲੋਂ ਵਪਾਰੀ ਵਰਗ ਕੋਲੋਂ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ, ਫਿਰੌਤੀ ਨਾ ਦੇਣ 'ਤੇ ਉਨ੍ਹਾਂ ਦੀ ਦੁਕਾਨਾਂ, ਘਰਾਂ 'ਤੇ ਗੋਲੀਆਂ ਚਲਾਈਆਂ ਜਾ ਰਹੀਆਂ ਹਨ। ਇਥੋਂ ਤੱਕ ਕਿ ਕਈ ਥਾਵਾਂ 'ਤੇ ਵਪਾਰੀਆਂ ਦਾ ਗੋਲੀਆਂ ਮਾਰ ਕੇ ਕਤਲ ਹੋਣ ਦੀਆਂ ਘਟਨਾਵਾਂ ਵੀ ਅਕਸਰ ਸਾਹਮਣੇ ਆਉਦੀਆਂ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਪੰਜਾਬ ਦਾ ਹਰ ਵਰਗ ਖੁਦ ਨੂੰ ਅਸੁਰੱਖਿਤ ਮਹਿਸੂਸ ਕਰ ਰਿਹਾ ਹੈ। ਲੋਕਾਂ ਨੂੰ ਮਹਿਸੂਸ ਹੋਣ ਲੱਗ ਗਿਆ ਹੈ ਕਿ ਜੇਕਰ ਪੰਜਾਬ ਨੂੰ ਕੋਈ ਨਸ਼ਾ ਮੁਕਤ, ਗੈਂਗਸਟਵਾਦ ਮੁਕਤ ਕਰਨ ਤੋਂ ਇਲਾਵਾ ਪੰਜਾਬ ਨੂੰ ਸੋਨੇ ਦੀ ਚਿੜੀ ਬਣਾ ਸਕਦੀ ਹੈ ਤਾਂ ਉਹ ਕੇਵਲ ਭਾਜਪਾ ਹੀ ਬਣਾ ਸਕਦੀ ਹੈ, ਕਿਉਂਕਿ ਉੱਤਰ ਪ੍ਰਦੇਸ਼ ਵਰਗੇ ਸੂਬੇ ਜਿਥੇ ਕਦੇ ਗੈਂਗਸਟਰਾਂ ਦਾ ਬੋਲਬਾਲਾ ਹੋਇਆ ਕਰਦਾ ਸੀ, ਉਥੇ ਮੁੱਖ ਮੰਤਰੀ ਯੋਗੀ ਆਦਿੱਤਿਨਾਥ ਨੇ ਪੂਰੀ ਤਰ੍ਹਾਂ ਨਾਲ ਗੈਂਗਸਟਵਾਦ ਦਾ ਖਾਤਮਾ ਕੀਤਾ ਅਤੇ ਉਥੋਂ ਦੇ ਲੋਕ ਖੁਸ਼ਹਾਲੀ ਨਾਲ ਆਪਣਾ ਜੀਵਨ ਬਤੀਤ ਕਰ ਰਹੇ ਹਨ। ਪੰਜਾਬ ਦੇ ਲੋਕਾਂ ਸਾਹਮਣੇ ਆਮ ਆਦਮੀ ਪਾਰਟੀ ਦਾ ਸੱਚ ਸਾਹਮਣੇ ਆ ਚੁੱਕਾ ਹੈ ਅਤੇ ਹੁਣ ਲੋਕ ਇਸ ਵਾਰ ਵਿਧਾਨ ਸਭਾ ਚੋਣਾਂ ਵਿੱਚ ਇਨ੍ਹਾਂ ਨੂੰ ਮੂੰਹ ਨਹੀਂ ਲਗਾਉਣਗੇ। ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਦਾ ਭਲਾ ਕੇਵਲ ਤੇ ਕੇਵਲ ਭਾਰਤੀ ਜਨਤਾ ਪਾਰਟੀ ਹੀ ਕਰ ਸਕਦੀ ਹੈ, ਇਸ ਲਈ ਲੋਕਾਂ ਨੇ 2027 ਵਿੱਚ ਭਾਜਪਾ ਦੀ ਮਜ਼ਬੂਤ ਸਰਕਾਰ ਬਣਾਉਣ ਦਾ ਪੂਰੀ ਤਰ੍ਹਾਂ ਮਨ ਬਣਾ ਲਿਆ ਹੈ। ਇਸ ਮੌਕੇ 'ਤੇ ਜ਼ਿਲ੍ਹਾ ਜਨਰਲ ਸਕੱਤਰ ਸ਼ਿਵ ਕੁਮਾਰ ਸੋਨੀ, ਜਨਰਲ ਸਕੱਤਰ ਹਰਪ੍ਰੀਤ ਸਿੰਘ ਸਿੰਦਬਾਦ, ਜਨਰਲ ਸਕੱਤਰ ਸੁਰਜੀਤ ਸਿੰਘ ਸਾਗਰ, ਮੀਤ ਪ੍ਰਧਾਨ ਸਤਨਾਮ ਸਿੰਘ ਭੁੱਲਰ, ਯੁਵਾ ਮੋਰਚਾ ਪ੍ਰਧਾਨ ਦਿਨੇਸ਼ ਜੋਸ਼ੀ, ਸਰਕਲ ਪ੍ਰਧਾਨ ਰੋਹਿਤ ਸ਼ਰਮਾ, ਐਸ.ਸੀ. ਮੋਰਚਾ ਦੇ ਪ੍ਰਧਾਨ ਅਵਤਾਰ ਸਿੰਘ ਬੰਟੀ, ਵਪਾਰ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਮੇਜਰ ਸਿੰਘ ਗਿੱਲ, ਮੀਤ ਪ੍ਰਧਾਨ ਚਰਨਜੀਤ ਸਿੰਘ ਖਾਲਸਾ, ਦਲਜਿੰਦਰ ਸਿੰਘ ਖਾਲਸਾ, ਯੁਵਾ ਮੋਰਚਾ ਜਨਰਲ ਸਕੱਤਰ ਅਮਨ ਅਰੋੜਾ ਆਦਿ ਪ੍ਰਮੁੱਖ ਆਗੂ ਹਾਜਰ ਸਨ।

## 4 ਮਹੀਨਿਆਂ 'ਚ ਹੀ ਨੀਰੂ ਕਤਿਆਲ ਦੀ ਛੁੱਟੀ, ਓਜਸਵੀ ਹੋਣਗੇ ਲੁਧਿਆਣਾ ਦੇ ਨਵੇਂ ਨਗਰ ਨਿਗਮ ਕਮਿਸ਼ਨਰ

ਲੁਧਿਆਣਾ 23 ਜੂਨ। ਪੰਜਾਬ ਸਰਕਾਰ ਵੱਲੋਂ 4 ਮਹੀਨਿਆਂ ਵਿੱਚ ਹੀ ਨੀਰੂ ਕਤਿਆਲ ਦੀ ਛੁੱਟੀ ਕਰ ਦਿੱਤੀ ਗਈ ਹੈ, ਜਿਸ ਤਹਿਤ ਆਈ.ਏ.ਐਸ. ਅਫ਼ਸਰ ਓਜਸਵੀ ਨੂੰ ਨਵਾਂ ਨਗਰ ਨਿਗਮ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਜਨਵਰੀ ਦੌਰਾਨ ਨੀਰੂ ਕਤਿਆਲ ਨੂੰ ਲੁਧਿਆਣਾ ਦਾ ਚਾਰਜ ਦਿੱਤਾ ਗਿਆ ਸੀ ਪਰ 4 ਮਹੀਨਿਆਂ ਵਿੱਚ ਹੀ ਉਨ੍ਹਾਂ ਨੂੰ ਬਦਲਣ ਦਾ ਫ਼ੈਸਲਾ ਲੈ ਲਿਆ ਗਿਆ। ਹੁਣ ਗਲਾਡਾ ਚੀਫ਼ ਵਜੋਂ ਕੰਮ ਕਰ ਰਹੇ ਓਜਸਵੀ ਨੂੰ ਨਗਰ ਨਿਗਮ ਕਮਿਸ਼ਨਰ ਦੀ ਜ਼ਿੰਮੇਵਾਰੀ





ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਨੀਰੂ ਕਤਿਆਲ ਦੀ 4 ਮਹੀਨਿਆਂ ਵਿੱਚ ਹੀ ਹੋਈ ਟ?ਰਾਂਸਫਰ ਨੂੰ ਵਿਧਾਇਕਾਂ ਦੀ ਨਾਰਾਜ਼ਗੀ ਦੀ ਵਜ?ਹਾ ਮੰਨਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਵਿਧਾਇਕ ਪਹਿਲੇ ਦਿਨ ਤੋਂ ਹੀ ਬਤੌਰ ਕਮਿਸ਼ਨਰ ਉਨ੍ਹਾਂ ਦੀ ਵਰਕਿੰਗ ਤੋਂ ਸੰਤੁਸ਼ਟ ਨਹੀਂ ਸਨ। ਉਨ੍ਹਾਂ ਵੱਲੋਂ ਸਿਫ਼ਾਰਸ਼ ਨਾ ਮੰਨਣ ਤੋਂ ਇਲਾਵਾ ਵਿਕਾਸ ਕਾਰਜਾਂ ਦੇ ਟੈਂਡਰ ਲਗਾਉਣ ਜਾਂ ਵਰਕ ਆਰਡਰ ਜਾਰੀ ਕਰਨ ਤੋਂ ਬਾਅਦ ਸਾਈਟ 'ਤੇ ਕੰਮ ਸ਼ੁਰੂ ਹੋਣ ਵਿੱਚ ਹੋ ਰਹੀ ਦੇਰੀ ਨੂੰ ਲੈ ਕੇ ਲਗਾਤਾਰ ਚੰਡੀਗੜ੍ਹ ਤੋਂ ਲੈ ਕੇ ਦਿੱਲੀ ਤੱਕ ਸ਼ਿਕਾਇਤ ਕੀਤੀ ਜਾ ਰਹੀ ਸੀ। ਪਰ ਪਹਿਲਾਂ ਸੰਜੀਵ ਅਰੋੜਾ ਵੱਲੋਂ ਕਮਿਸ਼ਨਰ ਵਜੋਂ ਨੀਰੂ ਕਤਿਆਲ ਦੀ ਸਿਫ਼ਾਰਸ਼ ਕੀਤੀ ਗਈ ਸੀ ਪਰ ਹੁਣ ਈ.ਡੀ. ਵੱਲੋਂ ਉਨ੍ਹਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਵਿਧਾਇਕਾਂ ਨੇ ਇੱਕ ਵਾਰ ਫਿਰ ਜ਼ੋਰ ਲਗਾਇਆ ਤੇ ਉਹ ਆਪਣੀਆਂ ਕੋਸ਼ਿਸ਼ਾਂ ਵਿੱਚ ਸਫ਼ਲ ਹੋ ਗਏ, ਜਿਸ ਦੇ ਸੰਕੇਤ ਦੋ ਦਿਨ ਪਹਿਲਾਂ ਮੰਤਰੀ ਮੁੰਡੀਆਂ ਦੇ ਨਾਲ ਹਲਕਾ ਸੈਂਟਰਲ ਅਤੇ ਉੱਤਰੀ ਦੇ ਵਿਧਾਇਕਾਂ ਵੱਲੋਂ ਮੁੱਖ ਮੰਤਰੀ ਨਾਲ ਕੀਤੀ ਗਈ ਮੁਲਾਕਾਤ ਤੋਂ ਮਿਲ ਗਏ ਸਨ। 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਵੇਲੇ ਪ੍ਰਦੀਪ ਸਭਰਵਾਲ ਨਗਰ ਨਿਗਮ ਕਮਿਸ਼ਨਰ ਸਨ। ਉਨ੍ਹਾਂ ਦੀ ਜਗ?ਹਾ ਸ਼ੇਨਾ ਅਗਰਵਾਲ ਨੂੰ ਲਗਾਇਆ ਗਿਆ ਤੇ ਉਸ ਤੋਂ ਬਾਅਦ ਸੰਦੀਪ ਰਿਸ਼ੀ ਕਮਿਸ਼ਨਰ ਬਣ ਕੇ ਆਏ। ਫਿਰ ਆਦਿੱਤਿਆ ਨੂੰ ਨਗਰ ਨਿਗਮ ਕਮਿਸ਼ਨਰ ਬਣਾਇਆ ਗਿਆ ਤੇ ਉਨ੍ਹਾਂ ਦੀ ਟ?ਰਾਂਸਫਰ ਡੀ. ਸੀ. ਰੋਪੜ ਵਜੋਂ ਹੋਣ 'ਤੇ ਨੀਰੂ ਕਤਿਆਲ ਦੀ ਪੋਸਟਿੰਗ ਹੋਈ ਸੀ।

# ਪਿੰਡ ਅਵਾਨ ਘੋੜੇਸ਼ਾਹ ਵਿਖੇ ਪ੍ਰਵਾਸੀ ਮਜ਼ਦੂਰ ਦਾ ਸਾਂਢੂ ਹੀ ਨਿਕਲਿਆ ਕਾਤਲ

ਟਾਂਡਾ ਉੜਮੜ 23 ਜੂਨ। ਬੀਤੇ ਦਿਨ ਪਿੰਡ ਅਵਾਨ ਘੋੜੇਸ਼ਾਹ ਵਿਖੇ ਉੱਤਰ ਪ੍ਰਦੇਸ਼ ਨਾਲ ਸਬੰਧਤ ਪ੍ਰਵਾਸੀ ਮਜ਼ਦੂਰ ਪ੍ਰਦੇਸੀ ਦੇ ਕਤਲ ਦੀ ਗੁੱਥੀ ਪੁਲਸ ਨੇ ਸੁਲਝਾ ਲਈ ਹੈ।



ਪ੍ਰਵਾਸੀ ਮਜ਼ਦੂਰ ਦਾ ਕਤਲ ਉਸ ਦਾ ਹੀ ਸਾਂਢੂ ਨਿਕਲਿਆ ਹੈ, ਜਿਸ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਡੀ. ਐਸ. ਪੀ. ਦਵਿੰਦਰ ਸਿੰਘ ਬਾਜਵਾ ਅਤੇ ਥਾਣਾ ਮੁਖੀ ਟਾਂਡਾ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਪੁਲਸ ਨੇ ਪਿੰਡ ਵਾਸੀ ਸੁਖਵਿੰਦਰ ਸਿੰਘ ਪੁੱਤਰ ਫੁੰਮਣ ਸਿੰਘ ਦੇ ਬਿਆਨ ਦੇ ਆਧਾਰ 'ਤੇ ਕਤਲ ਕੀਤੇ ਗਏ ਪ੍ਰਵਾਸੀ ਮਜ਼ਦੂਰ ਪਰਦੇਸੀ ਪੁੱਤਰ ਰਾਜਵੰਤ ਵਾਸੀ ਸੋਨਬਰਸਾ (ਖੁਸ਼ੀ ਨਗਰ ) ਉੱਤਰ ਪ੍ਰਦੇਸ਼ ਦੇ ਸਾਂਢੂ ਅੰਕਿਤ ਪੁੱਤਰ ਰਾਜੂ ਯਾਦਵ ਵਾਸੀ ਰਾਏਪੁਰ (ਲਖੀਮਪੁਰ ਖੀਰੀ) ਯੂ. ਪੀ. ਖਿਲਾਫ ਕਤਲ ਦਾ ਮਾਮਲਾ ਦਰਜ ਕੀਤਾ ਹੈ। ਸੁਖਵਿੰਦਰ ਸਿੰਘ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨ ਵਿਚ ਦੱਸਿਆ ਕਿ ਅੰਕਿਤ ਜੋ ਪਹਿਲਾਂ ਭਦਾਸ ਰਹਿੰਦਾ ਸੀ ਹੁਣ ਕੁਝ ਦਿਨਾਂ ਤੋਂ ਉਨ੍ਹਾਂ ਦੇ ਪਿੰਡ ਰਹਿਣ ਲੱਗਾ ਸੀ। ਉਸ ਦਾ ਕੁਝ ਦਿਨ ਪਹਿਲਾਂ ਆਪਣੇ ਪਤਨੀ ਪੁਸ਼ਪਾ ਨਾਲ ਝਗੜਾ ਹੋਇਆ ਸੀ ਅਤੇ ਜਿਸ ਤੋਂ ਬਾਅਦ ਪਰਦੇਸੀ ਦੀ ਪਤਨੀ ਸੁਨੀਤਾ ਉਸ ਨੂੰ ਬੱਚਿਆਂ ਸਮੇਤ 5 ਦਿਨ ਪਹਿਲਾ ਯੂ. ਪੀ. ਛੱਡਣ ਚਲੇ ਗਈ ਸੀ। ਜਿਸ ਨੂੰ ਲੈ ਕੇ ਅੰਕਿਤ ਗੁੱਸੇ ਵਿਚ ਸੀ ਅਤੇ ਉਸ ਨੇ ਸੁਖਵਿੰਦਰ ਨੂੰ ਮਿਲਕੇ ਆਖਿਆ ਸੀ ਕਿ ਪਰਦੇਸੀ ਨੇ ਉਸ ਦਾ ਘਰ ਖਰਾਬ ਕਰ ਦਿੱਤਾ ਹੈ ਅਤੇ ਜੇਕਰ ਉਸ ਦੀ ਪਤਨੀ ਵਾਪਸ ਨਾ ਆਈ ਤਾਂ ਉਸ ਨੇ ਪਰਦੇਸੀ ਨੂੰ ਨਹੀਂ ਛੱਡਣਾ ਹੈ। ਬਾਅਦ ਵਿਚ ਪਰਦੇਸੀ ਦੀ ਲਾਸ਼ ਕਮਰੇ 'ਚੋਂ ਮਿਲੀ ਜਿਸ ਦੇ ਗਲੇ 'ਤੇ ਕੁਝ ਨਿਸ਼ਾਨ ਸਨ। ਇਸ ਦੌਰਾਨ ਪਿੰਡ ਵਾਸੀ ਕੁਲਵੰਤ ਸਿੰਘ ਨੇ ਸੁਖਵਿੰਦਰ ਨੂੰ ਦੱਸਿਆ ਕਿ ਉਸ ਨੇ 13 ਜੂਨ ਨੂੰ ਦੁਪਹਿਰ 12.30 ਵਜੇ ਅੰਕਿਤ ਨੂੰ ਐਲੀਮੈਂਟਰੀ ਸਕੂਲ 'ਚੋਂ ਤੇਜ਼ੀ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਨਿਕਲਦੇ ਵੇਖਿਆ ਹੈ। ਸੁਖਵਿੰਦਰ ਨੇ ਦੋਸ਼ ਲਾਇਆ ਕਿ ਅੰਕਿਤ ਨੇ ਹੀ ਪਰਦੇਸੀ ਦਾ ਗਲਾ ਘੁੱਟ ਕੇ ਕਤਲ ਕੀਤਾ ਹੈ। ਪੁਲਸ ਨੇ ਅੰਕਿਤ ਖਿਲਾਫ ਕਤਲ ਦਾ ਮਾਮਲਾ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਉਸ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# ਅਸੀਂ ਬੇਅਦਬੀ ਕਾਨੂੰਨ ਦੇ ਵਿਰੋਧੀ ਨਹੀਂ, ਸਗੋਂ ਭਰਮ ਤੇ ਗਲਤ ਪ੍ਰਾਵਧਾਨਾਂ ਦੇ ਖ਼ਿਲਾਫ਼ ਹਾਂ : ਗੁਰਚਰਨ ਸਿੰਘ ਗਰੇਵਾਲ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 23 ਜੂਨ। ਬੇਅਦਬੀ ਕਾਨੂੰਨ ਅਤੇ ਇਸ ਨਾਲ ਜੁੜੇ ਪ੍ਰਾਵਧਾਨਾਂ ਨੂੰ ਲੈ ਕੇ ਸਿੱਖ ਜਥੇਬੰਦੀਆਂ ਅਤੇ ਪੰਜਾਬ ਸਰਕਾਰ ਵਿਚਾਲੇ ਤਣਾਅ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਮੁੱਦੇ ਨੂੰ ਲੈ ਕੇ ਸਿੱਖ ਜਥੇਬੰਦੀਆਂ, ਪ੍ਰਬੰਧਕਾਂ ਅਤੇ ਧਾਰਮਿਕ ਆਗੂਆਂ ਵਿੱਚ ਗਹਿਰੀ ਚਿੰਤਾ ਦੇਖਣ ਨੂੰ ਮਿਲ ਰਹੀ ਹੈ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਕੌਮ ਕਿਸੇ ਵੀ ਅਜਿਹੇ ਕਾਨੂੰਨ ਦੇ ਵਿਰੋਧ ਵਿੱਚ ਨਹੀਂ ਹੈ, ਜਿਸ ਦਾ ਮਕਸਦ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਜ਼ਾ ਦਿਵਾਉਣਾ ਹੋਵੇ, ਪਰ ਮੌਜੂਦਾ ਕਾਨੂੰਨ ਨੂੰ ਲੈ ਕੇ ਸਮਾਜ ਵਿੱਚ ਭਰਮ ਅਤੇ ਅਸੰਤੁਸ਼ਟੀ ਪੈਦਾ ਹੋਈ ਹੈ। ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਸਰਕਾਰ ਦੀ ਨੀਅਤ ਅਤੇ ਕਾਨੂੰਨ ਨੂੰ ਲਾਗੂ ਕਰਨ ਦੇ ਤਰੀਕੇ ਨੂੰ ਲੈ ਕੇ ਕਈ ਸਵਾਲ ਖੜ੍ਹੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਬੇਅਦਬੀ ਵਰਗੇ ਸੰਵੇਦਨਸ਼ੀਲ ਮਾਮਲਿਆਂ ਨਾਲ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ ਅਤੇ ਅਜਿਹੇ ਮਾਮਲਿਆਂ ਵਿੱਚ ਜਲਦ ਅਤੇ ਨਿਰਪੱਖ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਕਈ



ਮਾਮਲਿਆਂ ਵਿੱਚ ਦੇਰੀ ਅਤੇ ਅਸਪਸ਼ਟਤਾ ਕਾਰਨ ਸਿੱਖ ਭਾਈਚਾਰੇ ਵਿੱਚ ਰੋਸ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਸ਼ਬਦ ਦੀ ਵਰਤੋਂ ਵੀ ਬਹੁਤ ਸੋਚ-ਸਮਝ ਕੇ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਹਰ ਘਟਨਾ ਨੂੰ ਬੇਅਦਬੀ ਨਹੀਂ ਕਿਹਾ ਜਾ ਸਕਦਾ। ਕਈ ਘਟਨਾਵਾਂ ਅਚਾਨਕ ਜਾਂ ਹਾਦਸੇ ਵਜੋਂ ਵੀ ਵਾਪਰ ਸਕਦੀਆਂ ਹਨ, ਇਸ ਲਈ ਤੱਥਾਂ ਦੀ ਜਾਂਚ ਤੋਂ ਬਾਅਦ ਹੀ ਕਿਸੇ ਨਤੀਜੇ 'ਤੇ ਪਹੁੰਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼ਬਦਾਂ ਦੇ ਹੇਰਫੇਰ ਨਾਲ ਸੰਗਤ ਦੇ ਮਨ ਵਿੱਚ ਭੰਬਲਭੂਸਾ ਪੈਦਾ ਕੀਤਾ ਜਾ ਰਿਹਾ ਹੈ, ਜਿਸ ਕਾਰਨ ਸਮਾਜ ਦੇ ਅੰਦਰ ਤਣਾਅ ਵਧ ਰਿਹਾ ਹੈ। ਐੱਸਜੀਪੀਸੀ ਮੈਂਬਰ ਨੇ ਕਿਹਾ ਕਿ ਸਿੱਖ ਸਮਾਜ ਦਾ ਵੱਡਾ ਵਰਗ ਇਸ ਪੂਰੇ ਘਟਨਾਕ੍ਰਮ ਨੂੰ ਲੈ ਕੇ ਚਿੰਤਤ ਹੈ ਅਤੇ ਹੁਣ ਸਾਰਿਆਂ ਦੀਆਂ ਨਜ਼ਰਾਂ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਲਏ ਜਾਣ ਵਾਲੇ ਫ਼ੈਸਲਿਆਂ 'ਤੇ ਟਿਕੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਧਾਰਮਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਧਰਮ ਅਤੇ ਪਰੰਪਰਾਵਾਂ ਨਾਲ ਜੁੜੇ ਮੁੱਦਿਆਂ ਦਾ ਹੱਲ ਆਪਸੀ ਸਹਿਮਤੀ ਅਤੇ ਸੰਵਾਦ ਰਾਹੀਂ ਹੀ ਸੰਭਵ ਹੈ। ਗੁਰਚਰਨ ਸਿੰਘ ਗਰੇਵਾਲ ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਵੀ ਉਠਾਇਆ ਅਤੇ ਕਿਹਾ ਕਿ ਉਨ੍ਹਾਂ ਦੀ ਰਿਹਾਈ ਲਈ ਹਰ ਮੰਚ 'ਤੇ ਅਰਦਾਸ ਅਤੇ ਸੰਘਰਸ਼ ਜਾਰੀ ਹੈ। ਉਨ੍ਹਾਂ ਉਮੀਦ ਜਤਾਈ ਕਿ ਸਰਕਾਰ ਜਲਦ ਹੀ ਕੋਈ ਸਕਾਰਾਤਮਕ ਕਦਮ ਚੁੱਕੇਗੀ, ਜਿਸ ਨਾਲ ਸਿੱਖ ਭਾਈਚਾਰੇ ਦੀਆਂ ਸ਼ੰਕਾਵਾਂ ਦੂਰ ਹੋਣਗੀਆਂ ਅਤੇ ਸਮਾਜ ਵਿੱਚ ਸ਼ਾਂਤੀ ਅਤੇ ਭਰੋਸੇ ਦਾ ਮਾਹੌਲ ਬਣੇਗਾ।

# ਆਧਾਰ ਕਾਰਡ ਦੀ ਹੋ ਰਹੀ .ਗਲਤ ਵਰਤੋਂ ! ਸੁਪਰੀਮ ਕੋਰਟ ਨੇ ਕੇਂਦਰ ਤੇ ਸੂਬਿਆਂ ਤੋਂ ਮੰਗਿਆ ਜਵਾਬ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 23 ਜੂਨ। ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕੇਂਦਰ ਅਤੇ ਸੂਬਿਆਂ ਤੋਂ ਉਸ ਪਟੀਸ਼ਨ 'ਤੇ ਜਵਾਬ ਮੰਗਿਆ, ਜਿਸ 'ਚ ਦੋਸ਼ ਲਗਾਇਆ ਗਿਆ ਹੈ ਕਿ 'ਯੂਨਿਕ ਆਈਡੈਂਟੀਫਿਕੇਸ਼ਨ ਅਥਾਰਟੀ ਆਫ਼ ਇੰਡੀਆ' ਵਲੋਂ ਜਾਰੀ ਆਧਾਰ ਕਾਰਡ ਦਾ ਇਸਤੇਮਾਲ ਨਾਗਰਿਕਤਾ, ਮੂਲ ਨਿਵਾਸ ਅਤੇ ਰਿਹਾਇਸ਼ੀ ਪਤੇ ਦੇ ਸਬੂਤ ਵਜੋਂ ਗਲਤ ਤਰੀਕੇ ਨਾਲ ਕੀਤਾ ਜਾ ਰਿਹਾ ਹੈ। ਪਟੀਸ਼ਨ 'ਚ ਮੰਗ ਕੀਤੀ ਗਈ ਹੈ ਕਿ ਇਸ ਦੇ ਇਸਤੇਮਾਲ ਨੂੰ ਸਿਰਫ਼ ਪਛਾਣ ਦੀ ਪੁਸ਼ਟੀ ਤੱਕ ਸੀਮਿਤ ਕਰਨ ਦੇ ਨਿਰਦੇਸ਼ ਦਿੱਤੇ ਜਾਣ। ਚੀਫ਼ ਜਸਟਿਸ ਸੂਰੀਆਕਾਂਤ ਅਤੇ ਜਸਟਿਵ ਵੀ. ਮੋਹਨਾ ਦੀ ਬੈਂਚ ਨੇ ਵਕੀਲ ਅਸ਼ਵਨੀ ਕੁਮਾਰ ਉਪਾਧਿਆਏ ਦੀ ਪਟੀਸ਼ਨ 'ਤੇ ਕੇਂਦਰ ਅਤੇ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਨੋਟਿਸ ਜਾਰੀ ਕੀਤਾ ਅਤੇ ਇਸ ਤਰ੍ਹਾਂ ਦੇ ਪੈਂਡਿੰਗ ਮਾਮਲਿਆਂ ਨਾਲ ਜੋੜ ਦਿੱਤਾ। ਪਟੀਸ਼ਨ 'ਚ ਕੇਂਦਰ, ਸੂਬਿਆਂ ਅਤੇ ਚੋਣ ਕਮਿਸ਼ਨ ਨੂੰ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ ਕਿ ਇਹ ਯਕੀਨੀ ਕੀਤਾ ਜਾਵੇ ਕਿ ਆਧਾਰ ਦਾ ਇਸਤੇਮਾਲ ਪਛਾਣ ਦੇ ਸਬੂਤ ਵਜੋਂ ਹੋਵੇ, ਨਾ ਕਿ ਨਾਗਰਿਕਤਾ, ਮੂਲ ਨਿਵਾਸ, ਪਤੇ ਅਤੇ ਜਨਮ ਤਰੀਕੇ ਵਜੋਂ। ਵਕੀਲ ਅਸ਼ਵਨੀ ਦੂਬੇ ਰਾਹੀਂ ਦਾਇਰ ਪਟੀਸ਼ਨ 'ਚ ਇਹ ਵੀ ਮੰਗ ਕੀਤੀ ਗਈ ਕਿ ਨਵੇਂ ਵੋਟਰ ਰਜਿਸਟਰੇਸ਼ਨ ਲਈ ਐਪਲੀਕੇਸ਼ਨ ਫਾਰਮ 'ਚ ਜਨਮ ਤਰੀਕ ਅਤੇ ਨਿਵਾਸ ਦੇ ਸਬੂਤ ਵਜੋਂ ਆਧਾਰ ਦੇ ਇਸਤੇਮਾਲ ਨੂੰ ਆਧਾਰ ਐਕਟ, 2016 ਦੀ ਧਾਰਾ 9, ਆਰਪੀਏ, 1950 ਦੀ ਧਾਰਾ 23 (4) ਅਤੇ ਸੰਵਿਧਾਨ ਦੀ




ਧਾਰਾ 14 ਦੀ ਉਲੰਘਣਾ ਮੰਨਿਆ ਜਾਵੇ। ਆਧਾਰ ਐਕਟ 2016 ਦੀ ਧਾਰਾ 9 'ਚ ਸਾਫ਼ ਤੌਰ 'ਤੇ ਕਿਹਾ ਗਿਆ ਹੈ ਕਿ 'ਆਧਾਰ ਨਾਗਰਿਤਾ ਜਾਂ ਮੂਲ ਨਿਵਾਸ ਦਾ ਸੂਬਤ ਨਹੀਂ ਹੈ।' ਯੂਆਈਡੀਏਆਈ ਦੇ 22 ਅਗਸਤ 2023 ਦੀ ਨੋਟੀਫਿਕੇਸ਼ਨ 'ਚ ਸਾਫ਼ ਕਿਹਾ ਗਿਆ ਹੈ ਕਿ 'ਆਧਾਰ ਪਛਾਣ ਦਾ ਸਬੂਤ ਹੈ, ਨਾ ਕਿ ਨਾਗਰਿਕਤਾ, ਪਤੇ ਜਾਂ ਜਨਮ ਤਰੀਕ ਦਾ...''। ਪਟੀਸ਼ਨ 'ਚ ਕਿਹਾ ਗਿਆ ਹੈ,''ਇਸ ਦੇ ਬਾਵਜੂਦ ਆਧਾਰ ਦਾ ਇਸਤੇਮਾਲ ਨਾ ਸਿਰਫ਼ ਸਕੂਲ 'ਚ ਦਾਖ਼ਲੇ, ਪ੍ਰਾਪਰਟੀ ਖਰੀਦਣ ਅਤੇ ਜਨਮ ਪ੍ਰਮਾਣ ਪੱਤਰ, ਰਾਸ਼ਨ ਕਾਰਡ, ਡਰਾਈਵਿੰਗ ਲਾਇਸੈਂਸ ਪਾਉਣ ਲਈ ਉਮਰ, ਨਾਗਰਿਕਤਾ ਅਤੇ ਮੂਲ ਨਿਵਾਸ ਦੇ ਸਬੂਤ ਵਜੋਂ ਕੀਤਾ ਜਾ ਰਿਹਾ ਹੈ, ਸਗੋਂ ਨਵੇਂ ਵੋਟਰ ਰਜਿਸਟਰੇਸ਼ਨ ਦੇ ਐਪਲੀਕੇਸ਼ਨ ਫਾਰਮ (ਫਾਰਮ-6) 'ਚ ਜਨਮ ਤਰੀਕ ਅਤੇ ਨਿਵਾਸ ਦੇ ਸਬੂਤ ਵਜੋਂ ਵੀ ਕੀਤਾ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਘੁਸਪੈਠੀਏ ਅਤੇ ਗੈਰ-ਪ੍ਰਵਾਸੀ ਆਧਾਰ ਦਾ ਇਸਤੇਮਾਲ ਕਰ ਕੇ ਕਈ ਤਰ੍ਹਾਂ ਦੇ ਦਸਤਾਵੇਜ਼ ਹਾਸਲ ਕਰ ਰਹੇ ਹਨ।'' ਪਟੀਸ਼ਨ 'ਚ ਤਰਕ ਦਿੱਤਾ ਗਿਆ ਹੈ ਕਿ ਫਾਰਮ-6 ਦੇ ਅਧੀਨ ਮੌਜੂਦਾ ਵੈਰੀਫਿਕੇਸ਼ਨ ਸਿਸਟਮ ਨਾਕਾਫ਼ੀ ਹੈ ਅਤੇ ਇਸ ਤੋਂ ਬਿਨਾਂ ਸਹੀ ਸਪੋਰਟਿੰਗ ਦਸਤਾਵੇਜ਼ ਵਾਲੇ ਲੋਕਾਂ ਨੂੰ ਵੋਟਰ ਡਾਟਾਬੇਸ 'ਚ ਸ਼ਾਮਲ ਕੀਤੇ ਜਾਣ ਦੀ ਸੰਭਾਵਨਾ ਹੋ ਸਕਦੀ ਹੈ। ਪਟੀਸ਼ਨ 'ਚ ਚੋਣ ਪ੍ਰਕਿਰਿਆਵਾਂ 'ਚ ਇਸਤੇਮਾਲ ਹੋਣ ਵਾਲੇ ਵੈਰੀਫਿਕੇਸ਼ਨ ਸਿਸਟਮ 'ਚ ਵੱਡੇ ਬਦਲਾਅ ਦੀ ਮੰਗ ਕੀਤੀ ਗਈ ਅਤੇ ਸੁਧਾਰਾਂ ਦੀ ਨਿਗਰਾਨੀ ਲਈ ਇਕ ਹਾਈ-ਪਾਵਰਡ ਮਾਨੀਟਰਿੰਗ ਕਮੇਟੀ ਬਣਾਉਣ ਦਾ ਪ੍ਰਸਤਾਵ ਦਿੱਤਾ ਗਿਆ, ਜਿਸ 'ਚ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਦੇ ਨਾਲ-ਨਾਲ ਸਾਈਬਰ ਸਕਿਓਰਿਟੀ ਅਤੇ ਫੋਰੈਂਸਿਕ ਮਾਹਿਰ ਸ਼ਾਮਲ ਹੋਣ।

# ਸਿਆਸੀ ਲੀਡਰ ਨੇ ਚੁੱਕ ਲਿਆ ਖ਼ੌਫ਼ਨਾਕ ਕਦਮ ! ਪਰਿਵਾਰ ਵੱਲੋਂ ਸਸਕਾਰ ਨਾ ਕਰਨ ਦੀ ਚੇਤਾਵਨੀ

ਬਰਨਾਲਾ 23 ਜੂਨ। ਨਗਰ ਕੌਂਸਲ ਬਰਨਾਲਾ ਦੇ ਸਾਬਕਾ ਕੌਂਸਲਰ ਜੱਗਾ ਸਿੰਘ ਵਾਸੀ ਸੰਧੂ ਪੱਤੀ ਬਰਨਾਲਾ ਨੇ ਅੱਜ ਤੜਕਸਾਰ ਹੀ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਤੜਕਸਾਰ 2 ਵਜੇ



ਵਾਪਰੀ ਇਸ ਘਟਨਾ ਦੀ ਖ਼ਬਰ ਫੈਲਦਿਆਂ ਹੀ ਸ਼ਹਿਰ ਦੇ ਸਿਆਸੀ ਅਤੇ ਵਪਾਰਕ ਹਲਕਿਆਂ ਵਿਚ ਸੋਗ ਦੀ ਲਹਿਰ ਦੌੜ ਗਈ ਹੈ। ਇਸ ਮਾਮਲੇ ਵਿਚ ਸਭ ਤੋਂ ਅਹਿਮ ਅਤੇ ਦਿਲ ਨੂੰ ਹਲੂਣਾ ਦੇਣ ਵਾਲਾ ਖੁਲਾਸਾ ਮ੍ਰਿਤਕ ਜੱਗਾ ਸਿੰਘ ਦੇ ਭਰਾ ਤੇ ਨਾਮਵਰ ਠੇਕੇਦਾਰ ਮਲਕੀਤ ਸਿੰਘ ਮੀਤਾ ਨੇ ਕੀਤਾ। ਉਨ੍ਹਾਂ ਦੱਸਿਆ ਕਿ ਜੱਗਾ ਸਿੰਘ ਨੇ ਮਰਨ ਤੋਂ ਪਹਿਲਾਂ ਇਕ ਸੁਸਾਈਡ ਨੋਟ ਲਿਖਿਆ ਸੀ। ਇਸ ਨੋਟ ਵਿਚ ਮ੍ਰਿਤਕ ਨੇ ਦੋ ਕਾਲੋਨਾਈਜ਼ਰਾਂ ਵੱਲੋਂ ਪਿਛਲੇ ਇਕ ਸਾਲ ਤੋਂ ਉਸ ਦੇ ਪੈਸੇ ਦੇਣ ਵਿਚ ਕੀਤੀ ਜਾ ਰਹੀ ਟਾਲ-ਮਟੋਲ ਦਾ ਜ਼ਿਕਰ ਕੀਤਾ ਹੈ। ਸੁਸਾਈਡ ਨੋਟ ਵਿਚ ਜੱਗਾ ਸਿੰਘ ਨੇ ਸਾਫ਼ ਸ਼ਬਦਾਂ ਵਿਚ ਲਿਖਿਆ ਕਿ ਉਹ ਇਨ੍ਹਾਂ ਦੋਵਾਂ ਕਲੋਨਾਈਜ਼ਰਾਂ ਦੇ ਧੋਖੇ ਤੋਂ ਤੰਗ ਆ ਕੇ ਇਹ ਕਦਮ ਚੁੱਕ ਰਿਹਾ ਹੈ। ਨੋਟ ਵਿਚ ਉਸ ਨੇ ਆਪਣੇ ਪਰਿਵਾਰਕ ਮੈਂਬਰਾਂ ਤੋਂ ਮੁਆਫ਼ੀ ਵੀ ਮੰਗੀ ਹੈ। ਮਲਕੀਤ ਸਿੰਘ ਮੀਤਾ ਨੇ ਦੁੱਖ ਅਤੇ ਰੋਹ ਨਾਲ ਭਰੀ ਆਵਾਜ਼ ਵਿਚ ਐਲਾਨ ਕੀਤਾ ਕਿ ਜਦੋਂ ਤੱਕ ਦੋਸ਼ੀ ਕਾਲੋਨਾਈਜ਼ਰਾਂ ਵਿਰੁੱਧ ਪੁਲਸ ਪਰਚਾ ਦਰਜ ਨਹੀਂ ਹੁੰਦਾ, ਉਦੋਂ ਤੱਕ ਪਰਿਵਾਰ ਜੱਗਾ ਸਿੰਘ ਦਾ ਸਸਕਾਰ ਨਹੀਂ ਕਰੇਗਾ। ਇਹ ਐਲਾਨ ਸਿਰਫ਼ ਇਕ ਪਰਿਵਾਰ ਦਾ ਦਰਦ ਨਹੀਂ, ਬਲਕਿ ਇਕ ਅਜਿਹੇ ਸਮਾਜ ਦੀ ਚੀਕ ਹੈ ਜਿੱਥੇ ਤਾਕਤਵਰ ਲੋਕ ਆਮ ਇਨਸਾਨ ਦੀ ਮਿਹਨਤ ਦਾ ਫਲ ਦੱਬ ਲੈਂਦੇ ਹਨ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਸਿਟੀ-1 ਬਰਨਾਲਾ ਦੀ ਪੁਲਸ ਮੌਕੇ 'ਤੇ ਪਹੁੰਚ ਗਈ। ਐਸ.ਐਚ.ਓ. ਇੰਸਪੈਕਟਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇਹ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ ਅਤੇ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਉਨ੍ਹਾਂ ਸਪੱਸ਼ਟ ਕਿਹਾ ਕਿ ਜੇਕਰ ਸੁਸਾਈਡ ਨੋਟ ਵਿਚੋਂ ਕਿਸੇ ਦੇ ਖ਼?ਲਾਫ਼ ਦੋਸ਼ ਸਾਬਤ ਹੁੰਦੇ ਹਨ ਤਾਂ ਦੋਸ਼ੀਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਸੜਕ ਹਾਦਸੇ ਦਾ ਸ਼ਿਕਾਰ ਹੋਏ ਅਗਨੀਵੀਰ ਦਾ ਸਰਕਾਰੀ ਸਨਮਾਨਾਂ ਨਾਲ ਹੋਇਆ ਸਸਕਾਰ

ਬਰੇਟਾ, 23 ਜੂਨ। ਨੇੜਲੇ ਪਿੰਡ ਮੰਡੇਰ ਦੇ ਨੌਜਵਾਨ ਫੌਜੀ ਬਲਬੀਰ ਸਿੰਘ ਦੀ ਸੜਕ ਹਾਦਸੇ ਵਿੱਚ ਮੌਤ ਹੋਣ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ ਬਲਬੀਰ ਸਿੰਘ ਪੁੱਤਰ ਰੂਪ ਸਿੰਘ ਵਾਸੀ ਪਿੰਡ ਮੰਡੇਰ ਛੁੱਟੀ ਕੱਟਣ ਲਈ ਪਿੰਡ ਆ ਰਿਹਾ ਸੀ, ਰਸਤੇ ਵਿੱਚ ਮਾਨਸਾ ਰੋਡ ਉੱਪਰ ਹੋਏ ਸੜਕ ਹਾਦਸੇ ਦੌਰਾਨ ਉਸਦੀ ਮੌਤ ਹੋ ਗਈ। ਬਲਬੀਰ ਸਿੰਘ ਅਗਨੀਵੀਰ ਯੋਜਨਾ ਦੇ ਪਹਿਲੇ ਬੈਚ ਦਾ ਜਵਾਨ ਸੀ ਅਤੇ ਭਾਰਤੀ ਫ਼ੌਜ ਦੀ 62 ਮੀਡੀਅਮ ਆਰਟਲਰੀ ਯੂਨਿਟ ਵਿੱਚ ਤਾਇਨਾਤ ਸੀ। ਅੰਤਿਮ ਸਸਕਾਰ ਮੌਕੇ 62 ਮੀਡੀਅਮ ਆਰਟਲਰੀ ਦੇ ਸੂਬੇਦਾਰ ਭਗਵੰਤ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਤੋਂ ਇਲਾਵਾ 15 ਆਰਮਡ ਰੈਜੀਮੈਂਟ ਦੇ ਕੈਪਟਨ ਪ੍ਰਕਾਸ਼ ਕੁਮਾਰ ਗਾਰਡ ਆਫ਼ ਆਨਰ ਦੀ ਅਗਵਾਈ ਲਈ ਮੌਕੇ 'ਤੇ ਹਾਜ਼ਰ ਹੋਏ। ਸਿਵਲ ਪ੍ਰਸ਼ਾਸਨ ਵੱਲੋਂ ਨਾਇਬ ਤਹਿਸੀਲਦਾਰ ਕੁਲਦੀਪ ਕੌਰ ਨੇ ਵੀ ਪਹੁੰਚ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਸ਼ਰਧਾਂਜਲੀ ਭੇਟ ਕੀਤੀ। ਭਾਰਤੀ ਫ਼ੌਜ ਵੱਲੋਂ ਬਲਬੀਰ ਸਿੰਘ ਨੂੰ ਪੂਰੇ ਫ਼ੌਜੀ ਸਨਮਾਨ ਨਾਲ ਗਾਰਡ ਆਫ਼ ਆਨਰ ਦਿੱਤਾ ਗਿਆ ਅਤੇ ਸਲਾਮੀ ਦੇ ਕੇ ਅੰਤਿਮ ਵਿਦਾਈ ਦਿੱਤੀ ਗਈ। ਅੰਤਿਮ ਯਾਤਰਾ ਦੌਰਾਨ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ। ਪੂਰੇ ਇਲਾਕਾ ਵਾਸੀਆਂ ਵੱਲੋਂ "ਸ਼ਹੀਦ ਬਲਬੀਰ ਸਿੰਘ ਅਮਰ ਰਹੇ , "ਭਾਰਤ ਮਾਤਾ ਕੀ ਜੈ"ਅਤੇ "ਜੈ ਹਿੰਦ"ਦੇ ਨਾਅਰਿਆਂ ਨਾਲ ਅਸਮਾਨ ਗੂੰਜ ਉੱਠਿਆ। ਇਸ ਦੁਖਦਾਈ ਘਟਨਾ ਦੀ ਖ਼ਬਰ ਨਾਲ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਬਲਬੀਰ ਸਿੰਘ ਆਪਣੇ ਪਿੱਛੇ ਬਜ਼ੁਰਗ ਮਾਤਾ-ਪਿਤਾ, ਇੱਕ ਭਰਾ ਅਤੇ ਇੱਕ ਭੈਣ ਛੱਡ ਗਏ ਹਨ। ਪਿੰਡ ਮੰਡੇਰ ਅਤੇ ਇਲਾਕਾ ਵਾਸੀਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਪਰਿਵਾਰ ਨੂੰ ਬਣਦੇ ਆਰਥਿਕ ਲਾਭ ਅਤੇ ਹੋਰ ਸਹਾਇਤਾ ਦਿੱਤੀ ਜਾਵੇ।

# ਹਾਈਕਮਾਨ ਨਾਲ ਮੀਟਿੰਗ ਮਗਰੋਂ ਸੁਖਜਿੰਦਰ ਰੰਧਾਵਾ ਦਾ ਵੱਡਾ ਬਿਆਨ

**ਕੌਮੀ ਪਤ੍ਰਿਕਾ**

ਚੰਡੀਗੜ੍ਹ/ਨਵੀਂ ਦਿੱਲੀ 23 ਜੂਨ। ਦਿੱਲੀ 'ਚ ਕਾਂਗਰਸ ਹਾਈਕਮਾਨ ਨਾਲ ਮੀਟਿੰਗ ਮਗਰੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਰੰਧਾਵਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਾਈਕਮਾਨ ਨਾਲ ਮੀਟਿੰਗ ਦੌਰਾਨ ਪੰਜਾਬ ਦੇ ਵੱਖ-ਵੱਖ ਗੰਭੀਰ ਮੁੱਦਿਆਂ ਨੂੰ ਲੈ ਕੇ ਵਿਚਾਰ-ਚਰਚਾ ਕੀਤੀ ਗਈ, ਜਿਸ 'ਚ ਗੈਂਗਸਟਰਵਾਦ ਦਾ ਮੁੱਦਾ ਵੀ ਸ਼ਾਮਲ ਹੈ। ਰੰਧਾਵਾ ਨੇ ਕਿਹਾ ਕਿ ਕਾਂਗਰਸ ਨੂੰ ਚੋਣਾਂ 'ਚ ਕਿਵੇਂ ਅੱਗੇ ਲੈ ਕੇ ਜਾਣਾ ਹੈ, ਇਸ ਨੂੰ ਲੈ ਕੇ ਵੀ ਚਰਚਾ ਕੀਤੀ ਗਈ। ਰੰਧਾਵਾ ਨੇ ਦੱਸਿਆ ਕਿ ਮੀਟਿੰਗ 'ਚ ਸੀਨੀਅਰ ਆਗੂਆਂ ਸਮੇਤ ਕਈ ਵਿਧਾਇਕ ਅਤੇ ਪਾਰਟੀ ਅਹੁਦੇਦਾਰ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਮੀਟਿੰਗ ਦੌਰਾਨ ਪੰਜਾਬ 'ਚ ਵੱਧ ਰਹੇ ਗੈਂਗਸਟਰਵਾਦ, ਭ੍ਰਿਸ਼ਟਾਚਾਰ ਅਤੇ ਭਗਵੰਤ ਮਾਨ ਸਰਕਾਰ ਦੀ ਕਾਰਗੁਜ਼ਾਰੀ ਨੂੰ ਲੈ ਕੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਤੋਂ ਇਲਾਵਾ ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਦੇ ਨਤੀਜਿਆਂ ਅਤੇ ਕਾਂਗਰਸ ਦੀ ਕਾਰਗੁਜ਼ਾਰੀ ਦੀ ਵੀ ਸਮੀਖਿਆ ਕੀਤੀ ਗਈ। ਉਨ੍ਹਾਂ ਕਿਹਾ ਕਿ ਪਾਰਟੀ ਆਗੂਆਂ ਨੂੰ ਵੱਖ-ਵੱਖ ਹਲਕਿਆਂ ਦੇ ਹਾਲਾਤ, ਲੋਕਾਂ ਦੇ ਮੁੱਖ ਮੁੱਦਿਆਂ ਅਤੇ ਵਰਕਰਾਂ ਦੀ ਰਾਏ ਬਾਰੇ ਪੁੱਛਿਆ ਗਿਆ। ਨਾਲ ਹੀ ਪਾਰਟੀ ਵਰਕਰਾਂ ਦੀ ਟ?ਰੇਨਿੰਗ ਅਤੇ ਸੰਗਠਨਾਤਮਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਵੀ ਵਿਚਾਰ ਕੀਤਾ ਗਿਆ। ਰਾਹੁਲ ਗਾਂਧੀ ਦੀ ਸੰਭਾਵਿਤ ਪੰਜਾਬ ਯਾਤਰਾ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ



ਰੰਧਾਵਾ ਨੇ ਕਿਹਾ ਕਿ ਮੀਟਿੰਗ 'ਚ ਕਿਸੇ ਬੱਸ ਯਾਤਰਾ ਜਾਂ ਖ਼ਾਸ ਪ੍ਰੋਗਰਾਮ ਬਾਰੇ ਕੋਈ ਚਰਚਾ ਨਹੀਂ ਹੋਈ। ਉਨ੍ਹਾਂ ਕਿਹਾ ਕਿ ਧਿਆਨ ਪੰਜਾਬ ਦੇ ਲੋਕਾਂ ਨਾਲ ਜੁੜੇ ਮੁੱਦਿਆਂ ਅਤੇ ਕਾਂਗਰਸ ਦੀ ਭਵਿੱਖੀ ਰਣਨੀਤੀ 'ਤੇ ਕੇਂਦਰਿਤ ਰਿਹਾ। ਇਸ ਦੌਰਾਨ ਰੰਧਾਵਾ ਨੇ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨਾਲ ਸਬੰਧਿਤ ਸਾਹਮਣੇ ਆਏ ਇੱਕ ਵਿਵਾਦਤ ਵੀਡੀਓ ਮਾਮਲੇ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਸੱਚਾਈ ਸਾਹਮਣੇ ਲਿਆਉਣ ਲਈ ਵੀਡੀਓ ਦੀ ਜਾਂਚ ਕੇਂਦਰੀ ਫਾਰੈਂਸਿਕ ਲੈਬ 'ਚ ਕਰਵਾਈ ਜਾਣੀ ਚਾਹੀਦੀ ਹੈ ਤਾਂ ਜੋ ਇਹ ਸਪੱਸ਼ਟ ਹੋ ਸਕੇ ਕਿ ਵੀਡੀਓ ਅਸਲੀ ਹੈ ਜਾਂ ਕਿਸੇ ਤਕਨੀਕੀ ਤਰੀਕੇ ਨਾਲ ਤਿਆਰ ਕੀਤੀ ਗਈ ਹੈ। ਰੰਧਾਵਾ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ ਭਗਵੰਤ ਮਾਨ ਇਸ ਮਾਮਲੇ ਵਿੱਚ ਬੇਕਸੂਰ ਹਨ ਤਾਂ ਉਨ੍ਹਾਂ ਨੂੰ ਖ਼ੁਦ ਸਾਹਮਣੇ ਆ ਕੇ ਆਪਣਾ ਪੱਖ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਸਰਕਾਰੀ ਬੁਲਾਰਿਆਂ ਦੇ ਬਿਆਨਾਂ ਨਾਲ ਮਾਮਲਾ ਖ਼ਤਮ ਨਹੀਂ ਹੁੰਦਾ ਅਤੇ ਲੋਕ ਸੱਚਾਈ ਜਾਣਨਾ ਚਾਹੁੰਦੇ ਹਨ। ਸਾਬਕਾ ਉਪ ਮੁੱਖ ਮੰਤਰੀ ਨੇ ਕਿਹਾ ਕਿ ਸਿੱਖ ਧਾਰਮਿਕ ਸੰਸਥਾਵਾਂ ਅਤੇ ਸਰਕਾਰ ਵਿਚਕਾਰ ਟਕਰਾਅ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਹਰ ਸਿੱਖ ਇਹੀ ਚਾਹੁੰਦਾ ਹੈ ਕਿ ਧਾਰਮਿਕ ਸੰਸਥਾਵਾਂ ਦੀ ਮਰਿਆਦਾ ਅਤੇ ਸਨਮਾਨ ਬਣਿਆ ਰਹੇ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਤੋਂ ਆਉਣ ਵਾਲੇ ਹੁਕਮਾਂ ਅਤੇ ਫ਼ੈਸਲਿਆਂ ਦਾ ਸਤਿਕਾਰ ਕਰਨਾ ਹਰ ਸਿੱਖ ਦਾ ਫਰਜ਼ ਹੈ। ਰੰਧਾਵਾ ਨੇ ਕਿਹਾ ਕਿ ਜੇਕਰ ਇਸ ਮਾਮਲੇ 'ਚ ਲਗਾਏ ਗਏ ਦੋਸ਼ ਗਲਤ ਸਾਬਤ ਹੁੰਦੇ ਹਨ ਤਾਂ ਇਸ ਨਾਲ ਸਿੱਖ ਕੌਮ ਦੀ ਸਾਖ ਨੂੰ ਠੇਸ ਪਹੁੰਚੇਗੀ, ਪਰ ਜੇਕਰ ਦੋਸ਼ ਸਹੀ ਨਿਕਲਦੇ ਹਨ ਤਾਂ ਮੁੱਖ ਮੰਤਰੀ ਨੂੰ ਆਪਣੀ ਸਫ਼ਾਈ ਦੇਣੀ ਪਵੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੱਚਾਈ ਸਾਹਮਣੇ ਆਉਣੀ ਬਹੁਤ ਜ਼ਰੂਰੀ ਹੈ ਅਤੇ ਇਸ ਲਈ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ।

## ਅਸਾਮ 'ਚ ਜਲਦੀ ਹੀ ਸ਼ੁਰੂ ਹੋਵੇਗੀ ਡਰੋਨ ਨਾਲ ਚੱਲਣ ਵਾਲੀ ਡਾਕ ਸੇਵਾ !

ਨੈਸ਼ਨਲ ਡੈਸਕ 23 ਜੂਨ। ਅਸਾਮ 'ਚ ਜਲਦੀ ਹੀ ਡਰੋਨ ਨਾਲ ਚੱਲਣ ਵਾਲੀਆਂ ਡਾਕ ਸੇਵਾਵਾਂ ਸ਼ੁਰੂ ਕੀਤੀਆਂ ਜਾਣਗੀਆਂ। ਇਹ ਜਾਣਕਾਰੀ ਅਧਿਕਾਰਤ ਸੂਤਰਾਂ ਨੇ ਸੋਮਵਾਰ ਦਿੱਤੀ। ਇਹ ਸੇਵਾ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਨੂੰ ਵਾਤਾਵਰਣ-ਅਨੁਕੂਲ ਕਾਰਜਾਂ ਨਾਲ ਜੋੜਨ ਵਿੱਚ ਮਦਦ ਕਰੇਗੀ। ਮੁੱਖ ਮੰਤਰੀ ਦਫ਼ਤਰ ਨੇ ✓ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਅਸਾਮ ਵਿੱਚ ਲੌਜਿਸਟਿਕਸ ਦਾ ਇੱਕ ਨਵਾਂ ਯੁੱਗ ਸ਼ੁਰੂ ਹੋ ਰਿਹਾ ਹੈ। ਡਰੋਨ ਨਾਲ ਚੱਲਣ ਵਾਲੀਆਂ ਡਾਕ ਸੇਵਾਵਾਂ ਦੂਰ-ਦੁਰਾਡੇ ਦੇ ਖੇਤਰਾਂ ਨੂੰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਤੇਜ਼ੀ ਨਾਲ ਜੋੜਨਗੀਆਂ ਤੇ ਮਿੰਟਾਂ ਵਿੱਚ ਸੇਵਾਵਾਂ ਪ੍ਰਦਾਨ ਕਰਨਗੀਆਂ। ਪੋਸਟ 'ਚ ਕਿਹਾ ਗਿਆ ਕਿ ਇਹ ਸੇਵਾ ਅਸਲ-ਸਮੇਂ ਦੀ ਨਿਗਰਾਨੀ ਅਤੇ ਵਾਤਾਵਰਣ-ਅਨੁਕੂਲ ਕਾਰਜਾਂ ਨਾਲ ਕੰਮ ਕਰੇਗੀ। ਡਿਲੀਵਰੀ ਸਮਾਂ ਦੋ ਘੰਟਿਆਂ ਤੋਂ ਘਟਾ ਕੇ ਸਿਰਫ਼ ਸੱਤ ਮਿੰਟ ਕਰ ਦਿੱਤਾ ਜਾਵੇਗਾ, ਜੋ ਕਿ ਰਾਜ ਦੇ ਪੇਂਡੂ ਹਿੱਸਿਆਂ ਨੂੰ ਜੋੜਦਾ ਹੈ।